29-DEC-PAGE-1.qxd 12/28/2023 10:23 PM Page 1

ਸ਼ੁੱਕਰਵਾਰ, 29 ਦਸੰਬਰ, 2023
14 ਪੋਹ { ਨਾਨਕਸ਼ਾਹੀ 555 / ਬਿਕ੍ਰਮੀ 2080
ਜਿਲਦ/VOL. : 72
ਅੰਕ/NO. : 209

# ਨਵਾਂ ਜ਼ਮਾਨਾ

DAILY NAWAN ZAMANA • FRIDAY, 29 DECEMBER, 2023 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਕਤਰ 'ਚ 8 ਭਾਰਤੀਆਂ ਨੂੰ ਮੌਤ ਦੀ ਸਜ਼ਾ ਤੋਂ ਰਾਹਤ

**ਨਵੀਂ ਦਿੱਲੀ** : ਕਤਰ 'ਚ ਇਜ਼ਰਾਈਲ ਲਈ ਜਾਸੂਸੀ ਕਰਨ ਦੇ ਦੋਸ਼ ਵਿਚ 8 ਭਾਰਤੀ ਮਲਾਹਾਂ ਦੀ ਮੌਤ ਦੀ ਸਜ਼ਾ ਨੂੰ ਘਟਾ ਦਿੱਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਸ ਮਾਮਲੇ ਦੀ ਕਾਰਵਾਈ ਗੁਪਤ ਅਤੇ ਸੰਵੇਦਨਸ਼ੀਲ ਹੋਣ ਕਾਰਨ ਇਸ ਸਮੇਂ ਕੋਈ ਹੋਰ ਟਿੱਪਣੀ ਕਰਨਾ ਉਚਿਤ ਨਹੀਂ ਹੋਵੇਗਾ। ਇਹ ਸਾਰੇ ਭਾਰਤੀ ਜਲ ਸੈਨਾ ਤੋਂ ਸੇਵਾਮੁਕਤ ਹੋਏ ਸਨ ਅਤੇ ਦੋਹਾ 'ਚ ਅਲ-ਦਾਹਰਾ ਕੰਪਨੀ ਲਈ ਕੰਮ ਕਰਦੇ ਸਨ। ਇਨ੍ਹਾਂ ਸਾਰਿਆਂ 'ਤੇ ਇਜ਼ਰਾਈਲ ਲਈ ਕਤਰ ਦੇ ਪਣਡੁੱਬੀ ਪ੍ਰਾਜੈਕਟ ਨਾਲ ਜੁੜੀ ਜਾਣਕਾਰੀ ਚੋਰੀ ਕਰਨ ਦਾ ਦੋਸ਼ ਸੀ।

## ਪੋਲੀਗ੍ਰਾਫ ਟੈਸਟ ਦੀ ਆਗਿਆ ਮੰਗੀ

**ਨਵੀਂ ਦਿੱਲੀ** : ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਵੀਰਵਾਰ ਪਟਿਆਲਾ ਹਾਊਸ ਕੋਰਟ 'ਚ ਅਰਜ਼ੀ ਦਾਇਰ ਕਰਕੇ ਸੰਸਦ ਸੁਰੱਖਿਆ ਸੰਨ੍ਹ ਮਾਮਲੇ 'ਚ ਗ੍ਰਿਫਤਾਰ ਕੀਤੇ ਸਾਰੇ ਮੁਲਜ਼ਮਾਂ ਦਾ ਪੋਲੀਗ੍ਰਾਫ ਟੈਸਟ ਕਰਵਾਉਣ ਦੀ ਇਜਾਜ਼ਤ ਮੰਗੀ। ਐਡੀਸ਼ਨਲ ਸੈਸ਼ਨ ਜੱਜ ਡਾ. ਹਰਦੀਪ ਕੌਰ ਨੇ ਮਾਮਲੇ ਦੀ ਸੁਣਵਾਈ 2 ਜਨਵਰੀ ਲਈ ਮੁਲਤਵੀ ਕਰ ਦਿੱਤੀ। ਪਟੀਸ਼ਨ ਦੀ ਸੁਣਵਾਈ ਦੌਰਾਨ ਗ੍ਰਿਫਤਾਰ ਕੀਤੇ ਗਏ ਸਾਰੇ ਛੇ ਮੁਲਜ਼ਮਾਂ ਨੂੰ ਵੀ ਅਦਾਲਤ 'ਚ ਪੇਸ਼ ਕੀਤਾ ਗਿਆ।

## ਅੱਧੀ ਦਰਜਨ ਹਵਾਈ ਅੱਡਿਆਂ 'ਚ ਧਮਾਕਿਆਂ ਦੀ ਧਮਕੀ

**ਜੈਪੁਰ** : ਦਿੱਲੀ ਅਤੇ ਜੈਪੁਰ ਸਮੇਤ ਅੱਧੀ ਦਰਜਨ ਤੋਂ ਵੱਧ ਹਵਾਈ ਅੱਡਿਆਂ ਦੇ ਡਾਇਰੈਕਟਰਾਂ ਨੂੰ ਹਵਾਈ ਅੱਡੇ ਅਤੇ ਜਹਾਜ਼ਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਵਾਲੀਆਂ ਈਮੇਲਾਂ ਪ੍ਰਾਪਤ ਹੋਈਆਂ ਹਨ। ਬੁੱਧਵਾਰ ਰਾਤ ਕਰੀਬ 10:23 ਵਜੇ ਈਮੇਲ ਆਈ, ਜਿਸ 'ਚ ਦਾਅਵਾ ਕੀਤਾ ਗਿਆ ਕਿ ਦਿੱਲੀ, ਜੈਪੁਰ, ਲਖਨਊ, ਚੰਡੀਗੜ੍ਹ, ਮੁੰਬਈ, ਚੇਨਈ ਅਤੇ ਅਹਿਮਦਾਬਾਦ ਹਵਾਈ ਅੱਡਿਆਂ 'ਤੇ ਬੰਬ ਧਮਾਕੇ ਕੀਤੇ ਜਾਣਗੇ। ਅਧਿਕਾਰਤ ਕਸਟਮਰ ਕੇਅਰ ਆਈ ਡੀ 'ਤੇ ਧਮਕੀ ਭਰੀ ਈਮੇਲ ਮਿਲਣ ਤੋਂ ਬਾਅਦ ਜੈਪੁਰ ਹਵਾਈ ਅੱਡੇ 'ਤੇ ਦਹਿਸ਼ਤ ਫੈਲ ਗਈ। ਸੀ ਆਈ ਐੱਸ ਐੱਫ ਅਤੇ ਪੁਲਸ ਨੇ ਜਾਂਚ ਸ਼ੁਰੂ ਕੀਤੀ, ਪਰ ਕੋਈ ਸ਼ੱਕੀ ਵਸਤੂ ਨਹੀਂ ਮਿਲੀ।

## ਦਿੱਲੀ ਦੀ ਝਾਕੀ ਵੀ ਰੱਦ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਨੇ ਵੀਰਵਾਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਸਿਆਸੀ ਚਾਲ ਤਹਿਤ ਗਣਤੰਤਰ ਦਿਵਸ ਦੀ ਪਰੇਡ 'ਚ ਦਿੱਲੀ ਸਰਕਾਰ ਦੀ ਝਾਕੀ ਨੂੰ ਸ਼ਾਮਲ ਨਾ ਕਰਨ ਦਾ ਦੋਸ਼ ਲਗਾਇਆ ਹੈ। ਪਾਰਟੀ ਨੇ ਦਾਅਵਾ ਕੀਤਾ ਕਿ ਅਜਿਹਾ ਦਿੱਲੀ ਸਰਕਾਰ ਦੀ ਸਿਹਤ ਅਤੇ ਸਿੱਖਿਆ ਦੇ ਮਾਡਲ ਨੂੰ ਦਿਖਾਉਣ ਦੀ ਯੋਜਨਾ ਨੂੰ ਨਾਕਾਮ ਕਰਨ ਲਈ ਕੀਤਾ ਗਿਆ ਹੈ। ਪਾਰਟੀ ਦੀ ਕੌਮੀ ਤਰਜਮਾਨ ਪ੍ਰਿਅੰਕਾ ਕੱਕੜ ਨੇ ਕਿਹਾ ਕਿ ਝਾਕੀ ਨੂੰ ਸ਼ਾਮਲ ਨਾ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਕੇਂਦਰ ਸਰਕਾਰ ਨੇ ਪੰਜਾਬ ਦੀ ਝਾਕੀ ਨੂੰ ਵੀ ਸ਼ਾਮਲ ਨਹੀਂ ਕੀਤਾ ਹੈ।

# ਲਿੰਕ ਨਹਿਰ 'ਤੇ ਗੱਲਬਾਤ ਫਿਰ ਬੇਨਤੀਜਾ



**ਚੰਡੀਗੜ੍ਹ** : ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਦੀ ਅਗਵਾਈ ਵਿਚ ਵੀਰਵਾਰ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਕਰੀਬ ਇੱਕ ਘੰਟਾ ਚੱਲੀ ਮੀਟਿੰਗ ਬਿਨਾਂ ਕਿਸੇ ਨਤੀਜੇ ਦੇ ਖਤਮ ਹੋਈ। ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਸਮੇਤ ਦੋਵਾਂ ਰਾਜਾਂ ਦੇ ਵਿਭਾਗੀ ਅਧਿਕਾਰੀ ਵੀ ਹਾਜ਼ਰ ਰਹੇ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਮਾਨ ਨੇ ਮੀਡੀਆ ਨੂੰ ਦੱਸਿਆ ਕਿ ਉਹ ਐਸ ਵਾਈ ਐਲ 'ਤੇ ਆਪਣੇ ਪੁਰਾਣੇ ਸਟੈਂਡ 'ਤੇ ਕਾਇਮ ਹਨ। ਪੰਜਾਬ ਕੋਲ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ, ਇਸ ਲਈ ਨਹਿਰ ਕਿਉਂ ਬਣਾਈ ਜਾਵੇ।

ਉਨ੍ਹਾ ਕਿਹਾ ਕਿ ਪੰਜਾਬ ਦਾ 70 ਫੀਸਦੀ ਹਿੱਸਾ 'ਡਾਰਕ ਜ਼ੋਨ' 'ਚ ਜਾ ਚੁੱਕਾ ਹੈ, ਜਿਸ ਨੂੰ ਕੇਂਦਰੀ ਮੰਤਰੀ ਨੇ ਵੀ ਮੰਨਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਤਲੁਜ ਦਰਿਆ ਹੁਣ ਇੱਕ ਨਾਲਾ ਬਣ ਚੁੱਕਿਆ ਹੈ, ਇਸ ਲਈ ਜਦੋਂ ਪੰਜਾਬ ਕੋਲ ਪਾਣੀ ਹੈ ਹੀ ਨਹੀਂ ਤਾਂ ਉਹ ਦੇਣਗੇ ਕਿੱਥੋਂ। ਉਨ੍ਹਾ ਕਿਹਾ ਕਿ ਹੁਣ ਉਹ 4 ਜਨਵਰੀ ਨੂੰ ਹੀ ਅਦਾਲਤ 'ਚ ਪੰਜਾਬ ਦਾ ਪੱਖ ਰੱਖਣਗੇ। ਦੋਵਾਂ ਮੁੱਖ ਮੰਤਰੀਆਂ ਵਿਚਾਲੇ ਇਹ ਤੀਜੀ ਮੀਟਿੰਗ ਸੀ, ਜੋ ਬੇਨਤੀਜਾ ਰਹੀ। ਇਸ ਤੋਂ ਪਹਿਲਾਂ 14 ਅਕਤੂਬਰ 2022 ਅਤੇ 4 ਜਨਵਰੀ 2023 ਨੂੰ ਮੀਟਿੰਗ ਹੋਈ ਸੀ। 4 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਸਤਲੁਜ-ਯਮੁਨਾ ਲਿੰਕ ਨਹਿਰ ਨਿਰਮਾਣ ਮਾਮਲੇ 'ਚ ਪੰਜਾਬ ਵੱਲੋਂ ਆਪਣੇ ਹਿੱਸੇ ਦਾ ਨਿਰਮਾਣ ਨਾ ਕਰਵਾਏ ਜਾਣ 'ਤੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਪੰਜਾਬ ਨੂੰ ਕਿਹਾ ਸੀ ਕਿ ਇਸ ਦਾ ਹੱਲ ਕੱਢੋ ਨਹੀਂ ਤਾਂ ਕੋਰਟ ਨੂੰ ਕੁਝ ਕਰਨਾ ਪਵੇਗਾ। ਕੋਰਟ ਨੇ ਕੇਂਦਰ ਸਰਕਾਰ ਨੂੰ ਵੀ ਕਿਹਾ ਕਿ ਉਹ ਪੰਜਾਬ ਦੇ ਹਿੱਸੇ 'ਚ ਆਉਣ ਵਾਲੇ ਪ੍ਰਾਜੈਕਟ ਲਈ ਵੰਡੀ ਗਈ ਜ਼ਮੀਨ ਦਾ ਸਰਵੇ ਕਰੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਜ਼ਮੀਨ ਰਿਜ਼ਰਵ ਹੈ। ਕੋਰਟ ਨੇ ਕੇਂਦਰ ਸਰਕਾਰ ਨੂੰ ਇਹ ਵੀ ਕਿਹਾ ਕਿ ਉਹ ਹਰਿਆਣਾ ਤੇ ਪੰਜਾਬ ਵਿਚਾਲੇ ਨਹਿਰ ਦੇ ਨਿਰਮਾਣ ਨੂੰ ਲੈ ਕੇ ਚੱਲ ਰਹੇ ਵਿਵਾਦ ਦਾ ਹੱਲ ਕੱਢਣ ਲਈ ਸਾਲਸੀ ਪ੍ਰਕਿਰਿਆ ਨੂੰ ਸਰਗਰਮ ਢੰਗ ਨਾਲ ਅੱਗੇ ਵਧਾਏ।

# ਆਜ਼ਾਦੀ ਸੰਗਰਾਮ 'ਚ ਕਾਮਰੇਡਾਂ ਨੇ ਸਭ ਤੋਂ ਵੱਧ ਜੇਲ੍ਹਾਂ ਕੱਟੀਆਂ : ਅਰਸ਼ੀ




**ਮਲੋਟ** : ਸੀ ਪੀ ਆਈ ਦੇ ਬੈਨਰਾਂ ਅਤੇ ਝੰਡਿਆਂ ਨਾਲ ਸਜੇ ਐਡਵਰਡਗੰਜ ਗੈੱਸਟ ਹਾਊਸ ਮਲੋਟ ਵਿਖੇ ਪਾਰਟੀ ਦਾ ਸਥਾਪਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਵਿਚ ਹਰਦੇਵ ਅਰਸ਼ੀ ਸਾਬਕਾ ਐੱਮ ਐੱਲ ਏ, ਗੁਲਜ਼ਾਰ ਗੋਰੀਆ ਕੌਮੀ ਸਕੱਤਰ ਆਲ ਇੰਡੀਆ ਖੇਤ ਮਜ਼ਦੂਰ ਸਭਾ, ਦੇਵੀ ਕੁਮਾਰੀ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ ਅਤੇ ਸੂਬਾ ਕੌਂਸਲ ਮੈਂਬਰ ਸੀ ਪੀ ਆਈ ਪੰਜਾਬ ਵਿਸ਼ੇਸ਼ ਤੌਰ 'ਤੇ ਪੁੱਜੇ। ਰਿਟਾਇਰਡ ਪ੍ਰੋਫੈਸਰ ਯਸ਼ਪਾਲ ਮੱਕੜ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਜਗਜੀਤ ਸਿੰਘ ਅਤੇ ਹਰਫੂਲ ਦੇ ਇਨਕਲਾਬੀ ਗੀਤਾ ਨਾਲ ਹੋਈ। ਐਡਵੋਕੇਟ ਸੁਦਰਸ਼ਨ ਜੱਗਾ ਬਲਾਕ ਸਕੱਤਰ ਸੀ ਪੀ ਆਈ ਨੇ ਆਏ ਹੋਏ ਮਹਿਮਾਨਾ ਅਤੇ ਪਾਰਟੀ ਮੈਂਬਰਾਂ ਦਾ ਸਵਾਗਤ ਕੀਤਾ। ਸੁਦੇਸ਼ ਕੁਮਾਰੀ, ਪ੍ਰੇਮ ਕੁਮਾਰੀ, ਸਵਰਨ ਸਿੰਘ, ਰੋਸ਼ਨ ਸਿੰਘ ਆਲਮਵਾਲਾ, ਰਸ਼ਪਾਲ ਸਿੰਘ ਕੱਟਿਆਂਵਾਲੀ, ਹਰੀ ਰਾਮ ਸ਼ੇਰਗੜ੍ਹ, ਰਜਿਆ ਰਾਮ ਛਾਪਿਆਂਵਾਲੀ, ਪ੍ਰਵੀਨ ਰਾਣੀ, ਸੁਨੀਲ ਕੁਮਾਰ, ਗੁਰਬਿੰਦਰ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਨਾਨਕ ਚੰਦ ਬਜਾਜ, ਪ੍ਰਧਾਨ ਮਹਿੰਗਾ ਰਾਮ, ਮੰਗਾ ਸਿੰਘ, ਗੁਰਜੰਟ ਸਿੰਘ, ਪ੍ਰੀਤਮ ਸਿੰਘ, ਗੁਰਮੁਖ ਸਿੰਘ, ਹਰਬੰਸ ਸਿੰਘ, ਪ੍ਰਮਜੀਤ ਸਿੰਘ ਤੇ ਦਿਲਬਾਗ ਸਿੰਘ ਦੀ ਅਗਵਾਈ ਵਿਚ ਵੱਖ-ਵੱਖ ਪਿੰਡਾ 'ਚੋਂ ਸੈਕੜਿਆਂ ਦੀ ਗਿਣਤੀ ਪਾਰਟੀ ਮੈਂਬਰ ਪਹੁੰਚੇ। ਹਰਦੇਵ ਅਰਸ਼ੀ ਨੇ ਪਾਰਟੀ ਦੀ ਸਥਾਪਨਾ ਵੇਲੇ ਦੇ ਹਾਲਾਤ ਤੋਂ ਲੈ ਕੇ ਹੁਣ ਤੱਕ ਦੇ ਹਾਲਾਤ ਬਾਰੇ ਚਾਣਨਾ ਪਾਇਆ। ਵੱਖ-ਵੱਖ ਸਮਿਆਂ ਵਿਚ ਪਾਰਟੀ ਦੇ ਲਏ ਸਹੀ ਸਟੈਂਡ ਅਤੇ ਕੀਤੀਆਂ ਗਲਤੀਆਂ ਬਾਰੇ ਵੀ ਜਾਣੂ ਕਰਵਾਇਆ। ਅਰਸ਼ੀ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਵਿਚ ਪਾਰਟੀ ਕਾਮਰੇਡਾਂ ਵੱਲੋਂ ਕੱਟੀਆਂ ਜੇਲ੍ਹਾਂ ਦੀ ਗਿਣਤੀ 4000 ਸਾਲ ਤੋਂ ਵੱਧ ਹੈ, ਜੋ ਆਜ਼ਾਦੀ ਘੋਲ ਵਿਚ ਕਿਸੇ ਵੀ ਸਿਆਸੀ ਪਾਰਟੀ ਨਾਲੋਂ ਸਭ ਤੋਂ ਵੱਧ ਹੈ।

ਸਮਾਗਮ ਨੂੰ ਗੁਲਜ਼ਾਰ ਗੋਰੀਆ, ਦੇਵੀ ਕੁਮਾਰੀ, ਸੁਦੇਸ਼ ਕੁਮਾਰੀ ਤੇ ਪ੍ਰੇਮ ਰਾਣੀ ਨੇ ਵੀ ਸੰਬੋਧਨ ਕੀਤਾ। ਬੁਲਾਰਿਆਂ ਦੱਸਿਆ ਕਿ ਕਮਿਊਨਿਸਟ ਪਾਰਟੀ ਆਪਣੀ ਸਥਾਪਣਾ ਤੋਂ ਲੈ ਕੇ ਭਾਰਤ ਵਿਚ ਇੱਕ ਪ੍ਰਭਾਵਸ਼ਾਲੀ ਸਿਆਸੀ ਪਾਰਟੀ ਰਹੀ ਹੈ, ਜੋ ਖੱਬੇ-ਪੱਖੀ

● ਬਾਕੀ ਸਫ਼ਾ 2 'ਤੇ

## ਤਾਮਿਲਨਾਡੂ 'ਚ ਨਵੇਂ ਬਦਲ ਦੀ ਆਸ ਜਗਾਉਣ ਵਾਲੇ ਵਿਜੈਕਾਂਤ ਦਾ ਦੇਹਾਂਤ



**ਚੇਨਈ** : ਉੱਘੇ ਤਮਿਲ ਅਭਿਨੇਤਾ ਤੇ ਦੇਸੀਆ ਮੁਰਪੋਕੂ ਦ੍ਰਵਿੜ ਕੜਗਮ (ਡੀ ਐੱਮ ਡੀ ਕੇ) ਦੇ ਬਾਨੀ ਨੇਤਾ ਵਿਜੈਕਾਂਤ (71) ਦਾ ਵੀਰਵਾਰ ਇੱਥੇ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ ਨਮੂਨੀਏ ਕਾਰਨ ਵੈਂਟੀਲੇਟਰ 'ਤੇ ਸੀ। ਉਸ ਨੇ ਆਪਣੇ ਪ੍ਰਸੰਸਕਾਂ ਤੇ ਲੋਕਾਂ ਵਿਚ ਡੀ ਐੱਮ ਕੇ ਤੇ ਅੰਨਾ ਡੀ ਐੱਮ ਕੇ ਦੇ ਅਸਲ ਬਦਲ ਦੀ ਆਸ ਜਗਾਈ ਸੀ। ਦਰਿਆਦਿਲੀ ਕਰਕੇ ਉਸ ਨੂੰ ਪ੍ਰਸੰਸਕ 'ਕਰੁੱਪੂ ਐੱਮ ਜੀ ਆਰ' (ਕਾਲਾ ਐੱਮ ਜੀ ਆਰ) ਕਹਿੰਦੇ ਸਨ। ਸਿਹਤ ਠੀਕ ਨਾ ਹੋਣ ਕਾਰਨ ਉਹ ਪਿਛਲੇ ਚਾਰ-ਪੰਜ ਸਾਲਾਂ ਤੋਂ ਗੈਰਸਰਗਰਮ ਸੀ ਤੇ ਉਸ ਨੇ 14 ਦਸੰਬਰ ਨੂੰ ਪਤਨੀ ਪ੍ਰੇਮਲਤਾ ਨੂੰ ਪਾਰਟੀ ਦਾ ਜਨਰਲ ਸਕੱਤਰ ਐਲਾਨ ਦਿੱਤਾ ਸੀ।

# ਦੋ ਵਿਚਾਰਧਾਰਾਵਾਂ ਦੀ ਲੜਾਈ : ਰਾਹੁਲ

**ਨਾਗਪੁਰ** : ਕਾਂਗਰਸ ਦੇ 139ਵੇਂ ਸਥਾਪਨਾ ਦਿਵਸ 'ਤੇ ਵੀਰਵਾਰ ਇੱਥੇ 'ਹੈਂ ਤਿਆਰ ਹਮ' ਰੈਲੀ ਵਿਚ ਰਾਹੁਲ ਗਾਂਧੀ ਨੇ ਕਿਹਾ ਕਿ ਦੇਸ਼ ਵਿਚ ਦੋ ਵਿਚਾਰਧਾਰਾਵਾਂ ਦੀ ਲੜਾਈ ਚੱਲ ਰਹੀ ਹੈ। ਇਹ ਲੜਾਈ ਨਾਗਪੁਰ ਤੋਂ ਸ਼ੁਰੂ ਹੋਈ ਸੀ। ਦੇਖਣ ਵਿਚ ਕਹਿ ਸਕਦੇ ਹਾਂ ਕਿ ਲੜਾਈ ਸਿਆਸੀ ਹੈ, ਸੱਤਾ ਲਈ ਹੈ, ਪਰ ਸਹੀ ਵਿਚ ਇਹ ਦੋ ਵਿਚਾਰਧਾਰਾਵਾਂ ਦੀ ਹੈ। ਲੋਕ ਸਭਾ ਚੋਣਾਂ ਵਿਚ ਦੋ ਵਿਚਾਰਧਾਰਾਵਾਂ ਦੀ ਲੜਾਈ ਹੋਵੇਗੀ।

ਕਾਂਗਰਸ ਤੋਂ ਭਾਜਪਾ ਵਿਚ ਗਏ ਕਿ ਸਾਂਸਦ ਦਾ ਜ਼ਿਕਰ ਕਰਦਿਆਂ ਰਾਹੁਲ ਨੇ ਕਿਹਾ—ਸਾਂਸਦ ਨੇ ਮੇਰੇ ਨਾਲ ਲੁਕ ਕੇ ਮੁਲਾਕਾਤ ਕੀਤੀ ਤੇ ਕਿਹਾ ਕਿ ਮੈਂ ਭਾਜਪਾ ਦਾ ਸਾਂਸਦ ਹਾਂ, ਪਰ ਮੇਰਾ ਦਿਲ ਕਾਂਗਰਸ ਵਿਚ ਹੈ। ਭਾਜਪਾ ਵਿਚ ਗੁਲਾਮੀ ਚਲਦੀ ਹੈ। ਉਪਰੋਂ ਜੋ ਆਰਡਰ ਆਉਂਦਾ ਹੈ, ਉਹ ਮੰਨਣਾ ਪੈਂਦਾ ਹੈ। ਰਾਹੁਲ ਨੇ ਕਿਹਾ—ਦੇਸ਼ ਦੀ ਲਗਾਮ ਲੋਕਾਂ ਦੇ ਹੱਥਾਂ ਵਿਚ ਹੋਣੀ ਚਾਹੀਦੀ ਹੈ। ਆਜ਼ਾਦੀ ਦੀ ਲੜਾਈ ਲੋਕਾਂ ਨੇ ਲੜੀ ਸੀ। ਰਾਜਿਆਂ-ਮਹਾਰਾਜਿਆਂ ਨੇ ਨਹੀਂ। ਉਹ ਤਾਂ ਅੰਗਰੇਜ਼ਾਂ ਨਾਲ ਰਲੇ ਹੋਏ ਸਨ। ਲੜਾਈ ਅੰਗਰੇਜ਼ਾਂ ਤੇ ਰਾਜਿਆਂ-ਮਹਾਰਾਜਿਆਂ ਖਿਲਾਫ ਸੀ। ਲੋਕਾਂ ਦੇ ਅਧਿਕਾਰਾਂ ਦੀ ਰਾਖੀ ਅੰਬੇਡਕਰ ਤੇ ਗਾਂਧੀ ਨੇ ਕੀਤੀ। ਕਾਂਗਰਸ ਨੇ ਆਜ਼ਾਦੀ ਦੀ ਲੜਾਈ ਦੇ ਬਾਅਦ ਸੰਵਿਧਾਨ ਬਣਾ ਕੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ। ਅੱਜ ਆਰ ਐੱਸ ਐੱਸ ਦੇ ਲੋਕ ਝੰਡੇ ਦੇ ਸਾਹਮਣੇ ਖੜ੍ਹੇ ਹੋ ਜਾਂਦੇ ਹਨ ਤੇ ਸਲੂਟ ਮਾਰਦੇ ਹਨ। ਵਰ੍ਹਿਆਂ ਤੱਕ ਇਨ੍ਹਾਂ ਨੇ ਅਜਿਹਾ ਨਹੀਂ ਕੀਤਾ।

ਉਨ੍ਹਾ ਕਿਹਾ ਕਿ ਤਮਾਮ ਅਦਾਰਿਆਂ 'ਤੇ ਇਕ ਸੰਗਠਨ ਦੇ ਲੋਕਾਂ ਦਾ ਕਬਜ਼ਾ ਕਰਵਾਇਆ ਜਾ ਰਿਹਾ ਹੈ। ਯੂਨੀਵਰਸਿਟੀਆਂ ਦੇ ਅਜਿਹੇ ਵਾਈਸ ਚਾਂਸਲਰ ਲਾਏ ਜਾ ਰਹੇ ਹਨ, ਜਿਨ੍ਹਾਂ ਨੂੰ ਆਉਂਦਾ-ਜਾਂਦਾ ਕੁਝ ਨਹੀਂ। ਰਾਹੁਲ ਨੇ ਇਹ ਅਹਿਮ ਗੱਲ ਵੀ ਕਹੀ ਕਿ ਕਾਂਗਰਸ ਨੇ ਚਿੱਟੀ ਕ੍ਰਾਂਤੀ ਨਹੀਂ ਕੀਤੀ, ਕਾਂਗਰਸ ਨੇ ਇਸ ਵਿਚ ਮਦਦ

● ਬਾਕੀ ਸਫ਼ਾ 2 'ਤੇ

## ਮੁਅੱਤਲੀ ਨੂੰ ਚੈਲੰਜ ਕਰਾਂਗੇ : ਸੰਜੈ ਸਿੰਘ



**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਨਵੇਂ ਚੁਣੇ ਗਏ ਪ੍ਰਧਾਨ ਸੰਜੈ ਸਿੰਘ ਨੇ ਕਿਹਾ ਹੈ ਕਿ ਖੇਡ ਮੰਤਰਾਲੇ ਨੇ ਫੈਡਰੇਸ਼ਨ ਨੂੰ ਐਤਵਾਰ ਮੁਅੱਤਲ ਕਰਦੇ ਸਮੇਂ ਢੁਕਵੀਂ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਅਤੇ ਉਹ ਸਰਕਾਰ ਦੇ ਫੈਸਲੇ ਨੂੰ ਅਦਾਲਤ 'ਚ ਚੁਣੌਤੀ ਦੇਣਗੇ। ਸੰਜੈ ਸਿੰਘ ਨੇ ਕਿਹਾ ਕਿ ਉਸ ਦੀ ਖੁਦਮੁਖਤਿਆਰੀ ਅਤੇ ਜਮਹੂਰੀ ਢੰਗ ਨਾਲ ਚੁਣੀ ਸੰਸਥਾ ਨੂੰ ਉਨ੍ਹਾ ਦਾ ਪੱਖ ਸੁਣੇ ਬਿਨਾਂ ਮੁਅੱਤਲ ਨਹੀਂ ਕੀਤਾ ਜਾ ਸਕਦਾ।

## ਪੁਲਵਾਮਾ ਦੁਹਰਾਉਣ ਦੀ ਗੱਲ ਕਹਿਣ ਵਾਲਾ ਗ੍ਰਿਫਤਾਰ

**ਸਹਾਰਨਪੁਰ** : ਦਾਰੁਲ ਉਲੂਮ ਦੇਵਬੰਦ 'ਚ ਧਾਰਮਿਕ ਸਿੱਖਿਆ ਹਾਸਲ ਕਰ ਰਹੇ ਝਾਰਖੰਡ ਦੇ ਇਕ ਵਿਦਿਆਰਥੀ ਨੇ ਮੰਗਲਵਾਰ 'ਐਕਸ' 'ਤੇ ਪੋਸਟ ਪਾਈ ਕਿ ਛੇਤੀ ਹੀ ਇੰਸ਼ਾ ਅੱਲ੍ਹਾ ਇੱਕ ਹੋਰ ਪੁਲਵਾਮਾ ਹੋਵੇਗਾ। ਇਸ ਤੋਂ ਬਾਅਦ ਪੁਲਸ ਨੇ ਉਸ ਨੂੰ ਹਿਰਾਸਤ 'ਚ ਲੈ ਕੇ ਉਸ ਦੇ ਖਿਲਾਫ ਦੇਵਬੰਦ ਕੋਤਵਾਲੀ 'ਚ ਕਈ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਅਬਦੁਲ ਮਜ਼ਹਰ ਤਲਹਾ ਤਿੰਨ ਸਾਲਾਂ ਤੋਂ ਦੇਵਬੰਦ 'ਚ ਧਾਰਮਿਕ ਸਿੱਖਿਆ ਪ੍ਰਾਪਤ ਕਰ ਰਿਹਾ ਹੈ।

ਦੇਵਬੰਦ ਕੋਤਵਾਲੀ ਦੇ ਇੰਚਾਰਜ ਸੁਬੇ ਸਿੰਘ ਮੁਤਾਬਕ ਤਲਹਾ ਨੇ ਦੱਸਿਆ ਕਿ ਕੁਝ ਲੋਕ ਐਕਸ 'ਤੇ ਪੋਸਟ ਕਰ ਰਹੇ ਸਨ ਕਿ ਬਾਬਰੀ ਮਸਜਿਦ ਵੀ ਖਤਮ ਹੋ ਜਾਵੇਗੀ, ਗਿਆਨਵਾਪੀ ਵੀ ਜਾਵੇਗੀ ਅਤੇ ਮਥੁਰਾ ਵੀ ਜਾਵੇਗੀ। ਇਸ ਗਰਮੀ 'ਚ ਉਸ ਨੇ ਪੁਲਵਾਮਾ ਹਮਲੇ ਨੂੰ ਦੁਹਰਾਉਣ ਬਾਰੇ ਲਿਖਿਆ। ਹੁਣ ਤੱਕ ਦੀ ਜਾਂਚ 'ਚ ਵਿਦਿਆਰਥੀ ਦੇ ਕਿਸੇ ਅੱਤਵਾਦੀ ਸੰਬੰਧ ਦਾ ਖੁਲਾਸਾ ਨਹੀਂ ਹੋਇਆ ਹੈ।

## ਕੋਟਿਨ ਕੋਟਿ ਲੱਖ-ਲੱਖ ਨਮਸਕਾਰ-ਪ੍ਰਣਾਮ ਸ਼ਹੀਦਾਂ-ਸਾਥੀਆਂ-ਸ਼ੁਭਚਿੰਤਕਾਂ ਨੂੰ

ਜੰਗ (ਲੜਾਈ) ਸ਼੍ਰੀ ਅਨੰਦਪੁਰ ਸਾਹਿਬ - ਕਿਲ੍ਹਾ ਨਿਰਮੋਹਗੜ੍ਹ - ਸ਼ਾਹੀਟਿਬੀ ਸਰਸ਼ਾ ਨੰਗਲ - ਚਮਕੌਰਸਾਹਿਬ ਗੜ੍ਹੀ ਵਿੱਚ

ਇਸ ਜੰਗੇ ਲੜਾਈ ਵਿੱਚ ਮੁਗਲ ਮੁਗਲੀਆਂ ਸੁਬੇਦਾਰ ਸਰਹਿੰਦ ਵਜ਼ੀਰ ਖਾਨ - ਨਵਾਬ ਮਲੇਰਕੋਟਲਾ-ਸ਼ੇਰ ਮੋਹੰਮਦ ਖਾਨ- ਨਵਾਬ ਰੋਪੜ ਵਲਦ ਨਸ਼ੀਰ ਅਲੀ ਖਾਨ - ਨਵਾਬ ਰਾਏਕੋਟ - ਬਾਈਧਾਰ ਪਹਾੜ ਕਸ਼ਤਰੀਆ ਰਾਜੀਆਂ ਦੀ ਸੈਨਾ ਨਾਲ ਲੜਦੇ ਹੋਏ 40 (ਚਾਲੀ ਲਾਸਾਨੀ ਸ਼ਹੀਦਾਂ) ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ - ਬਾਬਾ ਜੁਝਾਰ ਸਿੰਘ ਨਾਲ ਅਨੇਕ ਬ੍ਰਾਹਮਣ ਭਾਈਚਾਰੇ ਦੇ ਸੁਰਬੀਰਾਂ ਨੇ ਅਮਰ ਲਾਸਾਨੀ ਸ਼ਹੀਦੀਆ ਪਾਈਆਂ। ਅਤੇ ਬਹੁਤ ਸਾਰੇ ਫਟੜ ਹੋ ਗਏ - ਪਰਿਵਾਰਾਂ ਨੂੰ ਤੇਲ ਕੋਲੂ - ਗਣਾ ਕੁਲਾੜ੍ਹੀ ਵਿਚ ਪਿਡ ਕੇ ਮਾਰ ਦਿੱਤਾ ਰਾਜਪੂਤ ਭਾਈਚਾਰੇ ਤੇ ਹੋਰ ਕਈ ਭਾਈਚਾਰੇ ਦੇ ਸ਼ੁਰਵੀਰਾਂ ਨੇ ਵੀ ਸ਼ਹੀਦੀਆ ਪਾਈਆਂ।

ਬਾਬਾ ਕਿਰਪਾ ਰਾਮ ਸਿੰਘ ਦੱਤ ਬ੍ਰਾਹਮਣ - ਸ਼੍ਰੀਮਾਨ ਬਾਬਾ ਸਨਮੁੱਖ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਮੁਕੰਦ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਚੰਦਨ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਹਰੀਦਾਸ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਕੀਰਤ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਲਾਲਚੰਦ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਦਯਾਰਾਮ ਸਿੰਘ ਪੁਰੋਹਿਤ ਬ੍ਰਾਹਮਣ - ਸ਼੍ਰੀਮਾਨ ਬਾਬਾ ਦਵਾਰਕਾ ਦਾਸ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਦੇਵੀਦਾਸ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਰਾਮਚੰਦ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਹਰਿਜਸਰਾਏ ਹਜੂਰੀ ਬ੍ਰਾਹਮਣ - ਸ਼੍ਰੀਮਾਨ ਬਾਬਾ ਨਾਹਰ ਚੰਦ ਬ੍ਰਾਹਮਣ - ਸ਼੍ਰੀਮਾਨ ਬਾਬਾ ਸ਼ੇਰ ਚੰਦ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਕਾਵਿ ਅੰਮ੍ਰਿਤਰਾਏ ਲਾਹੌਰੀਭੱਟ ਬ੍ਰਾਹਮਣ - ਸ਼੍ਰੀਮਾਨ ਬਾਬਾ ਸਾਹਿਬਚੰਦ ਸਿੰਘ ਬ੍ਰਾਹਮਣ - ਸ਼੍ਰੀਮਾਨ ਬਾਬਾ ਧਰਮਚੰਦ ਸਿੰਘ ਬ੍ਰਾਹਮਣ - ਸ਼੍ਰੀਮਾਨ ਰਾਮਸਿੰਘ ਕਸ਼ਮੀਰੀ ਬ੍ਰਾਹਮਣ

ਰਾਜਪੁਤ ਭਾਈਚਾਰੇ ਦੇ ਬਾਬਾ ਉਦੈ ਸਿੰਘ ਰਾਜਪੂਤ - ਬਾਬਾ ਬਚਿਤਰ ਸਿੰਘ ਰਾਜਪੂਤ ਮਾਈਬੀਬਾ ਭਿਖਾ ਦੇਵੀਜੀ ਰਾਜਪੂਤ - ਬਾਬਾ ਦਾਨਸਿੰਘ ਰਾਜਪੂਤ - ਬਾਬਾ ਅਲਾਮਸਿੰਘ ਰਾਜਪੂਤ - ਬਾਬਾ ਅਮੋਲਕ ਸਿੰਘ ਰਾਜਪੂਤ - ਬਾਬਾ ਮੋਹਰ ਸਿੰਘ ਰਾਜਪੂਤ - ਬਾਬਾ ਬੀਰਸਿੰਘ ਰਾਜਪੂਤ - ਬਾਬਾ ਅਨਿਕ ਸਿੰਘ ਰਾਜਪੂਤ - ਬਾਬਾ ਅਜਬਸਿੰਘ ਰਾਜਪੂਤ - ਬਾਬਾ ਅਜੈਬ ਸਿੰਘ ਰਾਜਪੂਤ - ਬਾਬਾ ਸੰਤ ਸਿੰਘ ਵਾਂਗੇਸ ਰਾਜਪੂਤ

ਭਾਈ ਦੁਨਾ ਸਿੰਘ ਹਠੂਰੀਆ ਜੋ ਕਿ ਮਾਤਾ ਗੁਜਰੀ ਜੀ (ਗੁਜਰ ਕੌਰ ਜੀ)-ਬਾਬਾ ਫਤਹਿ ਸਿੰਘ-ਬਾਬਾ ਜ਼ੋਰਾਵਰ ਸਿੰਘ ਸਿਰਸਾ ਨਦੀ ਕੋਲ ਦੇ ਇਸਵੀ ਦਿਸੰਬਰ 1704 ਵਿੱਚ ਮੁਸਲਮਾਨ ਕੀਮਾ ਮਾਸ਼ਕੀ-ਮਾਤਾ ਲਕਸ਼ਮੀ ਦੇਵੀ ਬ੍ਰਾਹਮਣ ਦੇ ਘਰ ਰੁਕੇ ਹੋਏ ਸੀ-ਖਾਣਾ ਖਾਂਦੇ ਸਨ ਅਤੇ ਸਮਕਾਲੀ ਸਨ ਨੇ ਆਪਣੀ ਸਭ ਤੋਂ ਪੁਰਾਣੀ ਇਤਿਹਾਸਕ ਕਿਤਾਬ ਜੋ ਇਸ ਇਤਿਹਾਸ ਦਾ ਸਭ ਤੋਂ ਪੁਰਾਣਾ-ਪਹਿਲਾ-ਸੱਚਾ ਸਬੂਤ ਹੈ। ਉਸ ਕਿਤਾਬ ਦਾ ਨਾਮ ''ਕਥਾ ਗੁਰੂ ਦੇ ਸੁਤਨ ਦੀ'' ਲੇਖਕ ਕਰਿਤ ਭਾਈ ਦੁਨਾ ਸਿੰਘ ਹਠੂਰੀਆ-ਇਹ ਕਿਤਾਬ ਸਿੱਖ ਰੈਫਰੈਂਸ ਲਾਇਬਰੇਰੀ ਸ਼੍ਰੀ ਦਰਬਾਰ ਸਾਹਿਬ ਅਕਾਲ ਤਖਤ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ-6045 ਨੰਬਰ ਖਰੜੇ ਵਿੱਚ ਦਰਜ ਹੈ

ਇਸ ਪੁਸਤਕ ਦੇ ਅਨੁਸਾਰ ਮਾਤਾ ਗੁਜਰੀ ਜੀ (ਗੁਜਰ ਕੌਰ ਜੀ), ਬਾਬਾ ਫਤਹਿ ਸਿੰਘ, ਬਾਬਾ ਜ਼ੋਰਾਵਰ ਸਿੰਘ ਨੂੰ ਦੋ ਮਸੰਦਾਂ-ਧੁਮਾ ਮਸੰਦ-ਦਰਬਾਰੀ ਮਸੰਦ ਨੇ ਮੋਰਿੰਡਾ ਦੇ ਥਾਣੇਦਾਰ ਕੋਲ ਕੈਦ ਕਰਵਾ ਦਿੱਤਾ ਅਤੇ ਉਨ੍ਹਾਂ ਦਾ ਸਾਰਾ ਧਨ ਦੌਲਤ ਲੁੱਟ ਲਿਆ। ਅਤੇ ਸੁਬੇਦਾਰ ਵਜ਼ੀਰ ਖਾਨ ਨੇ ਇਜਨਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ।

1. ਧੁਮਾ ਮਸੰਦ (ਗੈਰ ਬ੍ਰਾਹਮਣ) - 2. ਦਰਬਾਰੀ ਮਸੰਦ (ਗੈਰ ਬ੍ਰਾਹਮਣ)

ਗੰਗੂ ਬ੍ਰਾਹਮਣ ਰਸੋਈਆ ਕੁੱਝ ਸ਼ਰਾਰਤੀ-ਬ੍ਰਾਹਮਣ ਵਿਰੋਧੀ-ਕਰਿਤਘਨ-ਡਰਪੋਕ-ਮੁਗਲਵਾਰਸੀ ਔਰੰਗਵਾਦੀ ਲੋਕਾਂ ਨੇ ਇਤਿਹਾਸ ਵਿੱਚ ਕਾਲਪਨਿਕ - ਗਲਤ ਆਦਮੀ ਨਾਮ ਨੂੰ ਵੀਰ ਵਿਵੇਕੀ ਬ੍ਰਾਹਮਣ ਭਾਈਚਾਰੇ ਨੂੰ ਬਦਨਾਮ ਕਰਨ ਲਈ ਲਿਖਿਆ ਪੜ੍ਹਾਇਆ-ਪ੍ਰਚਾਰਿਆ ਜੋ 100% ਗਲਤ ਹੈ।

ਮਾਛੀਵਾੜੇ ਵਿਚ ਮਾਤਾ ਹਰਦੇਵੀ ਬ੍ਰਾਹਮਣ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਨਯੇ ਕੱਪੜੇ ਪਾਉਣ ਲਈ ਦਿੱਤੇ ਅਤੇ ਭੋਜਨ ਵੀ ਕਰਾਇਆ

ਇਸਵੀ 1704 ਦਸੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ - ਨਿਰਮੋਹ - ਸਰਸਾ ਦੀ ਜੰਗ ਲੜਾਈ ਦੇ ਵਿਚਕਾਰ, ਬਹੁਤ ਸਾਰੇ ਬ੍ਰਾਹਮਣ ਭਾਈਚਾਰੇ ਦੇ ਆਦਮੀ- ਔਰਤਾਂ- ਗਰਭਵਤੀ ਮਾਤਾਵਾਂ- ਬੱਚੇ- ਬੁੱਢੇ ਲੜੇ ਅਤੇ ਸ਼ਹੀਦ ਹੋ ਗਏ। ਬਹੁਤ ਸਾਰੇ ਗੈਰ-ਬ੍ਰਾਹਮਣ ਸ਼ਹੀਦ ਹੋਏ।

ਸ਼੍ਰੀ ਅਨੰਦਪੁਰ ਸਾਹਿਬ ਵਿਚ ਪੰਜਾਬ ਦੇ ਬਹੁਤ ਸਾਰੇ ਜ਼ਿਮੀਦਾਰਜੱਟਕਾਰਾਂ - ਹੱਟੀਭਾਪਾਕਾਰਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਦਿੱਤਾ ਬੇਦਾਵਾ ਲਿਖ ਕੇ ਆਪਣੇ ਪਿੰਡਾ-ਗਰਾਮਾ ਨੂੰ ਚਲੇ ਗਏ। ਚਮਕੌਰ ਦੀ ਕੱਚੀ ਗੜੀ ਬੀਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਚਾਲੀ ਸੂਰਵੀਰ ਯੋਧਿਆਂ ਦੀ ਮੁਖਬਰੀ ਚਮਕੌਰਾਂ ਜ਼ਮੀਨਦਾਰਜੱਟਕਾਰ ਨੇ ਸੁਬੇਦਾਰ ਵਜ਼ੀਰ ਖਾਨ ਨੂੰ ਸਰਹਿੰਦ ਦੇ ਦਿਤੀ-ਨਵਾਬ ਰੋਪੜ ਵਲਦ ਨਸ਼ੀਰ ਅਲੀ ਖਾਨ ਤੇ ਕੋਤਵਾਲੀ ਥਾਨੇਦਾਰ ਰੋਪੜ ਤੇ ਮੋਰਿੰਡਾ ਨੂੰ ਦੇ ਦਿੱਤੀ

ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸੋਲਵੀ ਤੇ ਸਤਾਰਵੀਂ ਸਦੀ ਸਮੇ ਪਿੰਡ ਚਮਕੌਰ (ਚਮਕੌਰ ਮਾਜਰਾ) ਪਰਗਣਾ ਇਲਾਕਾ ਰੋਪੜ ਦੇ ਨਵਾਬ ਵਲਦ ਨਾਸਿਰ ਅਲੀ ਖਾਨ ਦੇ ਪਰਗਨੇ ਇਲਾਕੇ ਵਿਚ ਮੁਗਲ ਸਰਕਾਰੀ ਨਵਾਬੀ ਜਮੀਨ ਜੋ ਪੱਟੇ ਤੇ ਕਾਸ਼ਤਕਾਰਾਂ ਜਿਮੀਦਾਰਾਂ ਨੂੰ ਖੇਤੀ ਵਾਸਤੇ ਲਗਾਨ ਟੈਕਸ ਤੇ ਦਿੱਤੀ ਜਾਂਦੀ ਸੀ। ਰੋਪੜ ਕੋਤਵਾਲੀ ਦਾ ਥਾਣੇਦਾਰ ਜ਼ਫ਼ਰ ਅਲੀ ਖਾਨ ਸੀ। ਇਸ ਪਿੰਡ ਵਿਚ ਇਕ ਕੱਚੀ ਗੜ੍ਹੀ ਸਤਲੁਜ ਦਰਿਆ ਨਦੀ ਦੇ ਕਿਨਾਰੇ ਬਿਯਾਵਾਨ ਜੰਗਲੀ ਨਵਾਬੀ ਸਰਕਾਰੀ ਇਲਾਕੇ ਵਿਚ ਖਸਤਾ ਹਾਲ ਵਿਚ ਸੀ। ਹਿੰਦੂ ਬ੍ਰਾਹਮਣ ਸ਼ਾਹੀ ਪੰਜਾਬ - ਅਫਗਾਨਿਸਤਾਨ - ਗੰਧਾਰ ਦੇ ਬ੍ਰਾਹਮਣ ਮਹਾਰਾਜਿਆਂ ਨੇ ਅੱਠਵੀ ਤੋਂ ਦਸਵੀ ਸਦੀ ਵਿਚ ਸਤਲੁਜ ਨਦੀ ਦੇ ਦੋਨੋ ਕਿਨਾਰਿਆਂ ਤੇ ਬਹੁਤ ਸਾਰੀਆਂ ਫੋਜੀ ਨਿਗਰਾਨੀ ਗੜ੍ਹੀਆਂ ਚੌਕੀਆਂ ਬਣਾਈ ਸੀ। ਤੇ ਬਹੁਤ ਸਾਰੇ ਕਿਸਤੀਬੇੜੇ ਅੱਡੇ ਦੋਨੋ ਨਦੀ ਕਿਨਾਰੇ ਬਣਾਏ ਸੀ ਜਿਥੋਂ ਆਮਜੰਤਾ ਤੇ ਮੁਗਲ ਫੋਜ ਦੋਆਬਾ ਤੇ ਮਾਲਵਾ ਪਹਾੜ ਦੇ ਆਪਣੇ ਇਲਾਕਿਆਂ ਵਿਚ ਆ ਜਾ ਸਕੇ। ਇਸੀ ਚਮਕੌਰ ਪਿੰਡ ਵਿਚ ਸ਼੍ਰੀਮਾਨ ਬੁਧਾ ਚੰਦ ਕਸ਼ਤਰੀ ਤੇ ਸ਼੍ਰੀਮਾਨ ਗਰੀਬਚੰਦ ਕਸ਼ਤਰੀ ਵੀ ਖੇਤੀਬਾੜੀ ਜ਼ਿਮੀਦਾਰੀ ਕਰਦੇ ਸੀ। ਇਨ੍ਹਾਂ ਦੀ ਜਮੀਨ ਨਾਲ ਨਵਾਬੀ ਸਰਕਾਰੀ ਜਮੀਨ ਵਿਚ ਕੱਚੀ ਗੜ੍ਹੀ ਨਵਾਬੀ ਸਰਕਾਰੀ ਜਮੀਨ ਵਿਚ ਸੀ। ਸਤਲੁਜ ਦਰਿਆ ਨਦੀ ਵਿਚ ਬਰਸਾਤਾਂ ਨੂੰ ਹੜ ਆਨ ਕਰਕੇ ਤੇ ਨਦੀ ਦਰਿਆ ਜੋ ਕਈ ਬਾਰ ਅਪਨਾ ਰਸਤਾ ਬਹਾਵ ਬਦਲ ਲੈਂਦੀ ਸੀ ਕਾਰਨ ਇਹ ਕੱਚੀਆਂ ਗੜ੍ਹੀਆਂ ਪਾਣੀ ਵਿਚ ਡੁੱਬ ਰੁੜ ਜਾਂਦੀਆਂ ਸੀ। ਸਤਲੁਜ ਨਦੀ ਰਾਸਤਾ ਬਦਲ ਕੇ ਸਰਹਿੰਦ - ਸਮਾਣਾ - ਬਠਿੰਡਾ - ਮਾਲਵਾ ਵਿਚ ਵੀ ਬਹਿੰਦੀ ਵਗਦੀ ਰਹੀ ਹੈ।.

ਸੁਬੇਦਾਰ ਵਜ਼ੀਰਖਾਨ ਨੇ ਆਪਣੇ ਸਾਰੇ ਸੂਬੇ ਵਿਚ ਐਲਾਨ ਕਿੱਤਾ ਕੋਈ ਆਦਮੀ ਔਰਤ ਪਰਿਵਾਰ ਸਿੱਖ ਗੁਰੂ ਗੋਬਿੰਦ ਸਿੰਘ ਨੂੰ ਠਹਿਰ ਠਿਕਾਣਾ - ਰੋਟੀ ਪਾਣੀ ਨਾ ਦੇਵੇ - ਇਨ ਦੀ ਠਹਿਰ ਦੀ ਸੁਚਨਾ ਨੇੜੇ ਦੀ ਕੋਤਵਾਲੀ ਯਾ ਨਵਾਬ ਯਾ ਸੁਬੇਦਾਰ ਨੂੰ ਦੇਵੇ ਤੇ ਉਨ੍ਹਾਂ ਨੂੰ ਪਕੜਾਉਣ ਵਾਲਿਆਂ ਨੂੰ ਇਨਾਮ ਵਜੋਂ ਧਨਦੌਲਤ - ਜਮੀਨ - ਜਾਗੀਰਾ - ਸਰਕਾਰੀ ਨੌਕਰੀ ਦਿੱਤੀ ਜਾਏਗੀ ਤੇ ਹੁਕਮ ਦੀ ਉਲੰਘਣਾ ਕਰਨ ਵਾਲੇ ਦੇ ਪਰਿਵਾਰ - ਰਿਸ਼ਤੇਦਾਰਾਂ ਨੂੰ ਤੇਲ ਕੋਹਲੂ - ਗੰਨਾ ਕੁਲਹਾੜੀ ਵਿਚ ਪਿੜ ਕੇ ਮਾਰ ਦਿੱਤਾ ਜਾਏਗਾ ਲਾਸ਼ਾ ਨਹੀਂ ਦਿੱਤੀਆਂ ਜਾਣ ਗਿਆ

ਕੋਟਕਪੂਰੇ ਦੇ ਨਵਾਬ ਜਗੀਰਦਾਰ ਕਪੂਰਾ ਚੌਧਰੀ ਜੱਟ - ਰੂਪੇਆਣਾ ਪਿੰਡ ਦੇ ਸਾਹੂਕਾਰ ਰੂਪਾ ਭਾਪਾ ਨੇ ਸਿੱਖ ਗੁਰੂ ਗੋਬਿੰਦ ਸਿੰਘ ਤੇ ਸਾਥੀਆਂ ਨੂੰ ਆਪਣੀ ਹਵੇਲੀ ਕਿਲ੍ਹਾ ਗੜ੍ਹੀ - ਮਕਾਨ ਵਿਚ ਸੁਬੇਦਾਰ ਵਜ਼ੀਰਖਾਨ ਤੋਂ ਡਰਦੇ ਪਨਾਹ ਟਿਕਾਣਾ ਦੇਣ ਤੋਂ ਇਨਕਾਰ ਕਰ ਦਿੱਤਾ। ਤਲਵੰਡੀ ਸਾਬੋ ਦੇ ਨਵਾਬ ਜਾਗੀਰਦਾਰ ਡਲਾਂ ਚੌਧਰੀ ਜੱਟ ਨੇ ਗੁਰੂ ਗੋਬਿੰਦ ਸਿੰਘ ਨੂੰ ਤੋਹਣਾ ਮਾਰਿਆ ਕਿ ਤੁਹਾਡੇ ਫੋਜੀ ਸੈਨਿਕ ਜੋ ਚਮਕੌਰ ਦੀ ਜੰਗ ਵਿਚ ਮਾਰੇ ਗਏ ਮੇਰੇ ਜੱਟ ਫੋਜੀਆਂ ਨਾਲੋਂ ਬਹੁਤ ਵੀ ਨਿਵੇ ਦਰਜੇ ਦੇ ਸੀ।

ਡੱਲਾ ਨੇ ਨਾ ਚਮਕੌਰ ਦੀ ਲੜਾਈ ਵਿਚ ਹਿੱਸਾ ਲਿੱਤਾ ਸੀ। ਜਦੋ ਸਿੱਖ ਗੁਰੂ ਨੇ ਡੱਲੇ ਨੂੰ ਕਿਹਾ ਜੇ ਇਹ ਗਲ ਹੈ ਤੇ ਫੇਰ ਆ ਸਾਮਣੇ - ਆ ਬੁਲਾ ਆਪਣੇ ਜੱਟ ਫੋਜੀਆਂ ਨੂੰ ਉਨ੍ਹਾਂ ਦੇ ਸਿਰ ਨਿਸ਼ਾਨਾ ਲਗਾ ਕੇ ਆਪਣੀ ਬੰਦੂਕ ਪਰਖਣੀ ਹੈ ਤੇ ਕੋਈ ਅਗੇ ਨਹੀਂ ਆਇਆ।

ਡੱਲਾ ਤੇ ਕਪੂਰੇ ਨੂੰ ਸੁਬੇਦਾਰ ਵਜ਼ੀਰਖਾਨ ਵਲੋਂ ਅਨੇਕਾਂ ਪੱਤਰ ਆਏ ਕਿ ਸਿੱਖ ਗੁਰੂ ਗੋਬਿੰਦ ਸਿੰਘ ਤੇ ਫੋਜੀ ਹਮਲਾ ਕਰੋ ਪਕੜੋ ਤੇ ਮੇਰੇ ਹਵਾਲੇ ਕਰੋ ਪਰ ਦੋਨਾਂ ਨੇ ਕੋਈ ਕਾਰਵਾਈ ਨਹੀਂ ਕੀਤੀ ਤੇ ਲੂਮੜੀ ਚਲਾਕ ਨੀਤੀ ਨਾਲ ਸਿੱਖ ਗੁਰੂ ਗੋਬਿੰਦ ਸਿੰਘ ਨੂੰ ਰਾਜਸਥਾਨ - ਨੰਦੇੜ ਮਹਾਰਾਸ਼ਟਰ ਵਲ ਭੇਜ ਦਿੱਤਾ ਆਪ ਤੇ ਆਪਣੀ ਫੋਜ ਨੂੰ ਸਾਥ ਜਾਨ ਤੋਂ ਕੋਰਾ ਇਨਕਾਰ ਕਰ ਦਿੱਤਾ।

ਖਿਦਰਾਣੇ ਦੀ ਡਾਵ (ਮੁਕਤਸਰ) ਵਿਚ ਲਾਹੌਰ ਮਾਝੇ ਦੀ ਪੰਚਾਇਤ ਸੋ ਦੋਸੋਂ ਬੰਦਿਆਂ ਸਮੇਤ ਸਿੱਖ ਗੁਰੂ ਗੋਬਿੰਦ ਸਿੰਘ ਜੀ ਮੁਗਲ ਬਾਦਸ਼ਾਹ ਔਰੰਗਜੇਬ - ਸੁਬੇਦਾਰ ਵਜ਼ੀਰ ਖਾਨ ਨਾਲ ਰਾਜੀਨਾਮਾ ਕਰਾਨ ਦੇ ਮਕਸਦ ਨਾਲ ਆਈ ਪਰ ਸਿੱਖ ਗੁਰੂ ਨੇ ਕੋਰਾ ਜਵਾਬ ਦੇ ਦਿੱਤਾ ਜਿਸ ਕਾਰਨ ਲਾਹੌਰ ਮਾਝੇ ਦੀ ਪੰਚਾਇਤ ਨੇ ਬੇਦਾਵਾ ਲਿਖ ਕੇ ਪਿੰਡਾਂ ਵਲ ਤੁਰ ਪਏ। ਇਨੀ ਦੇਰ ਤੇ ਸੁਬੇਦਾਰ ਵਜ਼ੀਰ ਖਾਨ ਦੀ ਫੋਜ ਨੇ ਹਮਲਾ ਕਰ ਦਿੱਤਾ। ਤੇ ਬਹੁਤ ਸਾਰੇ ਲਾਹੌਰ ਮਾਝੇ ਦੇ ਲੋਕ ਕਤਲ ਮਾਰ ਦਿੱਤੇ।

ਪਿੰਡ ਨਥੋਰਾ ਦੀ ਪੰਚਾਇਤ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਪਿੰਡ ਵਿਚ ਠਹਿਰ ਪਨਾਹ ਦੇਣ ਤੋਂ ਕੋਰਾ ਜਵਾਬ ਦੇ ਦਿੱਤਾ।

ਤਪੇਆਣਾ ਪਿੰਡ ਦੇ ਜੁਗਰਾਜ ਜੱਟ ਨੇ ਸੁਬੇਦਾਰ ਵਜ਼ੀਰ ਖਾਨ ਦੀ ਆਂਦੀ ਫੋਜ ਦੇ ਗੁਰੂ ਗੋਬਿੰਦ ਸਿੰਘ ਬਾਰੇ ਪੁੱਛਣ ਤੇ ਦਸ ਦਿੱਤਾ ਕਿ ਉਹ ਖਿਦਰਾਣੇ ਦੀ ਡਾਵ ਵਲ ਗਏ ਹਨ। ਤੇ ਮੁਗ਼ਲ ਫੋਜ ਨੇ ਹਮਲਾ ਕਰ ਦਿੱਤਾ।

ਤਪੇਆਣਾ ਪਿੰਡ ਵਿਚ ਬਹੁਤ ਸਾਰੇ ਅਖੌਤੀ ਫੋਜੀ ਫਰੇਬੀ ਫੋਜੀਆਂ ਜਟਕਾਰ - ਭਾਪਾਕਾਰ ਲੋਕ ਸਿੱਖ ਗੁਰੂ ਗੋਬਿੰਦ ਸਿੰਘ ਨਾਲ ਵੇਤਨ - ਤਨਖਾ - ਬਾਰੇ ਵਿਵਾਦ ਕਰਨ ਲੱਗ ਪਾਏ ਤੇ ਉਨ੍ਹਾਂ ਦੇ ਘੋੜੇ ਦੀ ਬਾਂਗ ਫੜ ਲਯੀ ਤੇ ਰਸਤਾ ਰੋਕ ਘੇਰ ਲਿਆ ਤੇ ਕਹਿਣ ਲਗੇ ਕਿ ਅਸੀਂ ਕਈ ਮਹੀਨਿਆਂ ਤੋਂ ਤੁਹਾਡੀ ਫੋਜੀ ਸੇਵਾ ਕਰ ਰਹੇ ਹਾਂ - ਘਰ ਬਾਰ ਨੌਕਰਾਂ ਸਹਾਰੇ ਛੱਡ ਹੋਏ ਹੈ। ਸਾਨੂ ਸਾਡੀ ਤੇ ਸਾਡੇ ਘਰ ਨੌਕਰਾਂ ਦੀ ਤਨਖਾ ਵੇਤਨ ਹੁਣੇ ਦਵੋ। ਅਖੀਰ ਉਨ੍ਹਾਂ ਨੂੰ ਤਨਖਾ ਵੇਤਨ ਦੇਕੇ ਸਿੱਖ ਗੁਰੂ ਨੇ ਉਨ੍ਹਾਂ ਤੋਂ ਆਪਣਾ ਪਿੱਛਾ ਛੁਡਾਇਆ

ਸਿੱਖ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਪਲ ਦਿਨ ਰਾਤ ਦੀ ਮੁਖਬਰੀ ਇਨ੍ਹਾਂ ਦੇ ਪਰਿਵਾਰਿਕ ਦੁਸ਼ਮਣ ਮੀਣੇ - ਮਸੰਦ - ਧੀਰਮਲੀਏ - ਪਿਰਥੀਚੰਦੀਏ ਬੈਦੀਏ - ਸੋਡਿਯੋ - ਸੁਚਾ ਨੰਦੀਏ - ਚੰਦੂ ਮਲੀਏ - ਵਜ਼ੀਰ ਖਾਨ ਨੂੰ ਦਿੰਦੇ ਰਹੇ ਤੇ ਅਖੀਰ ਨੰਦੇੜ ਮਹਾਰਾਸ਼ਟਰ ਵਿਚ ਅਕਤੂਬਰ 1708 ਨੂੰ ਦੋ ਮੁਸਲਮਾਨ ਪਠਾਣਾ ਜਮਸ਼ੇਦ ਖਾਨ - ਬਾਸਲਬੇਗ ਨੇ ਕਟਾਰ - ਤਲਵਾਰ ਨਾਲ ਸਿੱਖ ਗੁਰੂ ਨੂੰ ਬੁਰੀ ਤ੍ਰਾਹ ਫੱਟੜ ਜਖਮੀ ਕਰ ਦਿੱਤਾ ਤੇ ਕੁਛ ਦੀਨਾ ਬਾਦ ਸਵਰਗਵਾਸ ਮੋਤ ਹੋ ਗਈ। ਇਨ੍ਹਾਂ ਪਰਿਵਾਰਿਕ ਦੁਸ਼ਮਣਾਂ ਨੇ ਸਿੱਖ ਗੁਰੂ ਤੇਗ ਬਹਾਦਰ ਤੇ ਸ਼੍ਰੀ ਬਕਾਲਾ ਸਾਹਿਬ ਘਰ ਤੇ ਬੰਦੂਕ ਗੋਲੀ ਮਾਰ ਕੇ ਬੁਰੀ ਤ੍ਰਾਹ ਜਖਮੀ ਕਰ ਦਿੱਤਾ ਤੇ ਸਾਰਾ ਘਰ ਦਾ ਸਮਾਨ ਲੁੱਟ ਲੈ ਗਏ ਜਿਸ ਲਈ ਬਾਬਾ ਧੀਰਮਲ ਸੋਢੀ ਤੇ ਸਿਹਾ ਮਸੰਦ ਜੱਟਕਾਰ ਸੀ।

ਬਾਬਾ ਬਕਾਲਾ ਵਿਚ 22 ਅਖੋਤੀ ਸਿੱਖ ਗੁਰੂ ਵੰਸ਼ੀ ਬੇਦੀਸੋਢੀਆ ਨੇ ਗੁਰੂ ਗੱਦੀਆਂ ਲਗਾ ਲਈਆਂ ਤੇ ਆਪਣੇ ਆਪ ਨੂੰ ਨੋਵਾ ਸਿੱਖ ਗੁਰੂ ਐਲਾਨ ਕਰ ਦਿੱਤਾ। ਇਨ੍ਹਾਂ ਨੇ ਮੁਗ਼ਲ ਬਾਦਸ਼ਾਹ ਔਰੰਗਜੇਬ ਨਾਲ ਮਿਲਕੇ ਸਿੱਖ ਗੁਰੂ ਤੇਗ ਬਹਾਦਰ ਨੂੰ ਦਿੱਲੀ ਚਾਂਦਨੀ ਚੌਕ ਕਤਲ ਸ਼ਹੀਦ ਕਰਵਾ ਦਿੱਤਾ। ਇਨ੍ਹਾਂ ਨੇ ਮੁਗ਼ਲ ਬਾਦਸ਼ਾਹ ਜਹਾਂਗੀਰ ਨਾਲ ਮਿਲ ਕੇ ਸਿੱਖ ਗੁਰੂ ਅਰਜਨਦੇਵ ਨੂੰ ਲਾਹੌਰ ਵਿਚ ਕਤਲ ਸ਼ਹੀਦ ਕਰਵਾ ਦਿੱਤਾ। ਇਨ੍ਹਾਂ ਨੇ ਤਾ ਸਿੱਖ ਗੁਰੂ ਹਰਗੋਬਿੰਦ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਵਾ ਦਿੱਤਾ ਤੇ ਖਾਨੇ ਵਿਚ ਜਹਿਰ ਮਿਲਾ ਕੇ ਮਾਰਨ ਦੀਆ ਸਾਜਿਸ ਕਰਤੂਤਾਂ ਕੀਤੀਆਂ।

ਕਥਾ ਗੁਰੂ ਜੀ ਕੇ ਸੁਤਨ ਕਿ
ਕ੍ਰਿਤ ਭਾਈ ਦੁਨਾ ਸਿੰਘ ਹਠੂਰੀਆ
ਦੋਹਰਾ- ਜੋ ਜੋ ਬੀਤੀ ਕਹਤ ਹੋਂ , ਗੁਰ ਚਰਨਨ ਧਰਿ ਧਿਆਨ
ਮੈਂ ਬਾਲਕ ਲਘੁ ਮਤਿ ਸੁ ਮਮ, ਕਥਾ ਰਚੀ ਸੁ ਜਾਨ ।੧।

ਸ਼੍ਰੀ ਫਤੇ ਸਿੰਘ ਜ਼ੋਰਾਵਰ ਸਿੰਘ ਬਹੁਤ ਮਾਤ ਜੀ ਭਨੰ
ਦੁਨਾ ਸਿੰਘ ਤਖਾਣ ਸਿਖ ਹੰਢੂਰ ਬਾਸੀ ਤਾ ਗਨੰ
ਸਭ ਏਕ ਦਾਸੀ -ਪੰਚ ਥੇ, ਚਮਕੌਰ ਤੇ ਯਹ ਦ੍ਵੈ ਹਟੇ
ਦੁਨਾ ਸਿੰਘ ਜੋ ਏਕ ਦਾਸੀ, ਤਿਸੀ ਭਾਜਤ ਮੈਂ ਸਟੇ। ੨ ।
ਗੀਆਮਾਲਤੀ

ਦੋਹਰਾ
ਤਹਾਂ ਖੇਲ ਐਸੋ , ਮੋ ਪੈ ਕਹਯੋ ਨ ਜਾਇ।
ਬਹੁਰੋ ਕਥਾ ਸੁ ਕਹਤ ਹੂੰ, ਸੰਤ ਸੁਨਹੁ ਮਨ ਲਾਇ। ੩ ।

ਚੌਪਈ
ਇਕ ਸੱਕਾ ਹਿੰਦੂ ਤਹਿੰ ਆਹੀ। ਤੁਰਕ ਜ਼ੋਰ ਤਿਹ ਜਨਮ ਵਟਾਹੀ
ਕੁੰਮੇ ਤੇ ਕੀਮਾ ਤਿਹ ਕੀਨਾ। ਤਿਸਹੀ ਕੇ ਗ੍ਰਿਹ ਬਾਸਾ ਲੀਨਾ।
ਤਹਾਂ ਇਕ ਬ੍ਰਾਹਮਨੀ ਰਹੈ। ਲੱਛਮੀ ਨਾਮ ਤਾਸ ਜਗ ਕਹੈ
ਵਹੁ ਪ੍ਰਸਾਦ ਕਰ ਹਮੈ ਜਿਵਾਵੇ। ਤਿਸਕੇ ਗ੍ਰਿਹ ਮੈਂ ਆਪ ਲਯਾਵੈ। ੫ ।

ਦੋਹਰਾ
ਦੋਇ ਮੋਹਰ ਕਿ ਆਰਸੀ, ਪੰਚ ਚੂੜੀਆਂ ਸਾਥ
ਤਿਸੀ ਬ੍ਰਾਹਮਣੀ ਕੋ ਦਈ, ਜੋ ਪ੍ਰਸਾਦ ਵਹ ਖ੍ਵਾਤ । ੬ ।
ਰੁਪਯਾ ਪਾਂਚ ਸੈ ਤਿਸ ਦਯੋ, ਕੀਮਾ ਨਾਮ ਜੁ ਆਹਿ
ਤਿਨਹੁ ਜੁ ਮਸਤਕ ਟੇਕ ਕੈ, ਲੀਨਾ ਤਬਹਿ ਉਠਾਹਿ। ੭ ।

ਚੌਪਈ
ਅਬੈ ਕਥਾ ਇਕ ਅਵਰ ਜਨਾਊ, ਜੋ ਜੋ ਬੀਤੀ ਸਭੈ ਸੁਨਾਊਂ
ਦੋਇ ਮਸੰਦ ਸਹੋੜੀ ਰਹੈਂ, ਇਕ ਦਰਬਾਰੀ, ਧੁਮਾ ਕਹੈਂ। ੮ ।

ਸੋਰਠਾ
ਤਿਨੈ ਸੁਨੀ ਯਹ ਬਾਤ, ਤਹਾਂ ਖੇਡ ਐਸੋ ਭਣੋ
ਆਯੋ ਤਿਤਹੀ ਧਾਇ, ਜੋ ਕਿਤ ਹੂੰ ਕੋਊ ਪਾਈਐ। ੯ ।

ਸ਼੍ਰੀ ਮਾਤਾ ਜੀ ਅਰੁ ਫਤੇ ਸਿੰਘ ਘੋੜੇ ਪੈ ਚਢੇ
ਜ਼ੋਰਾਵਰ ਸਿੰਘ ਜ ਪਾਇ ਖਰਜੀ, ਅਵਰ ਘੋੜੇ ਪੈ ਪਢ
ਚਮਕੌਰ ਤੇ ਜਬ ਗਏ ਚੋਂਤੇ, ਦੁਸਟ ਕੇ ਮਨ ਯਹ ਭਈ
ਯਹ ਦੁਬ ਹਮਰੇ ਹਾਥ ਆਯੋ, ਮੋੜ ਤਬ ਘਰ ਕੋ ਲਈ। ੧੪ ।
ਸੋਰਠਾ

ਭਾਗਯੋ ਡਲਾ ਤਾਉ ਨਾ ਝਲਾ॥ਸੰਗ ਰਹਯੋ ਅਲਾ ਹੀ ਅਲਾ॥
ਸੁਨ ਗੁਰ ਕਹਯੋ ਜਾਹੁ ਵੇ ਡਲਾ ॥ਆਪਹਿ ਭਾਗਯੋ ਉਹ ਬਰਬਲਾ ॥
ਮਾਂਗਤ ਰਹਿ ਸਦਾ ਬਲ ਤੀਰ ॥ਕਹਾਂ ਪਰੀ ਤੇਰੇ ਪਰ ਭਰਿ ॥
(ਸੂਰਜ ਪ੍ਰਕਾਸ਼ ਐਨ ੧ ਅੰਸੂ ੩੩ ਅੰਕ ੩੫-੩੬)

ਪੁਤ੍ਰੀ ਪੀਛੇ ਪਲਹਿ ਸਚਾਈ ॥ ਅੰਨ ਘਟੇ ਹੁਇ ਟੋਟ ਨ ਕਾਈ ॥੧੯ ॥
ਨਹੀਂ ਅਘਵਹਿੰਦੇ ਮਨ ਕਾਚੇ ॥ ਪੈਸੇ ਕਿ ਤ੍ਰਿਸ਼ਨਾ ਮਹਿੰ ਰਾਚੇ ॥
ਬਾਕ ਨ ਮਾਨਹਿ ਰਹਿੰ ਮਤਿ ਮਾਰੇ ॥ ਅਪਨੋ ਭਲੋ ਨ ਜਾਨਿ ਗਵਾਰੇ ॥੨੦॥
(ਸੂਰਜ ਪ੍ਰਕਾਸ਼ ਐਨ ੧ ਅੰਕ ੨੬)
ਇਸ 'ਤੇ ਬਚਨ ਹੋਇਆ -
ਖਾਨਕੇ ਭੇਸ ॥ ਸਿਖੀ ਕੇ ਪ੍ਰਦੇਸ਼ ॥
ਮਤਲਬ ਪਾਤਸ਼ਾਹੀ ॥ ਰਾਜ ਬਿਨ ਪਾਹੀ ॥੧ ॥

ਇਸ ਵਿਚਾਰ ਕਰ ਲਿਖਯੋ ਬਿਦਾਵਾ ॥ ਗੁਰੂ ਲਿਖਾਇ ਜੇਬ ਮਹਿ ਪਾਵਾ ॥
ਸਭਿ ਮਾਝਾ ਸਿਖੀ ਤੋਂ ਖਾਰਜ ॥ ਲਿਖਿ ਦੀਨੋ ਧਰਿਤ੍ਰਾਸ ਅਨਾਰਜ ॥
(ਸੂਰਜ ਪ੍ਰਕਾਸ਼)
ਸਿੱਖਾਂ ਨੇ ਬੇਦਾਵਾ ਲਿਖਣਾ
ਸਿੱਖ ਨੇ ਗੁਰੂ ਜੀ ਨੂੰ ਦੱਸਿਆ ਪਾਤਸ਼ਾਹ ਬਿਗੜੇ ਬਰਾੜ ਬਸਿਬੋ ਹਾਰ ਉਜਾੜ ਸੋ ਝਾੜ
(ਸੂਰਜ ਪ੍ਰਕਾਸ਼)

ਬ੍ਰਿਟਿਸ਼ ਬਰਤਾਨਵੀ ਕੰਪਨੀ ਕਿੰਗ ਕੁਈਨ ਫੋਜ ਵਲੋਂ ਇਸਵੀ 1849 ਨੂੰ ਲਾਹੌਰ ਪੰਜਾਬ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਫੋਜ ਨੂੰ ਹਰਾ ਕੇ ਪੰਜਾਬ ਆਪਣੇ ਅਧੀਨ ਕਰ ਲਿਆ ਤੇ ਪਾੜੋ - ਵੰਡੋ - ਰਾਜ ਕਰੋ ਨੀਤੀ ਤਹਤ ਸਿੱਖ ਖਾਲਸਾ ਪੰਥ ਇਤਿਹਾਸ ਨੂੰ ਬਰਤਾਨਵੀ ਕ੍ਰਿਸ਼ਚੀਅਨ ਅਫਸਰਾਂ ਸ਼੍ਰੀ ਮਾਨ ਮੈਕਸ ਆਰਥਰ ਸਿੰਘ ਮਕਾਲਫ - ਜੋਸੇਫ ਡੈਵੀ ਕੁਨਨਘਮ - ਵਿਲਿਯਮ ਹਿਵਾਟ ਮੈਕਲੋਡ - ਭਾਈ ਕਾਹਨਸਿੰਘ ਨਾਭਾ - ਮਹਾਰਾਜਾ ਰਿਪੁਦਮਨ ਸਿੰਘ ਨਾਭਾ - ਨਾਲ ਮਿਲ ਕੇ ਸਨਾਤਨ ਧਰਮ - ਹਿੰਦੂ - ਬ੍ਰਾਹਮਣ ਵਿਰੋਧੀ ਇਤਿਹਾਸ ਕਿਤਾਬਾਂ ਲਿਖਵਾਇਆ ਜੈਸੇ ਹਮ ਹਿੰਦੂ ਨਹੀਂ ਹੈ।

ਈਸਵੀ 1906 ਵਿਚ ਸ਼੍ਰੀਮਾਨ ਅਰੂੜਸਿੰਘ ਸ਼ੇਰਗਿੱਲ ਜੱਟ ਨਾਨਾ ਸ਼੍ਰੀਮਾਨ ਸਿਮਰਜੀਤ ਸਿੰਘ ਮਾਨ ਜੱਟ ਮੈਂਬਰ ਭਾਰਤ ਲੋਕਸਭਾ ਜੋ ਬਰੀਟੀਸ਼ ਰਾਜ ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੇ ਮੈਜਿਸਟ੍ਰੇਟ ਪਹਿਲਾ ਦਰਜਾ ਤੇ ਜਥੇਦਾਰ ਅਕਾਲ ਤਖ਼ਤ ਦਰਬਾਰ ਸਾਹਿਬ ਗੁਰਦਵਾਰਾ ਨੇ ਸਰਕਾਰੀ ਹੁਕਮ ਪਾਸ ਕਰ ਕੇ ਸਾਰੀਆਂ ਸਨਾਤਨ ਧਰਮ ਦੀਆ ਪਵਿਤ੍ਰ ਦੇਵੀ ਦੇਵਤਿਆਂ ਦੀਆ ਮੂਰਤੀਆਂ ਸ਼੍ਰੀ ਦਰਬਾਰ ਸਾਹਿਬ ਗੁਰਦਵਾਰਾ ਸਵਰਨ ਮੰਦਿਰ ਅੰਮ੍ਰਿਤਸਰ ਦੀ ਪਰਿਕਰਮਾ ਚੋ ਪੁਟਵਾ - ਤੋੜ ਕੇ ਬਾਹਰ ਸੜਕ ਤੇ ਸੁੱਟ ਦਿਤੀਆਂ - ਨਾਲ ਹੀ ਪਵਿਤ੍ਰ ਗ੍ਰੰਥਾਂ ਦੀ ਬੇਅਦਬੀ ਬਾਹਰ ਫਾੜ ਕੇ ਸੁੱਟ ਦਿੱਤੇ ਤੇ ਹਿੰਦੂ ਪੁਜਾਰੀਆਂ ਦੀ ਅੰਦਰ ਆਣ - ਰੀਤੀਰਿਵਾਜਾ ਤੇ ਪਾਬੰਦੀ ਲਗਾ ਦਿੱਤੀ। ਈਸਵੀ 1913-1915 ਵਿਚ ਮੁਸਲਮਾਨ ਮੁਗ਼ਲਵਾਰਸੀ ਤੇ ਔਰੰਗਵਾਦੀ ਹਕੀਮ ਅਲਾਹ ਯਾਰ ਖਾਨ ਯੋਗੀ ਤੋਂ ਸਨਾਤਨ ਧਰਮ ਬ੍ਰਾਹਮਣ ਵਿਰੋਧੀ - ਪੁਜਾਰੀ ਵਿਰੋਧੀ - ਇਕ ਕਾਲਪਨਿਕ ਆਦਮੀ ਗੰਗੂ ਬ੍ਰਾਹਮਣ ਰਸੋਈਆ ਗਲਤ ਨਾਮ ਦੇ ਕੇ ਦੋ ਕਿਤਾਬਾਂ - ਸ਼ਹੀਦੇ ਵਫਾ - ਗਜੇ ਸ਼ਹੀਦਾਂ ਲਿਖਵਾਇਆ - ਛਪਵਾਇਆ। ਜਿਸ ਦਾ ਗਲਤ - ਪੰਡੀ - ਨਿੰਦਕ - ਝੂਠ ਪ੍ਰਚਾਰ ਮੂਰਖ ਲੋਕ - ਕਮੇਟੀਆ ਈਸਵੀ 2023 ਤਕ ਕਰ ਰਹੀਆ ਨੇ

ਸਰਹਿੰਦ ਓਰਥੋਪੇਡਿਕ ਮਲਟੀਸਪੇਸ਼ਲਿਟੀ ਮੈਡੀਕਲ ਸੈਂਟਰ SCO 22, Sector 33-D, Chandigarh. Ph: 0172-4372472 M: 99155 61211. Dr. Rajinder Sharma

CMYK

29-Dec-PAGE-3.qxd 12/28/2023 11:11 PM Page 1



# ਮਿੱਡ-ਡੇ ਮੀਲ ਦੇ ਨਵੇ ਮੀਨੂੰ ਨੇ ਅਧਿਆਪਕਾਂ ਦੇ ਸਾਹ ਸੂਤੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਵਲੋਂ ਮਿੱਡ-ਡੇ-ਮੀਲ ਦੀ ਰਾਸ਼ੀ 10 ਰੁਪਏ ਪ੍ਰਤੀ ਵਿਦਿਆਰਥੀ ਕਰਨ ਦੀ ਮੰਗ ਕੀਤੀ ਹੈ। ਬੀਤੇ ਦਿਨੀ ਸਿੱਖਿਆ ਵਿਭਾਗ ਵਲੋਂ ਮਿੱਡ-ਡੇ-ਮੀਲ ਦੇ ਮੀਨੂੰ ਵਿੱਚ ਤਬਦੀਲੀ ਕੀਤੀ ਗਈ ਹੈ ਜਿਸ ਵਿੱਚ ਇੱਕ ਦਿਨ ਬੱਚਿਆਂ ਲਈ ਮਿੱਡ -ਡੇ -ਮੀਲ ਦੇ ਨਾਲ਼ ਕੇਲੇ ਤੇ ਇੱਕ ਦਿਨ ਛੋਲੇ ਪੂੜੀਆਂ ਦੇਣ ਦੀ ਹਿਦਾਇਤ ਕੀਤੀ ਹੈ। ਇਸ ਬਾਰੇ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ, ਸੀਨੀਅਰ ਮੀਤ ਪ੍ਰਧਾਨ ਅਮਰ ਸਿੰਘ, ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ, ਜੱਥੇਬੰਧਕ ਸਕੱਤਰ ਹਰਵਿੰਦਰ ਸਿੰਘ, ਜੁਆਇੰਟ ਸਕੱਤਰ ਵਿਕਾਸ ਸ਼ਰਮਾ ਆਗੂਆਂ ਨੇ ਕਿਹਾ ਹੈ ਕਿ ਪੁਰਾਣੀ ਕੁਕਿੰਗ ਕੌਸਟ ਅਨੁਸਾਰ ਛੋਲੇ-ਪੂੜੀਆਂ ਤੇ ਕੇਲਿਆਂ ਦਾ ਖਰਚਾ ਕਰਨਾ ਅਸੰਭਵ ਹੋਵੇਗਾ ਕਿਉਂਕਿ ਤੇਲ ਦੇ ਭਾਅ ਮਹਿੰਗਾਈ ਕਾਰਨ ਪਹਿਲਾਂ ਹੀ ਅਸਮਾਨ ਨੂੰ ਛੂਹ ਰਹੇ ਹਨ। ਨਵੇਂ ਮੀਨੂੰ ਅਨੁਸਾਰ ਪੰਜਾਬ ਦੇ ਸਾਰੇ ਅਧਿਆਪਕਾਂ ਦੇ ਸਾਹ ਸੂਤੇ ਪਏ ਹਨ ਕਿ ਪੁਰਾਣੀ ਕੁਕਿੰਗ ਕੌਸਟ ਤੇ ਹੋਰ ਵਾਧੂ ਖਰਚੇ ਤੇ ਮਿੱਡ-ਡੇ-ਮੀਲ ਦਾ ਪ੍ਰਬੰਧ ਕਿਵੇਂ ਕੀਤਾ ਜਾਵੇਗਾ। ਇਸ ਸਮੇਂ ਗੌਰਮਿੰਟ ਟੀਚਰਜ



ਯੂਨੀਅਨ ਪੰਜਾਬ ਵਲੋਂ ਮੁੱਖ-ਮੰਤਰੀ ਪੰਜਾਬ ਤੇ ਸਿੱਖਿਆ-ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਪਰ ਵਿਦਿਆਰਥੀ ਕੁਕਿੰਗ ਕੌਸਟ 10 ਰੁਪਏ ਕੀਤੀ ਜਾਵੇ ਤੇ ਕੇਲਿਆਂ ਲਈ ਮਿੱਡ -ਡੇ -ਮੀਲ ਤੋਂ ਬਜ਼ਾਰ ਦੇ ਭਾਅ ਅਨੁਸਾਰ ਅਲੱਗ ਅਤੇ ਸਮੇਂ ਸਿਰ ਕੁਕਿੰਗ-ਕੌਸਟ ਸਕੂਲਾਂ ਦੇ ਖਾਤਿਆਂ ਵਿੱਚ ਭੇਜੀ ਜਾਵੇ। ਇਸ ਮੌਕੇ ਵਰਿੰਦਰ ਵਿੱਕੀ,ਪ੍ਰਿੰਸ ਗੜ੍ਹਦੀਵਾਲਾ, ਅਰਵਿੰਦਰ ਸਿੰਘ ਮਾਹਿਲਪੁਰ, ਹੈੱਡਮਾਸਟਰ ਸੰਦੀਪ ਸਿੰਘ, ਬਲਜੀਤ ਕੌਸ਼ਲ, ਨਰੇਸ਼ ਕੁਮਾਰ ਗੜ੍ਹਸ਼ੰਕਰ, ਸੰਜੀਵ ਧੂਤ, ਗੁਰਨਾਮ ਸਿੰਘ,ਰਜਤ ਮਹਾਜਨ , ਸਚਿਨ ਕੁਮਾਰ, ਸ਼ਾਮ ਸੁੰਦਰ ਕਪੂਰ, ਨਰਿੰਦਰ ਅਜਨੋਹਾ, ਕੇਸ਼ਵ ਦਾਸ ਖੇਪੜ, ਸਤਵਿੰਦਰ ਮਾਹਿਲਪੁਰ, ਸਤੀਸ਼ ਕੁਮਾਰ, ਰਾਜ ਕੁਮਾਰ, ਸੰਦੀਪ ਸ਼ਰਮਾ ਬਾਗਪੁਰ, ਰਣਵੀਰ ਸਿੰਘ ,ਅਨੁਪਮ ਰਤਨ, ਲੈਕਚਰਾਰ ਉਪਿੰਦਰਜੀਤ ਸਿੰਘ, ਸਰਬਜੀਤ ਟਾਂਡਾ, ਨਰਿੰਦਰ ਮੰਗਲ, ਰਾਜੇਸ਼ ਅਰੋੜਾ, ਮਨਜੀਤ ਸਿੰਘ ਮੁਕੇਰੀਆਂ, ਪ੍ਰਿੰਸੀਪਲ ਬਲਵੀਰ ਸਿੰਘ, ਸ਼ਸ਼ੀਕਾਂਤ ਤਲਵਾੜਾ, ਕਮਲਦੀਪ ਸਿੰਘ ਭੂੰਗਾ, ਲੈਕਚਰਾਰ ਸੰਜੀਵ ਕੁਮਾਰ,ਬਲਜੀਤ ਕੌਸ਼ਲ, ਪਵਨ ਗੋਇਲ, ਅਸ਼ੋਕ ਕੁਮਾਰ ਬੁਲੋਵਾਲ, ਮਨੋਜ ਰਤਨ, ਖੁਸ਼ਵੰਤ ਸਿੰਘ ਮੁਕੇਰੀਆਂ, ਜਸਵਿੰਦਰ ਬੁਲੋਵਾਲ, ਜਰਨੈਲ ਸਿੰਘ , ਮਨਵੀਰ ਸਿੰਘ , ਅਮਨਦੀਪ ਸਿੰਘ , ਲੈਕਚਰਾਰ ਹਰਜੀਤ ਸਿੰਘ , ਲੈਕਚਰਾਰ ਸਵਰਨ ਸਿੰਘ ,ਜਸਵੰਤ ਸਿੰਘ ਮੁਕੇਰੀਆਂ, ਪਰਸਰਾਮ, ਨਰੇਸ਼ ਕੁਮਾਰ ਮੇਧਾ , ਅਮਰਜੀਤ ਹਾਜੀਪੁਰ, ਗੁਰਵਿੰਦਰ ਜੱਜ ਤੇ ਸੁਰਿੰਦਰ ਕੁਮਾਰ ਕਮਾਹੀ ਦੇਵੀ, ਨਰੇਸ਼ ਕੁਮਾਰ ਆਦਿ ਹਾਜ਼ਰ ਸਨ।

# ਸ਼ਹਾਦਤ ਦਿਵਸ 'ਤੇ ਕੈਬਨਿਟ ਮੰਤਰੀ ਪੰਜਾਬ ਨੇ ਕੱਢੀ ਪੈਦਲ ਯਾਤਰਾ

**ਪਠਾਨਕੋਟ, (ਦਵਿੰਦਰ ਸਿੰਘ)**

ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਨੂੰ ਸਮਰਪਤ ਸ਼ਹਾਦਤ ਦਿਵਸ 'ਤੇ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅਪਣੇ ਜੱਦੀ ਪਿੰਡ ਕਟਾਰੂਚੱਕ ਤੋਂ ਇੱਕ ਪੈਦਲ ਯਾਤਰਾ ਕੱਢੀ। ਪੈਦਲ ਯਾਤਰਾ ਵਿੱਚ ਕੈਬਨਿਟ ਮੰਤਰੀ ਪੰਜਾਬ ਦੀ ਧਰਮਪਤਨੀ ਉਰਮਿਲਾ ਦੇਵੀ, ਉਨ੍ਹਾਂ ਦੇ ਸਪੁੱਤਰ ਰੋਬਿਨ ਸਿੰਘ ਅਤੇ ਰੋਹਿਤ ਸਿੰਘ ਤੋਂ ਇਲਾਵਾ ਹੋਰ ਪਰਵਾਰਕ ਲੋਕ, ਪਿੰਡ ਕਟਾਰੂਚੱਕ ਨਿਵਾਸੀ ਅਤੇ ਭਾਰੀ ਸੰਖਿਆ ਵਿੱਚ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ। ਪੈਦਲ ਯਾਤਰਾ ਪਿੰਡ ਕਟਾਰੂਚੱਕ ਤੋਂ ਸ਼ੁਰੂ ਕੀਤੀ ਗਈ ਜੋ ਕਿ ਪਿੰਡ ਡਿਬਕੂ ਧਲੋਰੀ ਤੋਂ ਹੁੰਦੇ ਹੋਏ ਨੈਸ਼ਨਲ ਹਾਈਵੇ ਤੋਂ ਹੁੰਦੇ ਹੋਏ ਕੋਟਲੀ, ਜਸਵਾਲੀ, ਬਾਰਠ ਸਾਹਿਬ, ਸਮਰਾਲਾ ਤੋਂ ਹੁੰਦੇ ਹੋਏ ਬਾਰਠ ਸਾਹਿਬ ਵਿਖੇ ਪਹੁੰਚੀ। ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਦਾ ਭਰਵਾਂ ਸਵਾਗਤ ਕੀਤਾ। ਕੈਬਨਿਟ ਮੰਤਰੀ ਬਾਬਾ ਸ੍ਰੀ ਚੰਦ ਜੀ ਤਪਅਸਥਾਨ ਸ੍ਰੀ ਬਾਰਠ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਇਸ ਮੌਕੇ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕਾਂ ਵੱਲੋਂ ਅੱਜ ਦੇ ਦਿਨ ਦੀ ਮਹੱਤਤਾ 'ਤੇ ਰੋਸ਼ਨੀ ਪਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸਤੀਸ਼ਸ਼ ਮਹਿੰਦਰੂ ਚੇਅਰਮੈਨ ਦਾ ਹਿੰਦੂ ਕਾਰਪੋਰੇਟਿਵ ਬੈਂਕ ਪਠਾਨਕੋਟ, ਸੌਰਵ ਬਹਿਲ, ਐਡਵੋਕੇਟ



ਰਮੇਸ਼ ਕੁਮਾਰ, ਨਰੇਸ਼ ਸੈਣੀ ਬੀ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ, ਸੁਰਿੰਦਰ ਸ਼ਾਹ ਬਲਾਕ ਪ੍ਰਧਾਨ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਕੁਲਵੰਤ ਸਿੰਘ ਬਲਾਕ ਪ੍ਰਧਾਨ, ਖੁਸ਼ਬੀਰ ਕਾਟਲ ਸੀਨੀਅਰ ਆਪ ਨੇਤਾ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਰਜਿੰਦਰ ਸਿੰਘ ਭਿੱਲਾ ਬਲਾਕ ਪ੍ਰਧਾਨ, ਸ਼ੈਲੀ ਸ਼ਰਮਾ ਬਲਾਕ ਪ੍ਰਧਾਨ, ਮੁੰਨਾ ਕਟਾਰੂਚੱਕ, ਹਰਜੀਤ ਭਗਤ ਐਸ.ਸੀ. ਵਿੰਗ ਜ਼ਿਲ੍ਹਾ ਪ੍ਰਧਾਨ, ਦੀਪਕ ਗਤੋਰਾ, ਸ਼ਿਵ ਪਾਵਾ, ਮਾਸਟਰ ਹਜ਼ਾਰੀ ਲਾਲ, ਪਰਮੋਦ ਬਾਰਠ ਸਾਹਿਬ, ਰਵੀ ਜਸਵਾਲੀ, ਸਾਹਿਲ ਗੋਬਿੰਦਸਰ ਆਦਿ ਹਾਜ਼ਰ ਸਨ। ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਅੱਜ ਦਾ ਸੰਗਤਾਂ ਦਾ ਯਤਨ ਜੋ ਕਟਾਰੂਚੱਕ ਤੋਂ ਗੁਰੂਦੁਆਰਾ ਸ੍ਰੀ ਬਾਰਠ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ। ਉਨ੍ਹਾਂ ਕਿਹਾ ਕਿ ਪੋਹ ਦੇ ਦਿਨ ਹਨ ਅਤੇ ਇਹ ਦਿਨ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਮਹੱਤਤਾ ਰੱਖਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਵਾਰ ਕਿਸ ਤਰ੍ਹਾਂ ਨਾਲ ਜ਼ੁਲਮ ਖਿਲਾਫ ਲੜਦੇ ਹੋਏ ਜਿਸ ਵਿੱਚ ਛੋਟੇ ਸਾਹਿਬਜ਼ਾਦੇ ਅਤੇ ਵੱਡੇ ਸਾਹਿਬਜ਼ਾਦੇ ਵੀ ਸ਼ਾਮਲ ਸਨ, ਨੇ ਸ਼ਹਾਦਤਾਂ ਪਾਈਆਂ, ਚਾਹੇ ਉਹ ਚਮਕੌਰ ਦੀ ਗੜ੍ਹੀ ਦੀ ਜੰਗ ਹੋਵੇ ਜਿੱਥੇ ਵੱਡੇ ਸਾਹਿਬਜ਼ਾਦਿਆਂ ਨੇ ਲੱਖਾਂ ਜ਼ੁਲਮੀਆਂ ਦਾ ਮੁਕਬਲਾ ਕੀਤਾ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਨੇ ਅਣਮਨੁੱਖੀ ਤਸ਼ੱਦਦ ਕਰਕੇ ਜ਼ੁਲਮ ਢਾਏ, ਪਰ ਉਨ੍ਹਾਂ ਛੋਟੀਆਂ ਰੂਹਾਂ ਨੇ ਹਾਰ ਨਾ ਮੰਨੀ, ਇੱਥੋਂ ਤੱਕ ਕਿ ਮਾਤਾ ਗੁਜਰੀ ਨੇ ਵੀ ਇਸ ਜੰਗ ਵਿੱਚ ਸ਼ਹਾਦਤ ਪਾਈ। ਉਨ੍ਹਾਂ ਕਿਹਾ ਕਿ ਅਗਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਝਾਤ ਪਾਈ ਜਾਵੇ ਤਾਂ ਅੱਜ ਦੇ ਦਿਨ੍ਹਾਂ ਅੰਦਰ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਦਾ ਅਸੀਂ ਕਦੇ ਵੀ ਕਰਜ਼ ਨਹੀਂ ਉਤਾਰ ਸਕਦੇ। ਉਨ੍ਹਾਂ ਕਿਹਾ ਕਿ ਅਸੀਂ ਇਸ ਇਲਾਹੀ ਕੁਰਬਾਨੀ ਨੂੰ ਨਤਮਸਤਕ ਕਰਦੇ ਹਾਂ।

# ਡੀ ਸੀ ਵੱਲੋਂ ਨੈਸ਼ਨਲ ਹਾਈਵੇ ਦੇ ਦੋਵੇਂ ਪਾਸੇ ਸਾਈਨੇਜ ਬੋਰਡ ਲਗਾਉਣ ਦੇ ਨਿਰਦੇਸ਼

**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**

ਨਵੇਂ ਸਾਲ ਦੀ ਆਮਦ ਤੇ ਛੁੱਟੀਆਂ ਹੋਣ ਕਾਰਨ ਬਾਹਰੋਂ ਟੂਰਿਸਟਾਂ ਦੀ ਵਧੀ ਆਮਦ ਕਰਕੇ ਸ਼ਹਿਰ ਵਿੱਚ ਟ੍ਰੈਫਿਕ ਆਵਾਜਾਈ ਕਾਫੀ ਵਧ ਗਈ ਜਿਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਅਤੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਨੈਸ਼ਨਲ ਹਾਈਵੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਬੁਰਜੀ ਪੁਲਸ ਲਾਈਨ ਅੰਮ੍ਰਿਤਸਰ ਦਿਹਾਤੀ ਦੇ ਸਾਹਮਣੇ ਸਾਈਨ ਬੋਰਡ ਲਗਾਏ ਜਾਣ ਤਾਂ ਜੋ ਬਾਹਰੋ ਆ ਰਹੀ ਯਾਤਰੂਆਂ ਨੂੰ ਗੁਰਦਾਸਪੁਰ, ਜੰਮੂ, ਅਟਾਰੀ ਵਾਹਗਾ ਬਾਰਡਰ, ਏਅਰਪੋਰਟ ਬਾਈਪਾਸ ਜਾਣ ਲਈ ਰਸਤੇ ਦਾ ਪਤਾ ਲੱਗ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸੇ ਤਰ੍ਹਾਂ ਹੀ ਅਟਾਰੀ ਵਾਹਗਾ ਬਾਰਡਰ ਆਉਣ ਵਾਲੀ ਟ੍ਰੈਫਿਕ ਲਈ ਆਰਮੀ ਗੇਟ ਨੰ: 2 ਅਤੇ ਇੰਡੀਆ ਗੇਟ ਤੋਂ 500 ਮੀਟਰ ਪਿਛੇ ਸਾਈਨ ਬੋਰਡ ਜਰੂਰ ਲਗਾਏ ਜਾਣ ਤਾਂ ਜੋ ਬਾਹਰੋਂ ਆ ਰਹੇ ਯਾਤਰੂਆਂ ਨੂੰ ਬਾਈਪਾਸ ਰਸਤੇ ਦਾ ਪਤਾ ਲੱਗ ਸਕੇ। ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਭੰਡਾਰੀ ਪੁਲ 'ਤੇ ਸ੍ਰੀ ਹਰਿਮੰਦਰ ਸਾਹਿਬ ਜਾਣ ਵਾਲੇ ਰਸਤੇ ਤੇ ਸਾਈਨ ਬੋਰਡ ਵੀ ਜਰੂਰ ਲਗਾਏ ਜਾਣ। ਉਨ੍ਹਾਂ ਰਿਜਨਲ ਟਰਾਂਸਪੋਰਟ ਅਥਾਰਟੀ ਅਤੇ ਨਗਰ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਆਮ ਤੌਰ ਤੇ ਟੂਰਿਸਟ ਬੱਸਾਂ ਦੇ ਡਰਾਈਵਰਾਂ ਵੱਲੋਂ ਪੁਲਾਂ, ਰੇਲਵੇ ਸਟੇਸ਼ਨ ਦੇ ਕੋਲ ਸੜਕ ਤੇ ਹੀ ਬੱਸਾਂ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਹਨ ਜਿਸ ਕਰਕੇ ਟ੍ਰੈਫਿਕ ਜਾਮ ਦੀ ਸਥਿਤੀ ਪੈਦਾ ਹੁੰਦੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਨ੍ਹਾਂ ਬੱਸਾਂ ਨੂੰ ਖੜਾ ਕਰਨ ਲਈ ਮਾਲ ਮੰਡੀ, ਪਟਾਖਾ ਮਾਰਕੀਟ, ਜਹਾਜ ਗੜ੍ਹ ਅਤੇ ਬਾਈਪਾਸ ਤੇ ਜਗ੍ਹਾ ਮੁਹੱਈਆ ਕਰਵਾਈ ਜਾਵੇ। ਪੁਲਸ ਕਮਿਸ਼ਨਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੜਕਾਂ ਤੇ ਨਾਜਾਇਜ਼ ਕਬਜ਼ੇ ਹਟਾਏ ਜਾਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਬੀ:ਆਰ:ਟੀ:ਐਸ ਦੇ ਐਂਟਰੀ/ਐਗਜ਼ਿਟ ਪੁਆਇੰਟਾਂ ਤੇ ਰਿਫਲੈਕਟਰ/ਬਲੰਕਰ ਜ਼ਰੂਰ ਲਗਾਏ ਜਾਣ। ਉਨ੍ਹਾਂ ਕਿਹਾ ਕਿ ਬੀ:ਆਰ:ਟੀ:ਐਸ ਲੇਨ ਵਿੱਚ ਪ੍ਰਾਈਵੇਟ ਅਤੇ ਸਰਕਾਰੀ ਬੱਸਾਂ ਚਲਾਉਣ ਦੀ ਪੂਰਨ ਤੌਰ 'ਤੇ ਮਨਾਹੀ ਹੈ। ਪੁਲਸ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਧੁੰਦ ਦੇ ਦਿਨਾਂ ਵਿੱਚ ਆਪਣੀ ਵਹੀਕਲਾਂ ਦੀ ਸਪੀਡ ਨੂੰ ਘੱਟ ਰੱਖਿਆ ਜਾਵੇ ਤਾਂ ਜੋ ਦੁਰਘਟਨਾਵਾਂ ਤੋਂ ਬਚਾਓ ਹੋ ਸਕੇ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਏ:ਡੀ:ਸੀ:ਪੀ ਪਰਵਿੰਦਰ ਕੌਰ, ਏ:ਡੀ:ਸੀ:ਪੀ ਟ੍ਰੈਫਿਕ ਅਮਨਦੀਪ ਕੌਰ, ਰਿਜਨਲ ਟਰਾਂਸਪੋਰਟ ਅਥਾਰਟੀ ਅਰਸ਼ਦੀਪ ਸਿੰਘ, ਐਸ:ਸੀ ਨਗਰ ਨਿਗਮ ਸੰਦੀਪ ਸਿੰਘ, ਵਿਸ਼ਾਲ ਵਧਾਵਨ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਮੋਬਾਈਲ ਖੋਹਣ ਵਾਲੇ ਦੋ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਦੋਰਾਂਗਲਾ ਪੁਲਸ ਨੇ ਮੋਬਾਈਲ ਫ਼ੋਨ ਖੋਹਣ ਵਾਲੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਭੁਪਿੰਦਰ ਸਿੰਘ ਨੇ ਦੱਸਿਆ ਕਿ ਸੁਨੀਲ ਕੁਮਾਰ ਪੁੱਤਰ ਮੱਖਣ ਲਾਲ ਵਾਸੀ ਸ਼ਾਹਪੁਰ ਅਫਗਾਨਾ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ 26 ਦਸੰਬਰ ਨੂੰ ਮੈਂ ਅਤੇ ਉਸ ਦੀ ਭੈਣ ਅੰਜੂ ਬਾਲਾ ਆਪਣੇ ਮੋਟਰਸਾਈਕਲ 'ਤੇ ਅੱਡਾ ਗਾਹਲੜੀ ਤੋਂ ਆਪਣੇ ਘਰ ਨੂੰ ਜਾ ਰਹੇ ਸੀ ਅਤੇ ਮੈਂ ਮੋਟਰਸਾਈਕਲ 'ਤੇ ਚਲਦੇ ਆਪਣੇ ਮੋਬਾਇਲ ਫੋਨ 'ਤੇ ਗੱਲ ਕਰ ਰਿਹਾ ਸੀ ਕਿ ਰਾਤ ਕਰੀਬ 8.30 ਵਜੇ ਜਦ ਉਹ ਪਿੰਡ ਤਾਜਪੁਰ ਸਕੂਲ ਨੇੜੇ ਪੁੱਜੇ ਤਾਂ ਪਿੱਛੇ ਤੋਂ ਇੱਕ ਪਲਸਰ ਮੋਟਰਸਾਈਕਲ 'ਤੇ 2 ਨਾਮਲੂਮ ਵਿਅਕਤੀ ਸਵਾਰ ਹੋ ਕੇ ਆਏ ਅਤੇ ਆਪਣਾ ਮੋਟਰਸਾਈਕਲ ਸਾਡੇ ਮੋਟਰਸਾਈਕਲ ਦੇ ਬਰਾਬਰ ਲਿਆ ਕੇ ਮੇਰਾ ਫੋਨ ਝਪਟ ਮਾਰ ਕੇ ਖੋਹ ਕੇ ਪਿੰਡ ਡੁਗਰੀ ਸਾਈਡ ਨੂੰ ਚਲੇ ਗਏ। ਥਾਣਾ ਦੋਰਾਂਗਲਾ ਪੁਲਸ ਨੇ 2 ਨਾਮਲੂਮ ਵਿਅਕਤੀਆਂ ਖ਼ਿਲਾਫ਼ 379 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਚੈੜਾ ਵਿਖੇ ਕੀਰਤਨ ਦਰਬਾਰ ਸੰਬੰਧੀ ਪੋਸਟਰ ਜਾਰੀ



**ਮੇਹੀਆਣਾ (ਜਗਤਾਰ ਸਿੰਘ ਭੁੰਗਰਨੀ)**- ਗੁਰਦੁਆਰਾ ਸਿੰਘ ਸਭਾ ਪਿੰਡ ਚੈੜਾ ਨੇੜੇ ਅਜਨੋਹਾ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਵਾਸੀ ਵੀਰਾਂ, ਸਮੂਹ ਨਗਰ ਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਜੋ ਪਹਿਲਾ ਆਤਮਰਸ ਕੀਰਤਨ ਦਰਬਾਰ 29 ਦਸੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਗੁਰਦਰਸ਼ਨ ਸਿੰਘ, ਸਾਬਕਾ ਸਰਪੰਚ ਦਲਜੀਤ ਸਿੰਘ, ਹਰਦੀਪ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਦੀ ਅਗਵਾਈ 'ਚ ਕਰਵਾਇਆ ਜਾ ਰਿਹਾ ਹੈ, ਸਬੰਧੀ ਪੋਸਟਰ ਜਾਰੀ ਕੀਤਾ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਕੀਰਤਨ ਦਰਬਾਰ ਵਿੱਚ ਭਾਈ ਜਸਲੀਨ ਸਿੰਘ ਪਾਂਸ਼ਟਾ, ਭਾਈ ਮਨਪ੍ਰੀਤ ਸਿੰਘ ਸ਼ਾਹਕੋਟ, ਭਾਈ ਅਮਨਦੀਪ ਸਿੰਘ ਬਖੋਪੁਰ ਤੇ ਢਾਡੀ ਭਾਈ ਗੁਰਮੇਲ ਸਿੰਘ ਬਘਾਣਾ ਆਦਿ ਦੇ ਜਥੇ ਸੰਗਤਾਂ ਨੂੰ ਗੁਰਬਾਣੀ ਕਥਾ-ਕੀਰਤਨ ਤੇ ਢਾਡੀ ਵਾਰਾਂ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਮਨਜੀਤ ਸਿੰਘ, ਬਲਵੀਰ ਸਿੰਘ, ਦਲਜੀਤ ਸਿੰਘ ਕਾਕਾ, ਰਮਨਦੀਪ ਸਿੰਘ, ਸੁੱਖਵਿੰਦਰ ਸਿੰਘ, ਨਰਿੰਦਰ ਸਿੰਘ, ਸਰਪੰਚ ਰਵਿੰਦਰ ਕੌਰ, ਕੁਲਜੀਤ ਕੌਰ, ਕੁਲਵੰਤ ਸਿੰਘ, ਇਵਰਾਜ ਸਿੰਘ, ਗੁਰਸਾਹਿਬ ਸਿੰਘ, ਖੁਸ਼ਪ੍ਰੀਤ ਸਿੰਘ, ਖੁਸ਼ਦੀਪ ਸਿੰਘ, ਸੁਖਮਨ ਸਿੰਘ ਆਦਿ ਹਾਜਰ ਸਨ।

# ਹੇਠਲੇ ਪੱਧਰ ਦੀ ਸ਼ਬਦਾਵਲੀ ਨਹੀਂ ਹੋ ਸਕਦੀ ਸੰਵਿਧਾਨਿਕ ਅਹੁਦੇ ਦੀ ਭਾਸ਼ਾ : ਖੰਨਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੇ ਆਹੁਦੇ ਦੀ ਮਰਿਆਦਾ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਪੰਜਾਬ ਦੀ ਝਾਕੀ ਨਾ ਹੋਣਾ ਸੱਚਮੁੱਚ ਅਫ਼ਸੋਸਜਨਕ ਹੈ ਪਰ ਇਸ 'ਤੇ ਟਿੱਪਣੀ ਕਰਨ ਸਮੇਂ ਹੇਠਲੇ ਪੱਧਰ ਦੀ ਸ਼ਬਦਾਵਲੀ ਦੀ ਵਰਤੋਂ ਕਰਨਾ ਸੰਵਿਧਾਨਿਕ ਆਹੁਦੇ ਨੂੰ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਆਪਣੇ ਅਧਿਕਾਰੀਆਂ ਦੀ ਕਾਰਵਾਈ ਦੀ ਵੀ ਘੋਖ ਕਰਨੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਦੂਜੀ ਵਾਰ ਹੋਇਆ ਹੈ ਕਿ ਕੇਂਦਰ ਨੇ ਪੰਜਾਬ ਦੀ ਝਾਕੀ ਨੂੰ ਰੱਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਕੇਂਦਰ ਨੂੰ ਨਿੰਦਣ ਦੀ ਬਜਾਏ ਆਪਣੀ ਪੀੜ੍ਹੀ ਥੱਲੇ ਵੀ ਸੋਟਾ ਮਾਰਨਾ ਚਾਹੀਦਾ ਹੈ ਕਿ ਕਿਸ ਪੱਧਰ ਤੇ ਕੋਈ ਕਮੀਂ ਰਹੀ ਹੈ, ਜਿਸ ਕਾਰਨ ਕੇਂਦਰ ਨੇ ਝਾਕੀ ਰੱਦ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਸੱਤਾ ਦੇ ਨਸ਼ੇ ਵਿੱਚ ਇਹ ਭੁੱਲ ਰਹੇ ਹਨ ਕਿ ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਕਿਹੜੇ-ਕਿਹੜੇ ਲਾਲੀਪਾਪ ਦਿੱਤੇ ਸਨ, ਜਿੰਨ੍ਹਾਂ ਤੇ ਉਹ ਖਰ੍ਹਾ ਨਹੀਂ ਉੱਤਰ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸ਼ਰੇਆਮ ਗੈਂਗਸਟਰਾਂ ਦਾ ਰਾਜ ਹੈ, ਦਿਨ -ਦਿਹਾੜੇ ਲੁੱਟਾਂ-ਖੋਹਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਅਮਨ ਕਾਨੂੰਨ ਵਾਲੀ ਸਥਿਤੀ ਨੂੰ ਸੰਭਾਲਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਹ ਇੱਕ ਵੱਡੀ ਨਾਕਾਮੀ ਹੈ ਕਿ ਇਸ ਦੀਆਂ ਗਲਤ ਯੋਜਨਾਵਾਂ ਕਰਕੇ ਰਾਸ਼ਟਰੀ ਸਿਹਤ ਮਿਸ਼ਨ ਨੇ ਸੂਬੇ ਨੂੰ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਤੇ ਪਾਬੰਦੀ ਲਗਾ ਦਿੱਤੀ ਹੈ। ਜਿਸ ਕਰਕੇ ਹੁਣ ਸਿਹਤ ਸਹੂਲਤਾਂ ਪ੍ਰਭਾਵਿਤ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਰਿਮੋਟ ਤੋਂ ਬਾਹਰ ਆ ਕੇ ਕੰਮ ਕਰਨਾ ਚਾਹੀਦਾ ਹੈ।

# ਅਦਾਲਤ ਦਾ ਭਗੌੜਾ ਮੁਲਜ਼ਮ ਕਾਬੂ

**ਮਜੀਠਾ (ਸੋਇਮ ਆਨੰਦ)**- ਮਜੀਠਾ ਪੁਲਸ ਨੇ ਅਦਾਲਤ ਦਾ ਭਗੌੜਾ ਕਰਾਰ ਦਿੱਤਾ ਮੁਲਜ਼ਮ ਕਾਬੂ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਮਜੀਠਾ ਇੰਸਪੈਕਟਰ ਅਮੋਲਕ ਸਿੰਘ ਕਾਹਲੋਂ ਨੇ ਦੱਸਿਆ ਕਿ ਪੁਲਸ ਥਾਣਾ ਮਜੀਠਾ 'ਚ ਦਰਜ ਇਕ ਪੁਰਾਣੇ ਮੁਕੱਦਮੇ ਵਿਚ ਅਦਾਲਤ ਵਲੋਂ ਭਗੌੜਾ ਕਰਾਰ ਦਿੱਤੇ ਗਏ ਇੱਕ ਵਿਅਕਤੀ ਬਲਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਰੋਲਾ ਸਿੰਘ ਵਾਸੀ ਪਿੰਡ ਮਰੜੀ ਕਲਾਂ ਨੂੰ ਛਾਪਾਮਾਰੀ ਦੌਰਾਨ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਬਲਵਿੰਦਰ ਸਿੰਘ ਉਰਫ ਬਿੱਟੂ ਨੂੰ 20 ਜਨਵਰੀ 2021 ਨੂੰ ਏ ਐਸ ਆਈ ਕੁਲਵੰਤ ਸਿੰਘ ਤੇ ਪੁਲਸ ਪਾਰਟੀ ਵਲੋਂ ਉਸ ਦੇ ਘਰ ਛਾਪਾਮਾਰੀ ਦੌਰਾਨ 9 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਗਿਆ ਸੀ। ਜੋ ਜ਼ਮਾਨਤ 'ਤੇ ਰਿਹਾਅ ਹੋਣ ਉਪਰੰਤ ਅਦਾਲਤ ਚੋਂ ਗੈਰ ਹਾਜ਼ਰ ਰਹਿਣ ਤੇ ਅਦਾਲਤ ਵਲੋਂ ਉਸ ਨੂੰ 19 ਦਸੰਬਰ ਨੂੰ ਭਗੌੜਾ ਕਰਾਰ ਕਰ ਦਿੱਤਾ ਗਿਆ, ਜਿਸ ਨੂੰ ਏ ਐਸ ਆਈ ਹਰਜਿੰਦਰ ਸਿੰਘ ਤੇ ਪੁਲਸ ਪਾਰਟੀ ਵਲੋਂ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਹੈ।



# 7 ਰੋਜ਼ਾ ਐੱਨ ਐੱਸ ਐੱਸ ਕੈਂਪ ਆਰੰਭ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**— ਖਾਲਸਾ ਕਾਲਜ ਚਵਿੰਡਾ ਦੇਵੀ ਵਿਖੇ ਐੱਨਐੱਸਐੱਸ ਵਿਭਾਗ ਵੱਲੋਂ ਸੱਤ ਰੋਜ਼ਾ ਕੈਂਪ ਦਾ ਆਰੰਭ ਕੀਤਾ ਗਿਆ। ਇਸ ਕੈਂਪ ਦੀ ਆਰੰਭਤਾ ਮੌਕੇ ਕਾਲਜ ਪ੍ਰਿੰ. ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਐੱਨਐੱਸਐੱਸ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਮੌਕੇ ਕਾਲਜ ਪ੍ਰਿੰ. ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਇੱਕ ਜ਼ਿੰਮੇਵਾਰ ਨਾਗਰਿਕ ਬਣ ਕੇ ਸਮਾਜ ਵਿੱਚ ਵਿਚਰਨ ਅਤੇ ਸਮਾਜ ਸੇਵਾ ਲਈ ਹਮੇਸ਼ਾ ਤੱਤਪਰ ਰਹਿਣ। ਇਸ ਕੈਂਪ ਵਿੱਚ ਐੱਨਐੱਸਐੱਸ ਵਿਭਾਗ ਦੇ 75 ਵਲੰਟੀਅਰਾਂ ਨੇ ਭਾਗ ਲਿਆ। ਵਿਭਾਗ ਵੱਲੋਂ ਇਸ ਸੱਤ ਰੋਜ਼ਾ ਕੈਂਪ ਲਈ ਪਿੰਡ ਚਵਿੰਡਾ ਦੇਵੀ ਨੂੰ ਅਪਣਾਇਆ ਗਿਆ। ਇਸ ਕੈਂਪ ਦੇ ਪਹਿਲੇ ਦਿਨ ਵਲੰਟੀਅਰਾਂ ਵੱਲੋਂ ਵਾਤਾਵਰਨ ਵਿਸ਼ੇ ਨਾਲ ਸੰਬੰਧਤ ਇੱਕ ਵਿਸ਼ੇਸ਼ ਜਨ-ਚੇਤਨਾ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਦੀ ਅਗਵਾਈ ਐੱਨਐੱਸਐੱਸ ਵਿਭਾਗ ਦੇ ਇੰਚਾਰਜ ਪ੍ਰੋ. ਰਣਪ੍ਰੀਤ ਸਿੰਘ ਨੇ ਕੀਤੀ। ਇਸ ਰੈਲੀ ਦੀ ਸਮਾਪਤੀ ਸਮੇਂ ਪ੍ਰੋਗਰਾਮ ਅਫਸਰ ਪ੍ਰੋ. ਮਨਪ੍ਰੀਤ ਕੌਰ ਨੇ ਸਮੂਹ ਸਟਾਫ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ। ਇਸ ਸਮੇਂ ਪ੍ਰੋ. ਮਨਦੀਪ ਕੌਰ ਨੇ ਸੱਤ ਦਿਨਾਂ ਦੀਆਂ ਵੱਖ-ਵੱਖ ਗਤੀਵਿਧੀਆਂ ਤੋਂ ਵਲੰਟੀਅਰਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਨਾਟਕ ਖੇਡਿਆ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਪੰਜਾਬੀ ਦੇ ਸਿਰਮੌਰ ਕਵੀ ਹਾਸ਼ਮ ਸ਼ਾਹ ਦੀ ਯਾਦ 'ਚ ਸਥਾਪਿਤ ਹਾਸ਼ਮ ਸ਼ਾਹ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜਗਦੇਵ ਕਲਾਂ ਵਿਖੇ ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਆਵਾਜ਼ ਅਤੇ ਰੌਸ਼ਨੀ 'ਤੇ ਅਧਾਰਿਤ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਨਾਟਕ ਕਰਵਾਇਆ ਗਿਆ। ਇਸ ਮੌਕੇ ਕੇਵਲ ਧਾਰੀਵਾਲ ਦੀ ਟੀਮ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਆਵਾਜ਼ ਅਤੇ ਰੌਸ਼ਨੀ ਦੇ ਆਧਾਰਤ ਨਾਟਕ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ, ਖਾਲਸਾ ਪੰਥ ਦੀ ਸਾਜਨਾ, ਮਾਤਾ ਗੁਜਰ ਕੌਰ ਜੀ ਅਤੇ ਧਰਮ ਦੀ ਰੱਖਿਆ ਲਈ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਵਿਸਥਾਰ ਵਿੱਚ ਬਾਖੂਬੀ ਪੇਸ਼ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਸੰਬੋਧਨ ਕਰਦਿਆਂ ਉਨਾਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰ ਕੌਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਉਨਾਂ ਕਿਹਾ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਸਾਡੇ ਲਈ ਪ੍ਰੇਰਨਾ ਦਾ ਸੋਮਾ ਹੈ ਅਤੇ ਇਸ ਤੋਂ ਸੇਧ ਲੈ ਕੇ ਅਸੀਂ ਮਨੁੱਖ ਦੇ ਭਲੇ ਲਈ ਕੰਮ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਇਸ ਨਾਟਕ ਦਾ ਮੁੱਖ ਮਨੋਰਥ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਦੱਸਣਾ ਹੈ ਕਿ ਕਿਸ ਤਰ੍ਹਾਂ ਉਨਾਂ ਨੇ ਛੋਟੀ ਉਮਰੇ ਹੀ ਆਪਣੇ ਸ਼ਹਾਦਤ ਦੇ ਕੇ ਕੌਮ ਦੀ ਰੱਖਿਆ ਕੀਤੀ ਅਤੇ ਧਰਮ ਨੂੰ ਨਹੀਂ ਛੱਡਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਯਸ਼ਮੀਤ ਕੌਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਰਵੀਕਰਨ ਸਿੰਘ ਕਾਹਲੋਂ ਨੇ ਅਮਨਪਾਲ ਸਿੰਘ ਗੋਪੀ (ਕੈਨੇਡਾ) ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਥਾਨਕ ਕਸਬੇ ਦੇ ਨਜ਼ਦੀਕੀ ਪਿੰਡ ਮਛਰਾਲਾ ਵਿਖੇ ਤਪ ਅਸਥਾਨ ਬਾਬਾ ਗਰੀਬ ਦਾਸ ਦੇ ਗੱਦੀਨਸ਼ੀਨ ਮਹੰਤ ਬਾਬਾ ਗੁਰਸੇਵਕ ਸਿੰਘ ਦੇ ਭਰਾ ਅਤੇ ਬਾਬਾ ਨਿਸ਼ਾਨ ਸਿੰਘ ਦੇ ਨੌਜਵਾਨ ਸਪੁੱਤਰ ਅਮਨਪਾਲ ਸਿੰਘ (ਗੋਪੀ) ਜੋ 2 ਦਿਨ ਪਹਿਲਾਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਹਾਰਟ-ਅਟੈਕ ਆਉਣ ਨਾਲ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਅੱਜ ਡੇਰਾ ਬਾਬਾ ਨਾਨਕ ਤੋਂ ਸ਼ੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ, ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ ਆਪਣੇ ਸਾਥੀਆਂ ਸਮੇਤ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ ਤੇ ਉਨ੍ਹਾਂ ਮ੍ਰਿਤਕ ਨੌਜਵਾਨ ਅਮਨਪਾਲ ਸਿੰਘ ਗੋਪੀ ਦੇ ਪਿਤਾ ਬਾਬਾ ਨਿਸ਼ਾਨ ਸਿੰਘ ਮਛਰਾਲਾ, ਭਰਾ ਬਾਬਾ ਗੁਰਸੇਵਕ ਸਿੰਘ ਮਛਰਾਲਾ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ । ਉਨ੍ਹਾਂ ਕਿਹਾ ਕਿ ਨੌਜਵਾਨ ਅਮਨਪਾਲ ਸਿੰਘ (ਗੋਪੀ) ਦੀ ਹੋਈ ਬੇਵਕਤੀ ਮੌਤ ਨਾਲ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਜੋ ਕਦੇ ਵੀ ਪੂਰਾ ਨਹੀ ਹੋ ਸਕਦਾ। ਕਾਹਲੋਂ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਕਾਹਲੋਂ ਪਰਵਾਰ ਬਾਬਾ ਨਿਸ਼ਾਨ ਸਿੰਘ ਮਛਰਾਲਾ ਦੇ ਪਰਵਾਰ ਨਾਲ ਚਟਾਨ ਵਾਂਗ ਖੜ੍ਹਾ ਹੈ। ਮੈਂ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਨੌਜਵਾਨ ਅਮਨਪਾਲ ਸਿੰਘ ਗੋਪੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਿੱਛੇ ਸਾਰੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਇਸ ਮੌਕੇ ਐਡਵੋਕੇਟ ਪ੍ਰਮੀਤ



ਸਿੰਘ ਬੇਦੀ, ਐਡਵੋਕੇਟ ਬਲਵਿੰਦਰ ਕੌਰ ਵਡਾਲਾ ਬਾਂਗਰ, ਜਥੇਦਾਰ ਨਿਰਮਲ ਸਿੰਘ ਰੱਤਾ, ਜਥੇਦਾਰ ਰਜਿੰਦਰ ਸਿੰਘ ਬਾਜਵਾ ਵੇਰੋਕੇ, ਪੀ.ਏ.ਸਤਬੀਰ ਸਿੰਘ (ਬਿੱਟੂ), ਡਾਕਟਰ ਮਨਮੋਹਨ ਸਿੰਘ ਭੱਟੀ, ਮਾਸਟਰ ਜੋਗਿੰਦਰ ਸਿੰਘ ਵਡਾਲਾ ਬਾਂਗਰ, ਗਗਨਦੀਪ ਗੱਗੂ ਕਲਾਨੌਰ, ਬਾਬਾ ਸੁਰਜੀਤ ਸਿੰਘ ਕਾਦੀਆਂ, ਬਲਦੇਵ ਸਿੰਘ ਤਪਾਲਾ, ਬਲਵਿੰਦਰ ਸਿੰਘ ਬਿੱਲੂ, ਮੋਹਨ ਸਿੰਘ ਚਾਕਾਂਵਾਲੀ, ਗੁਰਪ੍ਰੀਤ ਸਿੰਘ ਰਾਜੂ, ਸ਼ਮਸ਼ੇਰ ਸਿੰਘ ਸਮਰਾਵਾਂ, ਡਾਕਟਰ ਮਦਨ ਮੋਹਨ ਮਹਾਜਨ, ਬਾਬਾ ਨਿਰਮਲ ਸਿੰਘ ਮਛਰਾਲਾ ਆਦਿ ਹਾਜ਼ਰ ਸਨ।

# ਬੱਸ ਸਟੈਂਡ ਖਾਸ ਕਾਲਾ ਵਿਖੇ ਦੁੱਧ ਦੇ ਲੰਗਰ ਲਾਏ



**ਕਾਲਾ ਸੰਘਿਆਂ (ਮਨਜੀਤ ਮਾਨ)**

ਇਥੇ ਨੌਜੁਆਨ ਸਭਾ ਦੇ ਪ੍ਰਧਾਨ ਗੁਰਦੀਪ ਸਿੰਘ ਵੱਡਾ, ਸੁਰਿੰਦਰ ਸਿੰਘ ਬਾਊ , ਸਤਨਾਮ ਸਿੰਘ ਸੱਤੀ, ਰਮਨਦੀਪ ਸਿੰਘ ਮੱਟੀ ਤੇ ਦੋਨਾਂ ਪੱਤਰਕਾਰ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਸੰਘਾ ਦੀ ਅਗਵਾਈ ਹੇਠ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਤੇ ਮੋਤੀ ਰਾਮ ਮਹਿਰਾ ਦੀ ਸ਼ਹਾਦਤ ਦੇ ਸਬੰਧ ਵਿੱਚ ਬੱਸ ਸਟੈਂਡ ਖਾਸ ਕਾਲਾ ਵਿਖੇ ਦੁੱਧ ਦੇ ਲੰਗਰ ਸੰਗਤਾਂ ਨੂੰ ਛਕਾਏ ਗਏ। ਇਸ ਮੌਕੇ ਉਕਤ ਆਗੂਆਂ ਨੇ ਕਿਹਾ ਕਿ ਸਾਨੂੰ ਆਪਣੇ ਰਹਿਬਰਾਂ ਦੀਆਂ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸਾਨੂੰ ਆਪਣੇ ਬੱਚਿਆਂ ਨੂੰ ਛੋਟੇ ਸਾਹਿਬਜ਼ਾਦਿਆਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਦੇ ਇਤਿਹਾਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਡਾਕਟਰ ਸੁਰਜੀਤ ਸਿੰਘ ਖੁਸਰੋ ਪੁਰ, ਪ੍ਰਸਿੱਧ ਗੀਤਕਾਰ ਰਾਮ ਲਾਲ ਕਾਲੇ ਵਾਲਾ, ਗੁਰਦਾਵਰ ਸਿੰਘ ਜੱਲੋਵਾਲ, ਸਰਬਨ ਸਿੰਘ ਸੰਘਾ, ਸੰਦੀਪ ਮਾਨ, ਬਿੱਲਾ ਮੱਟੂ,ਕੁਲਵੀਰ ਸਿੰਘ, ਯੋਗੇਸ਼ ਕੁਮਾਰ ਸੰਨੀ, ਰੋਹਿਤ ਸਰਨਾ ਯੂਕੇ, ਕੁਲਵਿੰਦਰ ਸਿੰਘ, ਹਰਦੇਵ ਸਿੰਘ, ਸਚਦੇਵ ਸਿੰਘ, ਪਰਮਵੀਰ ਸਿੰਘ , ਗੁਰਜੀਤ ਸਿੰਘ, ਗੁਰਪ੍ਰੀਤ ਸਿੰਘ ਵੱਲੋਂ ਦੁੱਧ ਦੇ ਲੰਗਰਾਂ ਵਿੱਚ ਸੇਵਾ ਕੀਤੀ ਗਈ।

# ਰਾਊਂਡ ਗਲਾਸ ਤੇਹਿੰਗ ਨੇ ਰਾਊਂਡ ਗਲਾਸ ਮਿੱਠਾਪੁਰ ਨੂੰ ਹਰਾ ਕੇ ਖਿਤਾਬ 'ਤੇ ਕੀਤਾ ਕਬਜ਼ਾ

**ਜਲੰਧਰ (ਸ਼ੈਲੀ ਐਲਬਰਟ)**

ਰਾਊਂਡ ਗਲਾਸ ਤੇਹਿੰਗ ਨੇ ਰਾਊਂਡ ਗਲਾਸ ਮਿੱਠਾਪੁਰ ਨੂੰ ਪੈਨਲਟੀ ਸ਼ੂਟ ਆਊਟ ਰਾਹੀਂ 4-3 ਦੇ ਫਰਕ ਨਾਲ ਹਰਾ ਕੇ ਦੂਜੀ ਰਾਊਂਡ ਗਲਾਸ ਗਰਾਸਰੂਟ ਹਾਕੀ ਲੀਗ 2023 (ਅੰਡਰ 16 ਲੜਕੇ) ਦਾ ਖਿਤਾਬ ਜਿੱਤ ਲਿਆ।ਨਿਰਧਾਰਤ ਸਮੇਂ ਦੀ ਸਮਾਪਤੀ ਤੱਕ ਦੋਵੇਂ ਟੀਮਾਂ 2-2 ਦੀ ਬਰਾਬਰੀ 'ਤੇ ਸਨ।ਸਥਾਨਕ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਸੰਪਨ ਹੋਈ ਉਕਤ ਲੀਗ ਦੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਸਰਪਾਲ ਸਿੰਘ ਫਾਊਂਡਰ ਰਾਊਂਡ ਗਲਾਸ, ਉਲੰਪੀਅਨ ਅਜੀਤਪਾਲ ਸਿੰਘ (1975 ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦੇ ਕਪਤਾਨ), ਉਲੰਪੀਅਨ ਹਰਬਿੰਦਰ ਸਿੰਘ ਨੇ ਤਕਸੀਮ ਕੀਤੇ।ਜੇਤੂ ਟੀਮ ਨੂੰ ਇਕ ਲੱਖ ਰੁਪਏ ਨਗਦ ਅਤੇ ਉਲੰਪੀਅਨ ਵਰਿੰਦਰ ਸਿੰਘ ਯਾਦਗਾਰੀ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ, ਉਪ ਜੇਤੂ ਟੀਮ ਨੂੰ 50 ਹਜ਼ਾਰ ਰੁਪਏ ਅਤੇ ਟਰਾਫੀ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੀ ਰਾਊਂਡ ਗਲਾਸ ਬਾਬਾ ਬਕਾਲਾ ਦੀ ਟੀਮ ਨੂੰ 25 ਹਜ਼ਾਰ ਰੁਪਏ ਨਕਦ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਵਰਗੀ ਉਲੰਪੀਅਨ ਵਰਿੰਦਰ ਸਿੰਘ ਦੀ ਧਰਮ ਪਤਨੀ ਮਨਜੀਤ ਕੌਰ, ਸਪੁੱਤਰ ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਅਤੇ ਨੂੰਹ ਕੁਲਦੀਪ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਲੀਗ ਦੀ ਪ੍ਰਬੰਧਕ ਕਮੇਟੀ ਵਲੋਂ ਰਾਊਂਡ ਗਲਾਸ ਤੇਹਿੰਗ ਦੇ ਕੋਚ ਗੁਰਜੀਤ ਸਿੰਘ ਨੂੰ ਬੇਹਤਰੀਨ ਕੋਚ ਐਲਾਨਿਆ ਗਿਆ ਅਤੇ ਉਸ ਨੂੰ 11 ਹਜ਼ਾਰ




ਰੁਪਏ ਦਾ ਨਗਦ ਇਨਾਮ ਦਿੱਤਾ ਗਿਆ।ਰਾਊਂਡ ਗਲਾਸ ਤੇਹਿੰਗ ਦੇ ਹਰਸ਼ਦੀਪ ਸਿੰਘ ਨੂੰ ਲੀਗ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ, ਉਸ ਨੂੰ 11 ਹਜ਼ਾਰ ਰੁਪਏ ਨਗਦ ਦਾ ਇਨਾਮ ਦਿੱਤਾ ਗਿਆ।ਰਾਊਂਡ ਗਲਾਸ ਬੁਤਾਲਾ ਦੇ ਮਨਮੀਤ ਸਿੰਘ ਨੂੰ ਉਲੰਪੀਅਨ ਸ਼ੰਕਰ ਲਕਸ਼ਮਣ ਬੇਹਤਰੀਨ ਗੋਲ ਕੀਪਰ ਐਵਾਰਡ, ਰਾਊਂਡ ਗਲਾਸ ਮਿੱਠਾਪੁਰ ਦੇ ਸਨਮੁੱਖ ਸਿੰਘ ਨੂੰ ਉਲੰਪੀਅਨ ਪ੍ਰਿੰਥੀਪਾਲ ਸਿੰਘ ਬੇਹਤਰੀਨ ਫੁੱਲ ਬੈਕ ਐਵਾਰਡ, ਰਾਊਂਡ ਗਲਾਸ ਨਿੱਕੇ ਘੁੰਮਣਾਂ ਦੇ ਹਰਸ਼ਪ੍ਰੀਤ ਸਿੰਘ ਨੂੰ ਉਲੰਪੀਅਨ ਸੁਰਜੀਤ ਸਿੰਘ ਬੇਹਤਰੀਨ ਹਾਫ ਬੈਕ ਐਵਾਰਡ, ਰਾਊਂਡ ਗਲਾਸ ਬਾਬਾ ਬਕਾਲਾ ਦੇ ਗਗਨਦੀਪ ਸਿੰਘ ਨੂੰ ਉਲੰਪੀਅਨ ਊਧਮ ਸਿੰਘ ਬੇਹਤਰੀਨ ਫਾਰਵਰਡ ਐਵਾਰਡ ਦਿੱਤਾ ਗਿਆ।ਇਨ੍ਹਾਂ ਚਾਰਾਂ ਖਿਡਾਰੀਆਂ ਨੂੰ 5100-5100 ਰੁਪਏ ਨਗਦ ਇਨਾਮ ਦਿੱਤਾ ਗਿਆ।ਫਾਇਨਲ ਮੈਚ ਵਿੱਚ ਰਾਊਂਡ ਗਲਾਸ ਤੇਹਿੰਗ ਅਤੇ ਰਾਊਂਡ ਗਲਾਸ ਮਿੱਠਾਪੁਰ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਖੇਡ ਦੇ 10ਵੇਂ ਮਿੰਟ 'ਚ ਮਿੱਠਾਪੁਰ ਦੇ ਨਵਪ੍ਰੀਤ ਮਹੇ ਨੇ ਗੋਲ ਕਰਕੇ ਸਕੋਰ 1-0 ਕੀਤਾ।ਖੇਡ ਦੇ 18ਵੇਂ ਮਿੰਟ ਵਿੱਚ ਤੇਹਿੰਗ ਦੇ ਕਪਤਾਨ ਅਰਸ਼ਦੀਪ ਸਿੰਘ ਨੇ ਪੈਨਲਟੀ ਸਟਰੋਕ ਨੂੰ ਗੋਲ ਵਿਚ ਬਦਲ ਕੇ ਸਕੋਰ 1-1 ਕੀਤਾ। ਖੇਡ ਦੇ 32ਵੇਂ ਮਿੰਟ ਵਿੱਚ ਤੇਹਿੰਗ ਦੇ ਪ੍ਰਿੰਸ ਕੁਮਾਰ ਨੇ ਗੋਲ ਕਰਕੇ ਸਕੋਰ 2-1 ਕੀਤਾ।ਖੇਡ ਦੇ 38ਵੇਂ ਮਿੰਟ ਵਿੱਚ ਮਿੱਠਾਪੁਰ ਨੇ ਬਰਾਬਰੀ ਕਰਨ ਦਾ ਮੌਕਾ ਗਵਾਇਆ ਜਦੋਂ ਉਨ੍ਹਾਂ ਦੇ ਕਪਤਾਨ ਸੁਨਮੁੱਖ ਸਿੰਘ ਪੈਨਲਟੀ ਸਟਰੋਕ ਨੂੰ ਗੋਲ ਵਿੱਚ ਨਹੀਂ ਬਦਲ ਸਕਿਆ।ਖੇਡ ਦੇ 60ਵੇਂ ਮਿੰਟ ਵਿੱਚ ਮਿੱਠਾਪੁਰ ਦੇ ਏਕਮਦੀਪ ਸਿੰਘ ਨੇ ਗੋਲ ਕਰਕੇ ਸਕੋਰ 2-2 ਕਰਕੇ ਬਰਾਬਰੀ ਕੀਤੀ।ਨਿਰਧਾਰਤ ਸਮੇਂ ਦੀ ਸਮਾਪਤੀ ਤੱਕ ਸਕੋਰ 2-2 ਰਹਿਣ ਕਰਕੇ ਫੈਸਲਾ ਪੈਨਲਟੀ ਸ਼ੂਟ ਆਊਟ ਰਾਹੀਂ ਕਰਨਾ ਪਿਆ ਜੋ ਕਿ ਰਾਊਂਡ ਗਲਾਸ ਤੇਹਿੰਗ ਦੇ ਹੱਕ ਵਿੱਚ 4-3 ਰਿਹਾ।ਤੇਹਿੰਗ ਦੇ ਗੋਲਕੀਪਰ ਨਮਨਪ੍ਰੀਤ ਸਿੰਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ, ਉਸ ਨੂੰ ਅਲਫਾ ਹਾਕੀ ਸਟਿੱਕ ਨਾਲ ਸਨਮਾਨਿਤ ਕੀਤਾ ਗਿਆ।ਪਹਿਲੇ ਸੈਮੀਫਾਇਨਲ ਵਿੱਚ ਰਾਊਂਡ ਗਲਾਸ ਤੇਹਿੰਗ ਨੇ ਰਾਊਂਡ ਗਲਾਸ ਸੰਸਾਰਪੁਰ ਨੂੰ 2-0 ਦੇ ਫਰਕ ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ। ਤੇਹਿੰਗ ਵਲੋਂ 8ਵੇਂ ਮਿੰਟ ਵਿੱਚ ਕਪਤਾਨ ਅਰਸ਼ਦੀਪ ਸਿੰਘ ਨੇ ਅਤੇ 24ਵੇਂ ਮਿੰਟ ਵਿੱਚ ਗੁਰਪ੍ਰੀਤ ਨੇ ਗੋਲ ਕੀਤੇ। ਦੂਜੇ ਸੈਮੀਫਾਇਨਲ ਵਿੱਚ ਰਾਊਂਡ ਗਲਾਸ ਮਿੱਠਾਪੁਰ ਨੇ ਰਾਊਂਡ ਗਲਾਸ ਬਾਬਾ ਬਕਾਲਾ ਨੂੰ 1-0 ਦੇ ਫਰਕ ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ। ਜੇਤੂ ਟੀਮ ਵਲੋਂ ਖੇਡ ਦੇ 14ਵੇਂ ਮਿੰਟ ਵਿਚ ਬਿਕਾਸ ਨੇ ਮੈਦਾਨੀ ਗੋਲ ਕਰਕੇ ਆਪਣੀ ਟੀਮ ਨੂੰ ਫਾਇਨਲ ਵਿੱਚ ਸਥਾਨ ਦੁਆਇਆ।

# ਮੁੱਖ ਮੰਤਰੀ ਵੱਲੋਂ ਵਿਕਸਿਤ ਭਾਰਤ ਸੰਕਲਪ ਯਾਤਰਾ ਦੀ ਸਮੀਖਿਆ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਵੱਲੋਂ ਰਾਜ ਵਿਚ 30 ਨਵੰਬਰ ਨੂੰ ਸ਼ੁਰੂ ਕੀਤੀ ਗਈ ਵਿਕਸਿਤ ਭਾਰਤ ਸੰਕਲਪ ਯਾਤਰਾ ਰੋਜਾਨਾ ਨਾਗਰਿਕਾਂ ਵਿਚ ਨਵਾਂ ਜੋਸ਼ ਭਰ ਰਹੀ ਹੈ। ਹਰ ਦਿਨ ਲੱਖਾਂ ਲੋਕ ਪਿੰਡਾਂ ਅਤੇ ਸ਼ਹਿਰਾਂ ਵਿਚ ਯਾਤਰਾ ਦਾ ਸਵਾਗਤ ਕਰ ਰਹੇ ਹਨ ਅਤੇ ਆਪਣੀ ਭਾਗੀਦਾਰੀ ਯਕੀਨੀ ਕਰ ਰਹੇ ਹਨ। ਨਤੀਜੇ ਵਜੋ ਯਾਤਰਾ ਦੀ ਪ੍ਰਗਤੀ ਦੇ ਮਾਮਲੇ ਵਿਚ ਹੁਣ ਤਕ ਹਰਿਆਣਾ ਦੇਸ਼ ਵਿਚ ਪਹਿਲੇ ਸਥਾਨ 'ਤੇ ਹੈ। ਮੁੱਖ ਮੰਤਰੀ ਮਨੋਹਰ ਲਾਲ ਨੇ ਬੁੱਧਵਾਰ ਨੂੰ ਦੇਰ ਸ਼ਾਮ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਦੇ ਨਾਲ ਵਿਕਸਿਤ ਭਾਰਤ ਸੰਕਲਪ ਯਾਤਰਾ ਦੀ ਪ੍ਰਗਤੀ ਨੂੰ ਲੈ ਕੇ ਸਮੀਖਿਆ ਮੀਟਿੰਗ ਕੀਤੀ ਅਤੇ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਮੀਟਿੰਗ ਵਿਚ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ ਵੀ ਮੌਜੂਦ ਸਨ। ਲੋਕ ਸਭਾ ਸਾਂਸਦ ਅਤੇ ਭਾਜਪਾ ਸੂਬਾ ਪ੍ਰਧਾਨ ਨਾਂਇਬ ਸਿੰਘ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਮੀਟਿੰਗ ਵਿਚ ਸ਼ਾਮਿਲ ਹੋਏ। ਮਨੋਹਰ ਲਾਲ ਨੇ ਜਿਲ੍ਹਾ ਡਿਪਟੀ ਕਮਿਸ਼ਨਰਾਂ ਦਾ ਉਤਸ਼ਾਹਵਰਧਨ ਕੀਤਾ ਅਤੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਹਰਿਆਣਾ ਦਾ ਰੈਂਕ ਅੱਗੇ ਵੀ ਪਹਿਲੇ ਸਥਾਨ 'ਤੇ ਬਰਕਰਾਰ ਰਹੇ, ਇਸ ਦੇ ਲਈ ਲਗਾਤਾਰ ਮਿਹਨਤ ਕਰਦੇ ਰਹਿਣ। ਉਨ੍ਹਾਂ ਨੇ ਕਿਹਾ ਕਿ ਇਸ ਯਾਤਰਾ ਦਾ ਉਦੇਸ਼ ਕੇਂਦਰ ਤੇ ਸੂਬਾ ਸਰਕਾਰ ਦੀ ਭਲਾਈਕਾਰੀ ਯੋਜਨਾਵਾਂ ਦਾ ਲਾਭ ਨਾਗਰਿਕਾਂ ਨੂੰ ਉਨ੍ਹਾਂ ਦੇ ਘਰਾਂ 'ਤੇ ਦੇਣਾ ਹੈ। ਨਾਲ ਹੀ ਲੋਕਾਂ ਦੀਸਮਸਿਆਵਾਂ ਦਾ ਮੌਕੇ 'ਤੇ ਹੱਲ ਯਕੀਨੀ ਕਰਨਾ ਹੈ। ਇਸ ਲਈ ਯਾਤਰਾ ਦੌਰਾਨ ਪ੍ਰਬੰਧਿਤ ਪ੍ਰੋਗ੍ਰਾਮਾਂ ਵਿਚ ਪਰਿਵਾਰ ਪਹਿਚਾਣ ਪੱਤਰ, ਆਯੂਸ਼ਮਾਨ ਕਾਰਡ, ਨਿਰੋਗੀ ਹਰਿਆਣਾ ਆਦਿ ਫਲੈਗਸ਼ਿਪ ਯੋਜਨਾਵਾਂ ਦੇ ਸਟਾਲਸ ਦੀ ਗਿਣਤੀ ਨੂੰ ਵਧਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਨਾਗਰਿਕਾਂ ਨੂੰ ਸਹੂਲਤ ਉਪਲਬਧ ਕਰਵਾਈ ਜਾ ਸਕੇ। ਮੁੱਖ ਮੰਤਰੀ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਪਰਿਵਾਰ ਪਹਿਚਾਣ ਪੱਤਰ ਅਤੇ ਆਯੂਸ਼ਮਾਨ ਕਾਰਡ ਲਈ ਗਠਨ ਟੀਮਾਂ ਹਰ ਨਾਗਰਿਕ ਦੇ ਬਿਨੈ ਨੂੰ ਮੰਜੂਰ ਕਰਨ ਅਤੇ ਉਨ੍ਹਾਂ ਦੀ ਸਮਸਿਆਵਾਂ ਦਾ ਸੰਪੂਰਨ ਹੱਲ ਯਕੀਨੀ ਕਰਨ। ਉਨ੍ਹਾਂ ਨੇ ਕਿਹਾ ਕਿ 26 ਜਨਵਰੀ ਤਕ ਇਸ ਯਾਤਰਾ ਦਾ ਸੰਚਾਲਨ ਕੀਤਾ ਜਾਣਾ ਹੈ ਅਤੇ ਇਸ ਦੌਰਾਨ ਸਾਨੂੰ ਸਾਰਿਆਂ ਦਾ ਇਹ ਟੀਚਾ ਹੋਣਾ ਚਾਹੀਦਾ ਹੈ ਕਿ ਅੰਤੋਦੇਯ ਦੀ ਭਾਵਨਾ ਨਾਲ ਯੋਗ ਵਿਅਕਤੀ ਨੂੰ ਹਰ ਯੋਜਨਾ ਦਾ ਲਾਭ ਦਿੱਤਾ ਜਾਵੇ। ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਹਰ ਪਿੰਡ ਵਿਚ ਵਿਕਸਿਤ ਭਾਰਤ ਸੰਕਲਪ ਯਾਤਰਾ ਦੇ ਲਈ ਈ-ਨੋਡਲ ਅਧਿਕਾਰੀ ਗਰੁੱਪ ਬੀ ਪੱਧਰ ਦੇ ਅਧਿਕਾਰੀ ਨੂੰ ਹੀ ਨਿਯੁਕਤ ਕਰਨ। ਮੀਟਿੰਗ ਦੌਰਾਨ ਯਾਤਰਾ ਵਿਚ ਚੰਗਾ ਪ੍ਰਦਰਸ਼ਨ ਨਾ ਕਰਨ ਵਾਲੇ ਜ਼ਿਲ੍ਹਿਆਂ ਦੀ ਸਮੀਖਿਆ ਕਰਦੇ ਹੋਏ ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਜਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੁਕ ਕਰਨ ਅਤੇ ਉਨ੍ਹਾਂ ਯੋਜਨਾਵਾਂ ਦਾ ਲਾਭ ਪ੍ਰਦਾਨ ਕਰਨ। ਉਨ੍ਹਾਂ ਨੇ ਕਿਹਾ ਕਿ ਮੋਦੀ ਦੀ ਗਾਰੰਟੀ ਦੀ ਗੱਡੀ ਆਮ ਜਨਤਾ ਤਕ ਯੋਜਨਾਵਾਂ ਦਾ ਲਾਭ ਪਹੁੰਚਾਉਣ ਦਾ ਮਜਬੂਤ ਸਰੋਤ ਬਣ ਰਹੀ ਹੈ। ਕੇਂਦਰ ਤੇ ਸੂਬਾ ਸਰਕਾਰ ਦੀ ਸਾਰੀ ਯੋਜਨਾਵਾਂ ਸਮਾਜ ਦੀ ਆਖੀਰੀ ਵਿਅਕਤੀ ਤਕ ਪਹੁੰਚੇ ਇਹ ਯਕੀਨੀ ਕਰਨਾ ਅਧਿਕਾਰੀਆਂ ਦੀ ਜਿਮੇਵਾਰੀ ਹੈ। ਮਨੋਹਰ ਲਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਅਪ੍ਰੈਲ ਮਹੀਨੇ ਵਿਚ ਸੂਬੇ ਵਿਚ ਲਗਾਤਾਰ ਜਨ ਸੰਵਾਦ ਦੇ ਪ੍ਰੋਗ੍ਰਾਮ ਚਲਾਏ ਜਾ ਰਹੇ ਸਨ, ਜਿਸ ਦੌਰਾਨ ਮੌਕੇ 'ਤੇ ਲੋਕਾਂ ਦੀ ਸਮਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਸੀ। ਇਸੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਹੁਣ ਜਨ ਸੰਵਾਦ ਨੂੰ ਵਿਕਸਿਤ ਭਾਂਰਤ ਸੰਕਲਪ ਯਾਤਰਾ ਦੇ ਨਾਲ ਜੋੜਿਆ ਗਿਆ ਹੈ, ਇਸ ਲਈ ਅਧਿਕਾਰੀਆਂ ਦੀ ਹੋਰ ਵੀ ਜਿੰਮੇਵਾਰੀ ਬਣ ਜਾਂਦੀ ਹੈ ਕਿ ਯੋਜਨਾਵਾਂ ਦਾ ਲਾਭ ਦੇਣ ਦੇ ਨਾਲ-ਨਾਲ ਜਨਸੰਵਾਦ ਪ੍ਰੋਗ੍ਰਾਮ ਦੇ ਤਹਿਤ ਨਾਗਰਿਕਾਂ ਦੀ ਸਮਸਿਆਵਾਂ ਦਾ ਹੱਲ ਯਕੀਨੀ ਕੀਤਾ ਜਾਵੇ। ਮੁੱਖ ਮੰਤਰੀ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਸਖਤ ਨਿਰਦੇਸ਼ ਦਿੱਤੇ ਕਿ ਸ਼ਹਿਰਾਂ ਵਿਚ ਸਫਲਾਈ ਵਿਵਸਥਾ ਦਰੁਸਤ ਰੱਖਣ। ਸ਼ਹਿਰਾਂ ਵਿਚ ਕੂੜੇ ਦੇ ਢੇਰ ਨਹੀਂ ਲੱਗੇ ਹੋਣੇ ਚਾਹੀਦੇ ਹਨ, ਕੂੜੇ ਦਾ ਸਹੀ ਨਿਸਤਾਰਣ ਯਕੀਨੀ ਕੀਤਾ ਜਾਵੇ। ਮੰਤਰੀ ਅਤੇ ਅਧਿਕਾਰੀਆਂ ਵੱਲੋਂ ਲਗਾਤਾਰ ਸ਼ਹਿਰਾਂ ਵਿਚ ਸਫਾਈ ਵਿਵਸਥਾ ਦਾ ਅਚਾਨਕ ਨਿਰੀਖਣ ਕੀਤਾ ਜਾਵੇਗਾ ਅਤੇ ਕਿਸੇ ਵੀ ਤਰ੍ਹਾ ਦੀ ਕਮੀ ਪਾਏ ਜਾਣ 'ਤੇ ਸਬੰਧਿਤ ਅਧਿਕਾਰੀਆਂ ਤੇ ਕਰਮਚਾਰੀਆਂ 'ਤੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸਫਾਈ ਲਗਾਤਾਰ ਕੀਤੇ ਜਾਣ ਵਾਲਾ ਕੰਮ ਹੈ, ਇਸ ਲਈ ਸੀਨੀਅਰ ਅਧਿਕਾਰੀ ਸ਼ਹਿਰਾਂ ਵਿਚ ਮੌਕੇ 'ਤੇ ਜਾ ਕੇ ਲਗਾਤਾਰ ਚੈਕਿੰਗ ਕਰਨ। ਮੀਟਿੰਗ ਵਿਚ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਜੁੜੇ ਵਿਕਸਿਤ ਭਾਰਤ ਸੰਕਲਪ ਯਾਤਰਾ ਦੇ ਲਈ ਹਰਿਆਣਾ ਦੇ ਨੋਡਲ ਅਧਿਕਾਰੀ ਸਕੱਤਰ, ਭਾਰਤ ਸਰਕਾਰ ਆਲੋਕ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਮਨੋਹਰ ਲਾਲ ਦੇ ਲਗਾਤਾਰ ਯਤਨਾਂ ਨਾਲ ਹੀ ਹਰਿਆਣਾ ਯਾਤਰਾ ਦੀ ਪ੍ਰਗਤੀ ਵਿਚ ਦੇਸ਼ ਵਿਚ ਪਹਿਲੇ ਸਥਾਨ 'ਤੇ ਬਣਿਆ ਹੋਇਆ ਹੈ। ਇਸੀ ਤਰ੍ਹਾ ਅੱਗੇ ਵੀ ਪ੍ਰੋਗ੍ਰਾਮਾਂ ਦੀ ਗਿਣਤੀ ਵਿਚ ਵਾਧਾ ਹੋਣ ਨਾਲ ਯਕੀਨੀ ਤੌਰ 'ਤੇ ਹਰਿਆਣਾ ਪੂਰੇ ਦੇਸ਼ ਵਿਚ ਆਪਣੀ ਪਹਿਲੀ ਰੈਂਕਿੰਗ ਨੂੰ ਬਰਕਰਾਰ ਰੱਖੇਗਾ। ਮੀਟਿੰਗ ਵਿਚ ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ ਨੇ ਮੁੱਖ ਮੰਤਰੀ ਨੂੰ ਜਾਣੂੰ ਕਰਾਇਆ ਕਿ ਹੁਣ ਤਕ 3330 ਪਿੰਡ ਪੰਚਾਇਤਾਂ ਵਿਚ ਯਾਤਰਾ ਪਹੁੰਚ ਚੁੱਕੀ ਹੈ ਅਤੇ ਵੱਖ-ਵੱਖ ਪ੍ਰੋਗ੍ਰਾਮਾਂ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ। ਮੋਦੀ ਦੀ ਗਾਰੰਟੀ ਵਾਲੀ ਵਾਹਨਾਂ ਦੀ ਗਿਣਤੀ ਵੀ ਵਧਾ ਦਿੱਤੀ ਗਈ ਹੈ, ਹੁਣ ਸੂਬੇ ਵਿਚ 99 ਵੈਨ ਸੰਚਾਲਿਤ ਹਨ। ਉਨ੍ਹਾਂ ਨੇ ਦਸਿਆ ਕਿ ਗੁਰੂਗ੍ਰਾਮ, ਪੰਚਕੂਲਾ, ਸਿਰਸਾ, ਰਿਵਾੜੀ, ਕੁਰੂਕਸ਼ੇਤਰ, ਫਰੀਦਾਬਾਦ, ਅੰਬਾਲਾ, ਕਰਨਾਲ ਅਤੇ ਮਹੇਂਦਰਗੜ੍ਹ ਜਿਲ੍ਹਿਆਂ ਵਿਚ ਲੋਕਾਂ ਦੀ ਚੰਗੀ ਭਾਗੀਦਾਰੀ ਹੈ ਅਤੇ ਨਾਗਰਿਕ ਯੋਜਨਾਵਾਂ ਦਾ ਭਰਪੂਰ ਲਾਭ ਚੁੱਕ ਰਹੇ ਹਨ। ਉਨ੍ਹਾਂ ਨੇ ਦਸਿਆ ਕਿ ਸ਼ਹਿਰਾਂ ਵਿਚ ਵੀ ਲਗਭਗ 108 ਪ੍ਰੋਗ੍ਰਾਮ ਪ੍ਰਬੰਧਿਤ ਕੀਤੇ ਜਾ ਚੁੱਕੇ ਹਨ। ਕੁੱਲ ਮਿਲਾ ਕੇ ਹੁਣ ਤਕ ਸਾਰੇ ਪ੍ਰੋਗ੍ਰਾਮਾਂ ਵਿਚ ਲਗਭਗ 23 ਲੱਖ ਤੋਂ ਵੱਧ ਲੋਕ ਆਪਣੀ ਭਾਗੀਦਾਰੀ ਕਰ ਚੁੱਕੇ ਹਨ। ਮੀਟਿੰਗ ਵਿਚ ਬਿਜਲੀ ਨਿਗਮਾਂ ਦੇ ਚੇਅਰਮੈਨ ਪੀ ਕੇ ਦਾਸ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਸੰਯੁਕਤ ਨਿਦੇਸ਼ਕ ਗੌਰਵ ਗੁਪਤਾ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਮੀਨਾਲੀ ਸ਼ਰਮਾ ਦਾ ਜਨਮ ਦਿਨ ਗਰੀਬਾਂ, ਜ਼ਰੂਰਤਮੰਦਾਂ ਨੂੰ ਰਾਸ਼ਨ ਵੰਡ ਕੇ ਮਨਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਸਿੱਧ ਸ੍ਰੀ ਨੀਲ ਕੰਠ ਮਹਾਦੇਵ ਮੰਦਿਰ ਵਿਖੇ ਹੁਸ਼ਿਆਰਪੁਰ ਦੀ ਮਸ਼ਹੂਰ ਸਵੀਟ ਸ਼ਾਪ "ਭੀਮ ਸਵੀਟ ਕਾਰਨਰ" ਦੇ ਮੈਨੇਜਿੰਗ ਡਾਇਰੈਕਟਰ ਪ੍ਰੇਮ ਕੁਮਾਰ ਸ਼ਰਮਾ ਨੇ ਆਪਣੀ ਲੜਕੀ ਜੋ ਵਿਦੇਸ਼ ਵਿਖੇ ਹੈ, ਮੀਨਾਲੀ ਸ਼ਰਮਾ ਦਾ ਜਨਮ ਦਿਨ ਆਪਣੀ ਪਤਨੀ ਪੂਨਮ ਸ਼ਰਮਾ ਦੇ ਨਾਲ ਗਰੀਬਾਂ, ਜ਼ਰੂਰਤਮੰਦਾਂ ਨੂੰ ਰਾਸ਼ਨ ਵੰਡ ਕੇ ਮਨਾਇਆ ਅਤੇ ਉਨਾਂ ਦੀਆਂ ਦੁਆਵਾਂ ਲਈਆਂ। ਮੰਦਿਰ ਕਮੇਟੀ ਦੇ ਪ੍ਰਧਾਨ ਕਰਮਵੀਰ ਬਾਲੀ ਨੇ ਉਨਾਂ ਦਾ ਸਵਾਗਤ ਕੀਤਾ ਅਤੇ ਕਿਹਾ ਇਹ ਲੋਕ ਮਜ਼ਦੂਰੀ ਕਰਦੇ ਹਨ ਅਤੇ ਸਰਦੀ ਦੇ ਮੌਸਮ ਵਿੱਚ ਕੰਮ ਨਾ ਹੋਣ ਕਾਰਨ ਤੁਹਾਡੇ ਵਲੋਂ ਦਿੱਤਾ ਰਾਸ਼ਨ ਇਨਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀ ਹੈ। ਉਮੀਦ ਕਰਦੇ ਹਾਂ ਕਿ ਭਗਵਾਨ ਇਸ ਤਰ੍ਹਾਂ ਹੀ ਤੁਹਾਨੂੰ ਸਦਬੁੱਧੀ ਬਖਸ਼ੇ ਅਤੇ ਤੁਸੀ ਗਰੀਬਾਂ ਦੀ ਸੇਵਾ ਕਰਦੇ ਰਹੋ। ਇਸ ਮੌਕੇ 'ਤੇ ਪੁਜਾਰੀ ਨੀਰਜ ਸ਼ਰਮਾ ਵੀ ਨਾਲ ਸਨ।

29-Dec-PAGE-4.qxd 12/28/2023 10:46 PM Page 1



# ਇਹ ਵਰ੍ਹਾ ਔਰਤਾਂ ਲਈ ਪੀੜਦਾਇਕ ਰਿਹਾ

ਸਾਲ 2023 ਦੇ ਇਹ ਆਖ਼ਰੀ ਦਿਨ ਹਨ। ਬੀਤ ਰਹੇ ਸਾਲ ਦੇ ਸਰਕਾਰੀ ਅੰਕੜਿਆਂ ਮੁਤਾਬਕ ਇਹ ਵਰ੍ਹਾ ਔਰਤਾਂ ਲਈ ਪੀੜਾਦਾਇਕ ਰਿਹਾ। ਐੱਨ ਸੀ ਆਰ ਬੀ ਦੀ ਰਿਪੋਰਟ ਮੁਤਾਬਕ ਮਹਿਲਾਵਾਂ ਵਿਰੁੱਧ ਅਪਰਾਧਾਂ ਦੇ ਮਾਮਲੇ ਵਿੱਚ ਭਾਜਪਾ ਦੇ ਸ਼ਾਸਨ ਵਾਲਾ ਉੱਤਰ ਪ੍ਰਦੇਸ਼ ਦੇਸ਼ ਭਰ ਵਿੱਚੋਂ ਅੱਵਲ ਹੈ। ਇਸ ਰਾਜ ਵਿੱਚ ਇਸ ਸਾਲ 65,743 ਕੇਸ ਦਰਜ ਹੋਏ ਹਨ। ਇਹ ਵੀ ਸਚਾਈ ਹੈ ਕਿ ਬਹੁਤ ਸਾਰੇ ਮਾਮਲੇ ਹੇਠਾਂ ਹੀ ਰ਼ਫਾ-ਦਫਾ ਕਰ ਦਿੱਤੇ ਜਾਂਦੇ ਹਨ, ਖਾਸ ਤੌਰ 'ਤੇ ਦਲਿਤਾਂ ਤੇ ਗਰੀਬ ਵਰਗ ਨਾਲ ਸੰਬੰਧਤ ਔਰਤਾਂ ਦੇ। ਰਿਪੋਰਟ ਮੁਤਾਬਕ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਦੀਆਂ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲੇ ਪਹਿਲਾਂ ਨਾਲੋਂ ਕ੍ਰਮਵਾਰ 13.1 ਫ਼ੀਸਦੀ ਤੇ 14.3 ਫ਼ੀਸਦੀ ਵਧੇ ਹਨ।

ਯੂ ਪੀ ਵਿੱਚ ਸਭ ਤੋਂ ਦਰਦਨਾਕ ਕਾਂਡ ਅਕਤੂਬਰ ਮਹੀਨੇ ਬਾਂਦਾ ਵਿੱਚ ਹੋਇਆ ਸੀ। ਆਟਾ ਮਿੱਲ ਮਾਲਕ ਤੇ ਉਸ ਦੇ ਗੁੰਡਿਆਂ ਨੇ 40 ਸਾਲਾ ਦਲਿਤ ਮਜ਼ਦੂਰ ਔਰਤ ਨਾਲ ਸਮੂਹਿਕ ਬਲਾਤਕਾਰ ਕਰਕੇ ਉਸ ਦੇ ਜਿਸਮ ਦੇ ਟੁਕੜੇ ਕਰ ਦਿੱਤੇ ਸਨ। ਪੁਲਸ ਨੇ ਇਹ ਕਹਿ ਕੇ ਕਿ ਔਰਤ ਮਸ਼ੀਨੀ ਦੁਰਘਟਨਾ ਕਾਰਨ ਮਰੀ ਹੈ, ਦੋਸ਼ੀਆਂ ਵਿਰੁੱਧ ਹਲਕੀਆਂ ਧਾਰਾਵਾਂ ਹੇਠ ਕੇਸ ਦਰਜ ਕੀਤਾ ਸੀ। ਇਸੇ ਸਾਲ ਅਗਸਤ ਵਿੱਚ ਮਹਾਰਾਜਗੰਜ ਵਿੱਚ ਭਾਜਪਾ ਦੇ ਘੱਟ-ਗਿਣਤੀ ਸੈੱਲ ਦੇ ਪ੍ਰਧਾਨ ਮਾਸੂਮ ਰਜ਼ਾ ਰਾਹੀ ਨੇ ਇੱਕ 17 ਸਾਲਾ ਲੜਕੀ ਨਾਲ ਬਲਾਤਕਾਰ ਕੀਤਾ ਤੇ ਵਿਰੋਧ ਕਰਨ ਵਾਲੇ ਉਸ ਦੇ ਪਿਤਾ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਉਸ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਬਾਰਾਬੰਕੀ ਸਮੂਹਿਕ ਬਲਾਤਕਾਰ ਕਾਂਡ ਦੀ ਪੀੜਤ ਔਰਤ ਨੇ ਵੀ ਦੋਸ਼ ਲਾਇਆ ਹੈ ਕਿ ਉਸ ਦੇ ਕੇਸ ਨੂੰ ਵੀ ਹਲਕਾ ਕੀਤੇ ਜਾਣ ਦੀ ਕੋਸ਼ਿਸ਼ ਹੋ ਰਹੀ ਹੈ।

ਇਸ ਸਾਲ ਦੀ ਸਭ ਤੋਂ ਦੁਖਦਾਈ ਘਟਨਾ ਮਨੀਪੁਰ ਵਿੱਚ ਵਾਪਰੀ ਸੀ, ਜਿਸ ਨੂੰ ਰਾਜ ਦੀ ਸੱਤਾਧਾਰੀ ਪਾਰਟੀ ਦੇ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਨੇ ਅੱਗ ਵਿੱਚ ਝੋਕ ਰੱਖਿਆ ਹੈ। ਉਹ ਲਗਾਤਾਰ ਕੁੱਕੀ ਭਾਈਚਾਰੇ ਵਿਰੁੱਧ ਨ਼ਫਰਤੀ ਬਿਆਨ ਦਿੰਦਾ ਰਹਿੰਦਾ ਹੈ। ਕੁੱਕੀ ਔਰਤਾਂ ਨਾਲ ਦਰਿੰਦਗੀ ਦੀਆਂ ਜਿਹੜੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਉਹ ਸਮੁੱਚੇ ਦੇਸ਼ ਨੂੰ ਸ਼ਰਮਸਾਰ ਕਰਨ ਵਾਲੀਆਂ ਹਨ। ਮਹਿਲਾ ਕਮਿਸ਼ਨ ਨੇ ਔਰਤਾਂ ਵਿਰੁੱਧ ਅਪਰਾਧਾਂ ਉੱਤੇ ਚੁੱਪ ਧਾਰੀ ਹੋਈ ਹੈ। ਉਹ ਵਿਰੋਧੀ ਧਿਰ ਵਾਲੇ ਰਾਜਾਂ ਵਿਰੁੱਧ ਤਾਂ ਝੱਟ ਸਰਗਰਮ ਹੋ ਜਾਂਦਾ ਹੈ, ਪਰ ਭਾਜਪਾ ਵਾਲੇ ਰਾਜਾਂ ਬਾਰੇ ਅੱਖਾਂ ਮੀਟ ਲੈਂਦਾ ਹੈ।

ਇਸ ਸਾਲ ਦਾ ਇੱਕ ਹੋਰ ਘਿਨੌਣਾ ਮਾਮਲਾ ਗੁਜਰਾਤ ਦਾ ਹੈ, ਜਿਥੋਂ ਦੀ ਹਾਈ ਕੋਰਟ ਨੇ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਨ ਤੇ ਉਸ ਦੇ ਸਮੁੱਚੇ ਪਰਵਾਰ ਨੂੰ ਮਾਰ ਦੇਣ ਦੇ ਦੋਸ਼ੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾਅ ਕਰ ਦਿੱਤਾ ਸੀ। ਭਾਜਪਾ ਦੇ ਇੱਕ ਵਿਧਾਇਕ ਤੇ ਸਾਂਸਦ ਵੱਲੋਂ ਇਨ੍ਹਾਂ ਬਲਾਤਕਾਰੀਆਂ ਦਾ ਮਹਿਮਾ-ਮੰਡਨ ਕਰਨਾ ਵੀ ਸ਼ਰਮਸ਼ਾਰ ਕਰਨ ਵਾਲਾ ਸੀ।

ਇੱਕ ਹੋਰ ਕੇਸ ਵੀ ਹੈਰਾਨ ਕਰਨ ਵਾਲਾ ਹੈ। ਨਿਠਾਰੀ ਸਮੂਹਿਕ ਹਤਿਆਵਾਂ ਤੇ ਬਲਾਤਕਾਰਾਂ ਦਾ ਦੋਸ਼ੀ ਮੋਨਿੰਦਰ ਪੰਧੇਰ 14 ਸਾਲ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਬਰੀ ਕਰ ਦਿੱਤਾ ਗਿਆ ਹੈ। ਅਦਾਲਤ ਦਾ ਕਹਿਣਾ ਹੈ ਕਿ ਕੇਸ ਦੀ ਜਾਂਚ ਸਹੀ ਨਹੀਂ ਕੀਤੀ ਗਈ, ਜਿਸ ਕਾਰਨ 12 ਹਤਿਆਵਾਂ ਦਾ ਦੋਸ਼ੀ ਬਰੀ ਹੋ ਗਿਆ ਹੈ। ਇਸ ਨਾਲ ਮਾਰੇ ਗਏ ਬੱਚਿਆਂ ਦੇ ਮਾਪੇ ਸੁੰਨ ਹੋ ਗਏ ਹਨ।

ਇਸ ਸਾਲ ਦਾ ਇੱਕ ਹੋਰ ਦੁਖਦਾਇਕ ਅਧਿਆਏ ਔਰਤ ਭਲਵਾਨਾਂ ਦੇ ਯੌਨ ਉਤਪੀੜਨ ਦਾ ਹੈ। ਇਸ ਸਾਲ ਦੇ ਆਖ਼ਰੀ ਮਹੀਨੇ ਦੇ ਮੱਥੇ ਉੱਤੇ ਇਹ ਕਲੰਕ ਰਹੇਗਾ ਕਿ ਦੇਸ਼ ਦੀ ਹੋਣਹਾਰ ਧੀ ਤੇ ਉਲੰਪਿਕ ਤਮਗਾ ਜੇਤੂ ਸਾਕਸ਼ੀ ਮਲਿਕ ਨੇ ਰੋਂਦਿਆਂ ਹੋਇਆਂ ਕੁਸ਼ਤੀ ਨੂੰ ਅਲਵਿਦਾ ਕਹਿ ਦਿੱਤੀ। ਉਸ ਦੀ ਸਾਥਣ ਭਲਵਾਨ ਵਿਨੇਸ਼ ਫੋਗਾਟ ਨੇ ਆਪਣੇ ਪੁਰਸਕਾਰ ਖੇਲ ਰਤਨ ਤੇ ਅਰਜਨ ਐਵਾਰਡ ਵਾਪਸ ਕਰ ਦਿੱਤੇ ਹਨ। ਮਹਿਲਾ ਭਲਵਾਨਾਂ ਨੇ ਲਗਾਤਾਰ ਪੰਜ ਮਹੀਨੇ ਲੜਾਈ ਲੜੀ ਸੀ। ਮੁਲਜ਼ਮ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸੰਸਦ ਸਮਾਗਮ ਦਾ ਆਨੰਦ ਮਾਣਦਾ ਰਿਹਾ, ਪਰ ਮਹਿਲਾ ਭਲਵਾਨਾਂ ਨੂੰ ਵਾਲਾਂ ਤੋਂ ਫੜ ਕੇ ਦਿੱਲੀ ਦੀਆਂ ਸੜਕਾਂ ਉੱਤੇ ਘਸੀਟਿਆ ਜਾਂਦਾ ਰਿਹਾ ਸੀ। ਦੇਸ਼ ਵਿੱਚ ਇਹ ਸਭ ਕੁਝ ਹੁੰਦਾ ਰਿਹਾ, ਪਰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੀ ਜ਼ੁਬਾਨ ਤੱਕ ਨਾ ਖੋਲ੍ਹੀ। ਔਰਤ ਭਲਵਾਨਾਂ, ਔਰਤਾਂ ਲਈ ਇਨਸਾ਼ਫ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਤੇ ਜਾਗਰੂਕ ਨਾਗਰਿਕਾਂ ਲਈ ਇਹ ਜ਼ਰੂਰੀ ਹੈ ਕਿ ਆਉਣ ਵਾਲੇ ਸਾਲ ਨੂੰ 'ਸਮਾਜਿਕ ਨਿਆਂ ਦਾ ਵਰ੍ਹਾ' ਬਣਾਉਣ ਲਈ ਆਪਣੇ ਸੰਘਰਸ਼ਾਂ ਨੂੰ ਹੋਰ ਤੇਜ਼ ਕਰਨ।

## ਚੱਲੇ ਹੋਏ ਕਾਰਤੂਸ !

ਖਸਲਤ ਜਾਣ ਚੁੱਕੇ ਇਨ੍ਹਾਂ ਦੀ ਪੰਜਾਬੀ ਸਾਰੇ,
ਰਾਜ-ਭਾਗ ਵੇਲੇ ਦੇ ਸਿਤਮ ਜਰ-ਜਰ ਕੇ।
ਦੁਖੀ ਹੋਏ ਲੋਕੀਂ ਹੁਣ ਮੂੰਹ ਨਹੀਂ ਲਾਉਣ ਲੱਗੇ,
ਕਰਨ 'ਡਰਾਮੇ' ਭਾਵੇਂ ਮੋਹਰੇ 'ਮਰ-ਮਰ' ਕੇ।
'ਦਲ' ਦਾ ਹਸ਼ਰ ਮਾੜਾ ਹੋਇਆ ਇਹਦੇ ਕਰਕੇ ਹੀ,
ਵਾਰ-ਵਾਰ ਕੱਢਿਆ 'ਜਲੂਸ' ਹਰ-ਹਰ ਕੇ।
ਪੰਥ ਦੇ ਹਮੈਤੀ ਇਹਦੇ ਕਾਰਿਆਂ ਨੂੰ ਯਾਦ ਕਰ,
ਲਾਹਣਤਾਂ ਦੇ ਟੋਕਰੇ ਨੇ ਪਾਉਂਦੇ ਭਰ-ਭਰ ਕੇ।
ਅਹੁਦੇ ਨਹੀਂ ਛੱਡ ਹੁੰਦੇ ਨਾਲੇ ਜਾਂਦੀ ਮੱਤ ਮਾਰੀ,
'ਗੋਲ੍ਹਕਾਂ' ਖਜ਼ਾਨੇ ਸਰਕਾਰੀ ਚਰ-ਚਰ ਕੇ।
ਫੁੰਡਣਾ ਨਿਸ਼ਾਨਾ ਹੁਣ ਚਾਹੁੰਦੇ 'ਭਰਦਾਨ' ਸਾਬ੍ਹ,
ਚੱਲੇ ਹੋਏ 'ਕਾਰਤੂਸ' 'ਕੱਠੇ ਕਰ-ਕਰ ਕੇ!

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਬੱਬਰਾਂ ਦੀ 'ਚੀਫ ਕੋਰਟ' ਕੋਟ ਫਤੂਹੀ ਦੇ ਬੱਬਰ ਵਰਿਆਮ ਸਿੰਘ ਦਾ ਅਧਿਆਇ

**ਪਿਰਥੀਪਾਲ ਸਿੰਘ ਮਾੜੀਮੇਘਾ**

ਬੱਬਰ ਵਰਿਆਮ ਸਿੰਘ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਕੋਟ ਫਤੂਹੀ ਜੋ ਬੱਬਰਾਂ ਦੀ 'ਚੀਫ ਕੋਰਟ' ਕਰਕੇ ਜਾਣਿਆ ਜਾਂਦਾ ਸੀ, ਉੱਥੇ ਜਨਮੇ ਸਨ। ਇਹ ਪਿੰਡ ਫਗਵਾੜੇ ਤੋਂ ਮਾਹਿਲਪੁਰ ਨੂੰ ਜਾਂਦਿਆਂ ਰਸਤੇ ਵਿੱਚ ਆਉਂਦਾ ਹੈ। ਖ਼ੁਦ ਲੇਖਕ ਪਿੰਡ ਵਿੱਚ ਕਈ ਪ੍ਰੋਗਰਾਮਾਂ 'ਤੇ ਜਾ ਚੁੱਕਾ ਹੈ। ਇਨ੍ਹਾਂ ਪ੍ਰੋਗਰਾਮਾਂ 'ਚੋਂ ਉਪਜਿਆ ਕਿ ਇਹ ਪਿੰਡ ਇਨਕਲਾਬੀ ਬੱਬਰਾਂ ਦੀ ਧਰਤੀ ਹੈ ਤੇ ਕਿਉਂ ਨਾ ਉਨ੍ਹਾਂ ਬਾਰੇ ਲਿਖਿਆ ਜਾਵੇ, ਪਰ ਦਿਨ ਲੱਭਿਆ ਵਰਿਆਮ ਸਿੰਘ ਦੀ ਮੌਤ ਵਾਲਾ।

ਬੱਬਰ ਅਕਾਲੀ ਲਹਿਰ ਦਾ ਮੁੱਢ ਬੰਨ੍ਹਿਆ ਸੀ 1920 'ਚ ਭਾਈ ਕਿਸ਼ਨ ਸਿੰਘ ਨੇ ਉਹ ਅਮਰ ਸਿੰਘ ਕੋਟ ਬਾੜੇ ਖਾਂ, ਨਰੈਣ ਸਿੰਘ ਚਾਟੀਵਿੰਡ ਅੰਮ੍ਰਿਤਸਰ, ਗੰਡਾ ਸਿੰਘ ਅਤੇ ਬੇਲਾ ਸਿੰਘ ਨਾਲ 35/2 ਸਿੱਖ ਪਲਟਨ ਅੰਬਾਲਾ ਛਾਉਣੀ ਵਿੱਚ ਨੌਕਰੀ ਕਰਦੇ ਸਨ। ਉਸ ਵਕਤ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ 'ਤੇ ਚੱਲ ਰਹੀ ਸੀ, ਜਿਸ ਦਾ ਅਸਰ ਸਿੱਖ ਫੌਜੀਆਂ 'ਤੇ ਪਿਆ। ਭਾਈ ਕਿਸ਼ਨ ਸਿੰਘ ਨੇ ਗੁਰਦੁਆਰੇ ਵਿਖੇ ਜੋੜ ਮੇਲੇ ਦੇ ਦੀਵਾਨ ਵਿੱਚ ਆਪਣੇ ਫੌਜੀ ਭਰਾਵਾਂ ਨੂੰ ਲਲਕਾਰਿਆ ਕਿ ਉਹ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਕੁੱਦਣ। ਉਨ੍ਹਾਂ ਨੂੰ ਇਸ ਬਗਾਵਤੀ ਸੁਰ ਵਾਲੇ ਲੈਕਚਰ ਬਦਲੇ ਸਜ਼ਾ ਹੋਈ। ਸਜ਼ਾ ਪੂਰੀ ਹੋਣ ਉਪਰੰਤ ਉਨ੍ਹਾਂ ਨੌਕਰੀ ਛੱਡ ਦਿੱਤੀ। ਉਹ ਅੰਮ੍ਰਿਤਸਰ ਆਏ ਤੇ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਪੰਜਾਬ ਦਾ ਜਨਰਲ ਸਕੱਤਰ ਬਣਾ ਦਿੱਤਾ। ਉਨ੍ਹਾਂ ਦੇ ਸਾਥੀ ਗੰਡਾ ਸਿੰਘ, ਬੇਲਾ ਸਿੰਘ ਤੇ ਬੂੜ ਸਿੰਘ ਨੇ ਵੀ ਫੌਜ 'ਚੋਂ ਬਗਾਵਤ ਕਰ ਦਿੱਤੀ ਤੇ ਹਥਿਆਰ ਲੈ ਕੇ ਛਾਉਣੀ 'ਚੋਂ ਨਿਕਲ ਆਏ। ਉਨ੍ਹਾਂ ਨੇ ਹਥਿਆਰਾਂ ਬਾਰੇ ਨਰੈਣ ਸਿੰਘ ਚਾਟੀਵਿੰਡ ਨੂੰ ਦੱਸਿਆ।

ਮਾਰਚ 1921 ਵਿੱਚ ਹੁਸ਼ਿਆਰਪੁਰ ਵਿਖੇ ਸਿੱਖ ਵਿਦਿਅਕ ਕਾਨਫਰੰਸ ਹੋਈ, ਜਿਸ ਵਿੱਚ ਬਕਾਇਦਾ ਬੱਬਰ ਅਕਾਲੀ ਪਾਰਟੀ ਬਣੀ। ਇਸ ਕਾਨਫਰੰਸ ਵਿੱਚ ਦੇਸ਼ ਭਰ 'ਚੋਂ ਸਿੱਖਾਂ ਨੇ ਹਿੱਸਾ ਲਿਆ ਸੀ। ਇਹ ਸਿੱਖਾਂ ਦੀ ਸਭ ਤੋਂ ਪਹਿਲੀ ਪਾਰਟੀ ਸੀ, ਜੋ ਹਥਿਆਰਬੰਦ ਢੰਗ ਰਾਹੀਂ ਅੰਗਰੇਜ਼ਾਂ ਤੋਂ ਭਾਰਤ ਨੂੰ ਮੁਕਤ ਕਰਾਉਣ ਦੇ ਰਾਹ ਤੁਰੀ ਸੀ। ਪਾਰਟੀ ਦੀ ਰਾਜਨੀਤਕ ਲਾਈਨ ਗਦਰ ਪਾਰਟੀ ਵਾਲੀ ਹੀ ਸੀ ਹਥਿਆਰਬੰਦ ਸੰਘਰਸ ਰਾਹੀਂ ਹਿੰਦੁਸਤਾਨ ਨੂੰ ਆਜ਼ਾਦ ਕਰਾਉਣਾ। ਗਦਰ ਪਾਰਟੀ ਦੀ ਇਹ ਇਨਕਲਾਬੀ ਯੋਜਨਾ ਭਾਵੇਂ ਅੰਗਰੇਜ਼ਾਂ ਨੇ ਸਫਲ ਨਹੀਂ ਸੀ ਹੋਣ ਦਿੱਤੀ।

ਬੱਬਰ ਵਰਿਆਮ ਸਿੰਘ ਦਾ ਘਰ ਬੱਬਰਾਂ ਦਾ ਅੱਡਾ ਸੀ। ਨਾਮਵਰ 'ਚੱਕਰਵਰਤੀ ਬੱਬਰ' ਉਨ੍ਹਾਂ ਦੇ ਘਰ ਆਉਂਦੇ-ਜਾਂਦੇ ਰਹਿੰਦੇ ਸਨ। "ਬੱਬਰ ਅਕਾਲੀ ਦੁਆਬਾ" ਅਖਬਾਰ ਵੀ ਉਨ੍ਹਾਂ ਦੇ ਘਰ ਛਪਦਾ ਰਿਹਾ ਸੀ। ਇਹ ਅਖਬਾਰ ਭਾਵੇਂ ਦੁਆਬੇ ਵਿੱਚ ਛਪਦਾ ਸੀ, ਪਰ ਗਦਰ ਅਖਬਾਰ ਵਾਂਗੂੰ ਸਾਰੇ ਪੰਜਾਬ ਵਿੱਚ ਵੰਡਿਆ ਜਾਂਦਾ ਸੀ। ਜਥੇਦਾਰ ਤੇਜਾ ਸਿੰਘ ਭੁੱਚਰ, ਜ਼ਿਲ੍ਹਾ ਤਰਨ ਤਾਰਨ ਉਸ ਵਕਤ ਅਕਾਲੀ ਲਹਿਰ ਦੇ ਉੱਚ ਪਾਏ ਦੇ ਆਗੂ ਸਨ ਤੇ ਉਨ੍ਹਾਂ ਦੇ ਪਾਸ ਵੀ ਅਖਬਾਰ ਪਹੁੰਚਦਾ ਸੀ। ਉਹ "ਸੈਂਟਰਲ ਖਾਲਸਾ ਮਾਝਾ ਦੀਵਾਨ" ਦੇ ਵੀ ਕਰਤਾ-ਧਰਤਾ ਸਨ। ਲੇਖਕ ਦੇ ਦਾਦਾ ਜੀ ਵੀ ਪ੍ਰੇਮ ਸਿੰਘ ਨੰਬਰਦਾਰ ਮਾੜੀਮੇਘਾ ਤੇਜਾ ਸਿੰਘ ਦੀ ਸੱਜੀ ਬਾਂਹ ਅਤੇ ਮਾਝਾ ਦੀਵਾਨ ਵਿੱਚ ਸਰਗਰਮੀ ਨਾਲ ਕੰਮ ਕਰਦੇ ਸਨ। ਉਨ੍ਹਾਂ ਨੇ ਸਖਤ ਸਜ਼ਾ ਵੀ ਭੁਗਤੀ ਸੀ। ਅੰਗਰੇਜ਼ਾਂ ਨੇ ਉਨ੍ਹਾਂ 'ਤੇ ਇੰਨਾ ਘੋਰ ਤਸ਼ੱਦਦ ਕੀਤਾ ਸੀ ਕਿ ਰਿਹਾਈ ਤੋਂ ਬਾਅਦ ਉਹ ਸਾਰੀ ਉਮਰ ਠੀਕ ਨਹੀਂ ਸਨ ਹੋ ਪਾਏ।

ਬੱਬਰ ਵਰਿਆਮ ਸਿੰਘ ਪੁੱਤਰ ਨਰੈਣ ਸਿੰਘ ਕੋਟ ਫਤੂਹੀ ਨੂੰ ਲੋਕ 'ਮੁੰਦਰਾਂ ਵਾਲਾ ਬੱਬਰ' ਕਹਿੰਦੇ ਸਨ, ਕਿਉਂਕਿ ਉਹ ਕੰਨਾਂ ਵਿੱਚ ਵੱਡੀਆਂ-ਵੱਡੀਆਂ ਮੁੰਦਰਾਂ ਪਾ ਕੇ ਰੱਖਦਾ ਸੀ। ਇਸ ਪਿੱਛੇ ਵਰਿਆਮ ਸਿੰਘ ਦਾ ਇਹ ਰਾਜ ਵੀ ਹੋ ਸਕਦਾ ਹੈ ਕਿ ਸਰਕਾਰ ਪ੍ਰਸਤ ਉਸ ਨੂੰ ਪਛਾਣ ਨਾ ਸਕਣ।

ਵਾਅਦਾ-ਮੁਆਫ ਗਵਾਹ ਅਮਰ ਸਿੰਘ ਅਰੋੜਾ ਜੋ ਸੁਨਿਆਰਾ ਸੀ, ਉਸ ਨੂੰ ਅੰਗਰੇਜ਼ ਸਰਪ੍ਰਸਤਾਂ ਨੇ ਕੋਟ ਫਤੂਹੀ ਦੇ ਗੁਰਦੁਆਰੇ ਦਾ ਗ੍ਰੰਥੀ ਬਣਾਇਆ ਹੋਇਆ ਸੀ। ਉਹ ਪਿੰਡ ਕੋਟ ਬਾੜੇ ਖਾਂ, ਜ਼ਿਲ੍ਹਾ ਗੁੱਜਰਾਂਵਾਲਾ ਦਾ ਵਸਨੀਕ ਸੀ। ਉਹ ਕੋਟਫਤੂਹੀ ਵਰਿਆਮ ਸਿੰਘ ਦੇ ਘਰ ਗਿਆ। ਅਮਰ ਸਿੰਘ ਨੇ ਵੇਖਿਆ ਕਿ ਵਰਿਆਮ ਸਿੰਘ ਦੇ ਘਰ ਕਿਸ਼ਨ ਸਿੰਘ ਗੜਗੱਜ, ਮਾਸਟਰ ਦਲੀਪ ਸਿੰਘ ਗੋਸਲ, ਕਰਮ ਸਿੰਘ ਝਿੰਗੜਾਂ, ਆਸਾ ਸਿੰਘ ਭੜਕੂਦੀ ਮੀਟਿੰਗ ਕਰ ਰਹੇ ਸਨ। ਉਨ੍ਹਾਂ ਕੋਲ "ਉਡਾਰੂ ਪ੍ਰੈਸ" ਦਾ ਡੁਪਲੀਕੇਟ ਤੇ 300 ਬੱਬਰ ਅਕਾਲੀ ਦੁਆਬਾ ਦੇ ਪਰਚੇ ਵੀ ਸਨ। ਵਾਅਦਾ-ਮੁਆਫ ਦੀ ਇਸ ਪਿੱਛੇ ਕਿੰਨੀ ਸਚਾਈ ਹੈ, ਇਹ ਤਾਂ ਉਹ ਸਮਾਂ ਹੀ ਦੱਸ ਸਕਦਾ, ਪਰ ਸਚਾਈ ਘੱਟ ਜਾਂ ਵੱਧ ਹੁੰਦੀ ਤੇ ਹੈ।

ਕੋਟ ਫਤੂਹੀ ਪਿੰਡ ਦਾ ਇੱਕ ਬੱਬਰ ਹੋਇਆ ਬ੍ਰਾਹਮਣ ਸੁੰਦਰ, ਜਿਸ ਦੇ ਪਿਉ ਦਾ ਨਾਂਅ ਪੰਡਤ ਨੰਦ ਲਾਲ ਭਨੋਟ ਸੀ। ਸੁੰਦਰ ਦੀ ਉਮਰ 30 ਕੁ ਸਾਲ ਤੇ ਉਸ ਦੀ ਜੁਆਨੀ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਉਹ ਦੇਸ਼ ਦੀ ਆਜ਼ਾਦੀ ਲਈ ਮਰਨ-ਮਿਟਣ ਵਾਸਤੇ ਤਿਆਰ ਬਰ ਤਿਆਰ ਸੀ। ਉਸ ਦੇ ਹੱਥ ਵਿੱਚ ਹਲਵਾਈਆਂ ਵਾਲਾ ਖੁਰਚਣਾ ਆਮ ਹੀ ਹੁੰਦਾ ਸੀ। ਆਪ ਬੱਬਰ ਸੂਰਬੀਰਾਂ ਨੂੰ ਘਰ ਵਿੱਚ ਸ਼ਰਨ ਦਿੰਦਾ ਸੀ। ਪਿੰਡ ਵਾਸੀਆਂ ਨੂੰ ਹੱਲਾਸ਼ੇਰੀ ਦਿੰਦਾ ਹੁੰਦਾ ਸੀ ਕਿ ਪੁਲਸ ਜ਼ਾਲਮ ਹੁੰਦੀ, ਇਸ ਲਈ ਪੁਲਿਸ ਦਾ ਕੋਈ ਸਾਥ ਨਾ ਦੇਵੇ। ਭਾਵੇਂ ਪੁਲਸ ਵਾਲੇ ਪੰਜਾਬੀ ਹਨ, ਪਰ ਇਹ ਅੰਗਰੇਜ਼ਾਂ ਕੋਲੋਂ ਤਨਖਾਹ ਲੈਂਦੇ ਕਰਕੇ ਉਨ੍ਹਾਂ ਨੂੰ ਬੱਬਰਾਂ ਦੀਆਂ ਸਰਗਰਮੀਆਂ ਬਾਰੇ ਰਿਪੋਰਟ ਦਿੰਦੇ ਹਨ। ਇੱਥੋਂ ਤੱਕ ਪੁਲਸ ਖਿਲਾਫ਼ ਪ੍ਰਚਾਰ ਕਰਦਾ ਸੀ ਕਿ ਪੁਲਸ ਨੂੰ ਕੋਈ ਪਾਣੀ ਵੀ ਪੀਣ ਨੂੰ ਨਾ ਦੇਵੇ। ਸੁੰਦਰ ਦੇ ਪ੍ਰਚਾਰ ਸਦਕਾ ਪੁਲਿਸ ਕੋਟ ਫਤੂਹੀ ਵਿੱਚ ਵੜਨ ਤੋਂ ਕੰਨੀ ਕਤਰਾਉਂਦੀ ਸੀ। ਦਰਅਸਲ ਉਸ ਦਲੇਰੀ ਭਰੇ ਨਿਡਰ ਤੇ ਨਿਧੜਕ ਨੌਜਵਾਨ ਕੋਲੋਂ ਪੁਲਸ ਡਰਦੀ ਸੀ। ਅਖੀਰ ਅੰਗਰੇਜ਼ਾਂ ਦੀ ਪੁਲਸ ਨੇ ਉਸ ਨੂੰ ਫੜ ਕੇ ਘੋਰ ਤਸੀਹੇ ਦਿੱਤੇ। ਉਹ ਪੁਲਸ ਦੀ ਕੁੱਟ ਖਾਈ ਗਿਆ, ਪਰ ਲਹਿਰ ਬਾਰੇ ਕੁਝ ਨਾ ਦੱਸਿਆ। ਫਿਰ ਸਰਕਾਰੀ ਗਵਾਹ ਕੋਰਟ ਵਿੱਚ ਭੁਗਤੇ, ਪਰ ਉਹ ਵੀ ਕੋਈ ਠੋਸ ਸਬੂਤ ਨਾ ਦੇ ਸਕੇ, ਜਿਸ ਕਰਕੇ ਜੱਜ ਨੇ ਸੁੰਦਰ ਨੂੰ ਬਰੀ ਕਰ ਦਿੱਤਾ। ਕੋਟ ਫਤੂਹੀ ਪਿੰਡ ਦੇ ਹਰਦਿੱਤ ਸਿੰਘ ਜੋ ਕੈਨੇਡਾ ਰੀਟਰਨ ਸਨ, ਉਹ ਬੱਬਰ ਕਰਮ ਸਿੰਘ ਦੌਲਤਪੁਰ ਦੇ ਖਾਸ ਜਾਣੂੰ ਸਨ। ਉਨ੍ਹਾਂ ਨੇ ਅਖਬਾਰ ਛਾਪਣ ਵਿੱਚ ਬੱਬਰਾਂ ਦਾ ਪੂਰਾ ਸਾਥ ਦਿੱਤਾ ਸੀ। ਕੋਟ ਫਤੂਹੀ ਦੇ ਪ੍ਰਤਾਪ ਸਿੰਘ ਨੇ ਸਖਤ ਰੋਕਾਂ ਦੇ ਬਾਵਜੂਦ ਫਰਵਰੀ 1922 ਵਿੱਚ ਕੋਟ ਫਤੂਹੀ ਵਿਖੇ ਬਹੁਤ ਹੀ ਮਹੱਤਵਪੂਰਨ ਵਿਚਾਰਧਾਰਕ ਤੇ ਸਿਆਸੀ ਕਾਨਫਰੰਸ ਕਰਵਾਈ ਸੀ। ਪੁਲਸ ਨੇ ਉਨ੍ਹਾਂ ਨੂੰ ਫੜ ਲਿਆ ਤੇ ਹੁਸ਼ਿਆਰਪੁਰ ਲਿਜਾ ਕੇ ਬੇਤਹਾਸ਼ਾ ਤਸ਼ੱਦਦ ਕੀਤਾ। ਇੱਥੋਂ ਦਾ ਇੱਕ ਬੱਬਰ ਅਮਰ ਸਿੰਘ ਗ੍ਰੰਥੀ ਵੀ ਹੋਇਆ ਹੈ।

ਵਰਿਆਮ ਸਿੰਘ ਸੈਂਟਰਲ ਜੇਲ੍ਹ ਲਾਹੌਰ ਵਿੱਚ ਸਜ਼ਾ ਭੁਗਤ ਰਿਹਾ ਸੀ ਤੇ ਜੇਲ੍ਹ ਦੀ ਮਾੜੀ ਖੁਰਾਕ ਹੋਣ ਕਰਕੇ ਉਸ ਨੂੰ ਨਮੂਨੀਆ ਹੋ ਗਿਆ ਤੇ ਉਹ ਸੱਚਾ-ਸੁੱਚਾ ਦੇਸ ਭਗਤ 29 ਦਸੰਬਰ 1924 ਨੂੰ 65 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਿਆ।

**#ਜਨਰਲ ਸਕੱਤਰ ਦੇਸ ਭਗਤ ਯਾਦਗਾਰ ਕਮੇਟੀ, ਜਲੰਧਰ, 98760-78731**

# ਕਾਮਰੇਡ ਜਰਨੈਲ ਸਿੰਘ ਪੰਧੇਰ

**ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ**

ਕਾਮਰੇਡ ਹਰੀ ਸਿੰਘ ਪੰਧੇਰ ਦੇ ਘਰ ਅਤੇ ਮਾਤਾ ਬਚਨ ਕੌਰ ਦੀ ਕੁੱਖੋਂ ਸਾਥੀ ਜਰਨੈਲ ਸਿੰਘ ਪੰਧੇਰ ਦਾ ਜਨਮ ਇਕ ਕਿਰਤੀ ਪਰਵਾਰ ਵਿੱਚ ਹੋਇਆ। ਪਰਵਾਰ ਪਹਿਲਾਂ ਤੋਂ ਹੀ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਨਾਲ ਜੁੜੇ ਹੋਣ ਕਰਕੇ ਮੁੱਢਲੀ ਸਿੱਖਿਆ ਵੀ ਪਿਤਾ ਹਰੀ ਸਿੰਘ ਪੰਧੇਰ ਦੀਆਂ ਪਾਰਟੀ ਸੰਬੰਧੀ ਗਤੀਵਿਧੀਆਂ ਕਰਕੇ ਹੀ ਪ੍ਰਾਪਤ ਹੋਈ।

ਪਰਵਾਰ ਵਿੱਚ ਵੱਡੀ ਭੈਣ ਲੱਛੋ ਕੌਰ ਤੋਂ ਛੋਟੇ ਮਾਸਟਰ ਗੁਰਚਰਨਜੀਤ ਉਰਫ ਨੇਤਾ, ਹਰਨੇਕ ਸਿੰਘ ਪੰਧੇਰ ਸਾਬਕਾ ਪੰਚ, ਸੁਖਦੇਵ ਪੰਧੇਰ ਅਤੇ ਦਰਸ਼ਨ ਪੰਧੇਰ ਸਮੇਤ ਪਾਰਟੀ ਗੁੜ੍ਹਤੀ ਕਾਰਨ ਹਰ ਅੰਦੋਲਨ ਵਿੱਚ ਸ਼ਾਮਲ ਹੁੰਦੇ ਰਹੇ।

1981 ਵਿੱਚ ਨੌਜਵਾਨ ਸਭਾ ਤੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ 'ਤੇ ਦਿੱਲੀ ਪਾਰਲੀਮੈਂਟ ਦੇ ਘਿਰਾਓ ਸਮੇਂ ਸਾਥੀ ਪੰਧੇਰ ਆਪਣੇ ਹਮਉਮਰਾਂ ਦੇ ਕਾਫਲੇ ਸਮੇਤ ਪਹਿਲੀ ਵਾਰ ਗ੍ਰਿਫਤਾਰ ਹੋਏ ਅਤੇ ਲਗਾਤਾਰ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਇਨਕਲਾਬੀ ਧਿਰ ਦੀਆਂ ਹੋਰ ਸਰਗਰਮੀਆਂ ਵਿੱਚ ਭਾਗ ਲੈਣ ਲੱਗੇ। ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਲੈਣ ਤੋਂ ਬਾਅਦ ਉਹ ਪਹਿਲਾਂ ਨੌਜਵਾਨ ਸਭਾ ਅਤੇ ਫਿਰ ਆਖਰੀ ਸਾਹਾਂ ਤੱਕ ਪੰਜਾਬ ਖੇਤ ਮਜ਼ਦੂਰ ਸਭਾ ਵਿੱਚ ਮਜ਼ਦੂਰ ਜਮਾਤ ਦੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਰਹੇ।

ਜ਼ਿਕਰਯੋਗ ਹੈ ਕਿ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਪਰਵਾਰ ਨੇ ਕਦੇ ਵੀ ਅਹੁਦੇ ਦਾ ਲਾਲਚ ਨਹੀਂ ਕੀਤਾ, ਸਗੋਂ ਪਾਰਟੀ ਦੇ ਵੱਡੇ ਤੇ ਸੀਨੀਅਰ ਆਗੂਆਂ ਕਾਮਰੇਡ ਧਰਮ ਸਿੰਘ ਫੱਕਰ, ਕਾਮਰੇਡ ਜੰਗੀਰ ਸਿੰਘ ਜੋਗਾ, ਕਾਮਰੇਡ ਬੂਟਾ ਸਿੰਘ, ਕਾਮਰੇਡ ਹਰਦੇਵ ਸਿੰਘ ਅਰਸ਼ੀ ਸਮੇਤ ਲੀਡਰਸ਼ਿਪ ਦਾ ਘਰ ਆਉਣ-ਜਾਣ ਬਣਿਆ ਰਿਹਾ।

ਜਿੱਥੇ ਸਾਥੀ ਜਰਨੈਲ ਪੰਧੇਰ ਸਿਆਸਤ ਦੀ ਪੂਰੀ ਸਮਝ ਰੱਖਦੇ ਸਨ, ਉਥੇ ਨਾਲ ਹੀ ਸਮਾਜਿਕ ਕੰਮਾਂ ਵਿੱਚ ਪੂਰੀ ਰੁਚੀ ਰੱਖਦੇ ਸਨ। ਪਿੰਡ ਮਾਨਸਾ ਖੁਰਦ ਦੇ ਵਿਕਾਸ ਲਈ ਲੰਮਾ ਸਮਾਂ ਪੰਚਾਇਤ ਦਾ ਹਿੱਸਾ ਵੀ ਰਹੇ।



ਉਨ੍ਹਾਂ ਨੂੰ ਸੰਖੇਪ ਬਿਮਾਰੀ ਦੇ ਚੱਲਦਿਆਂ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਅਖੀਰ 21 ਦਸੰਬਰ 2023 ਨੂੰ ਪਰਵਾਰ ਤੇ ਪਾਰਟੀ ਨੂੰ ਸਦੀਵੀ ਵਿਛੋੜਾ ਦੇ ਗਏ। ਆਪਣੇ ਪਿੱਛੇ ਪਤਨੀ ਮਨਜੀਤ ਕੌਰ, ਪੁੱਤਰ ਅਵਤਾਰ ਸਿੰਘ, ਅੰਮ੍ਰਿਤਪਾਲ ਸਿੰਘ ਨੂੰ ਛੱਡ ਕੇ ਚਲੇ ਗਏ।

ਸਾਥੀ ਪੰਧੇਰ ਦਾ ਵਿਛੋੜਾ ਪਰਵਾਰ ਅਤੇ ਪਾਰਟੀ ਤੋਂ ਇਲਾਵਾ ਜਥੇਬੰਦੀ ਖੇਤ ਮਜ਼ਦੂਰ ਸਭਾ ਲਈ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹਨਾਂ ਨਮਿਤ ਸ਼ਰਧਾਂਜਲੀ ਸਮਾਗਮ 29 ਦਸੰਬਰ ਦਿਨ ਸ਼ੁੱਕਰਵਾਰ ਨੂੰ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਮਾਨਸਾ ਖੁਰਦ ਵਿਖੇ ਹੋਵੇਗਾ। ਇਸ ਮੌਕੇ ਪਾਰਟੀ ਲੀਡਰਸ਼ਿਪ ਤੋਂ ਇਲਾਵਾ ਇਲਾਕੇ ਦੀਆਂ ਧਾਰਮਿਕ, ਸਮਾਜਿਕ, ਜਨਤਕ ਜਥੇਬੰਦੀਆਂ ਤੋਂ ਇਲਾਵਾ ਸਿਆਸੀ ਆਗੂ ਵੀ ਸਾਥੀ ਜਰਨੈਲ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

**#ਸਕੱਤਰ ਸੀ ਪੀ ਆਈ ਜ਼ਿਲ੍ਹਾ ਮਾਨਸਾ, 90418-60378**

# ਧੁੰਦ ਦੌਰਾਨ ਸੜਕ ਹਾਦਸਿਆਂ ਤੋਂ ਬਚੋ

**ਗੁਰਪ੍ਰੀਤ ਸਿੰਘ ਗਿੱਲ**

ਹੁਣ ਉੱਤਰੀ ਭਾਰਤ ਅਤੇ ਪੰਜਾਬ ਵਿੱਚ ਸਰਦੀ ਦਾ ਮੌਸਮ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਹੁਣ ਧੁੰਦ ਅਤੇ ਕੋਰੇ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਸੰਘਣੀ ਧੁੰਦ ਨਾਲ ਮੌਸਮ ਖਰਾਬ ਹੋ ਜਾਣ ਕਾਰਨ ਕਈ ਰੇਲ ਗੱਡੀਆਂ ਅਤੇ ਹਵਾਈ ਜਹਾਜ਼ਾਂ ਦਾ ਸਫਰ ਰੋਕ ਦਿੱਤਾ ਗਿਆ ਹੈ। ਠੰਢ ਅਤੇ ਧੁੰਦ ਪੈਣ ਕਾਰਨ ਮਨੁੱਖੀ ਜਨ ਜੀਵਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦਾ ਹੈ।

ਅਸੀਂ ਆਮ ਤੌਰ 'ਤੇ ਆਪਣੇ ਰੋਜ਼ ਦੇ ਕੰਮ ਲਈ ਅਤੇ ਨੇੜੇ- ਤੇੜੇ ਜਾਣ ਲਈ ਸੜਕੀ ਸਾਧਨਾਂ ਦੀ ਹੀ ਵਰਤੋਂ ਜ਼ਿਆਦਾ ਕਰਦੇ ਹਾਂ। ਸੰਘਣੀ ਧੁੰਦ ਪੈਣ ਕਾਰਨ ਸੜਕਾਂ 'ਤੇ ਅੱਗੇ-ਪਿੱਛੇ ਕੁਝ ਦਿਖਾਈ ਨਹੀਂ ਦਿੰਦਾ ਹੈ, ਇਸੇ ਕਰਕੇ ਹੀ ਪਿਛਲੇ ਸਾਲਾਂ ਵਿੱਚ ਕਈ ਭਿਆਨਕ ਸੜਕੀ ਹਾਦਸੇ ਹੋਏ ਹਨ। ਆਪਣੀ ਗੱਡੀ ਨੂੰ ਚਲਾਉਂਦੇ ਸਮੇਂ ਕਾਹਲੀ ਨਹੀਂ ਕਰਨੀ ਚਾਹੀਦੀ ਹੈ, ਸਾਡੀ ਕੁਝ ਮਿੰਟਾਂ ਦੀ ਕਾਹਲੀ ਅਤੇ ਡਰਾਈਵਰ ਦੀ ਲਾਪਰਵਾਹੀ ਦੁਖਦਾਈ ਘਟਨਾ ਨੂੰ ਅੰਜਾਮ ਦੇ ਸਕਦੀ ਹੈ। ਧੁੰਦ ਦੇ ਦਿਨਾਂ ਦੌਰਾਨ ਆਪਣੀ ਗੱਡੀ ਦੀ ਸਪੀਡ ਨੂੰ ਹੌਲੀ ਰੱਖੋ ਤਾਂ ਜੋ ਲੋੜ ਪੈਣ 'ਤੇ ਉਸ ਨੂੰ ਰੋਕਿਆ ਜਾ ਸਕੇ ਅਤੇ ਦੂਸਰੀਆਂ ਗੱਡੀਆਂ ਨੂੰ ਜੇ ਹੋ ਸਕੇ ਤਾਂ ਓਵਰਟੇਕ ਨਾ ਕਰੋ। ਜੇਕਰ ਤੁਹਾਡੀ ਗੱਡੀ ਅਤੇ ਟੂ ਵ੍ਹੀਲਰ ਦੀਆਂ ਲਾਈਟਾਂ ਖਰਾਬ ਹਨ ਤਾਂ ਉਹਨਾਂ ਨੂੰ ਠੀਕ ਕਰਾਉਣਾ ਚਾਹੀਦਾ ਹੈ ਅਤੇ ਟੂ ਵ੍ਹੀਲਰ ਚਲਾਉਂਦੇ ਸਮੇਂ ਹੈਲਮਟ ਦੀ ਵਰਤੋਂ ਜ਼ਰੂਰ ਕਰੋ। ਹੈੱਡ ਲਾਈਟ ਨੂੰ ਲੋ ਬੀਮ 'ਤੇ ਰੱਖਣਾ ਚਾਹੀਦਾ ਤਾਂ ਜੋ ਦੂਸਰੀ ਤਰਫ ਤੋਂ ਆ ਰਹੀ ਗੱਡੀ ਆਸਾਨੀ ਨਾਲ ਦੇਖ ਸਕੇ ਅਤੇ ਉਸ ਦੀ ਸਥਿਤੀ ਬਾਰੇ ਵੀ ਪਤਾ ਲੱਗ ਸਕੇ।

ਸੜਕ 'ਤੇ ਧੁੰਦ ਦੀ ਵਜ੍ਹਾ ਨਾਲ ਦੇਖਣਾ ਕਾਫੀ ਔਖਾ ਹੋ ਜਾਂਦਾ ਹੈ। ਇਸ ਸਥਿਤੀ ਵਿੱਚ ਸੜਕ 'ਤੇ ਬਣੀ ਸਫੈਦ ਪੱਟੀ ਦੇ ਨਾਲ ਹੀ ਵਾਹਨ ਨੂੰ ਚਲਾਉਣਾ ਚਾਹੀਦਾ ਹੈ। ਸੜਕ 'ਤੇ ਆਪਣੀ ਗੱਡੀ ਅਤੇ ਦੂਸਰੀ ਗੱਡੀ ਦੇ ਵਿਚਕਾਰ ਦੂਰੀ ਬਣਾ ਕੇ ਚੱਲਣਾ ਚਾਹੀਦਾ ਹੈ ਤਾਂ ਜੋ ਕਿਤੇ ਅਚਾਨਕ ਬਰੇਕ ਲਗਾਉਣੀ ਪੈ ਜਾਵੇ ਤਾਂ ਜਗ੍ਹਾ ਮਿਲ ਜਾਵੇ। ਨਹਿਰਾਂ, ਸੇਮ ਨਾਲੇ ਅਤੇ ਛੱਪੜਾਂ ਆਦਿ ਕੋਲ ਦੀ ਲੰਘਦੇ ਸਮੇਂ ਵਾਹਨ ਦੀ ਰਫਤਾਰ ਘੱਟ ਰੱਖੋ, ਕਿਉਂਕਿ ਇਸ ਜਗ੍ਹਾ 'ਤੇ ਪਾਣੀ ਹੋਣ ਕਰਕੇ ਧੁੰਦ ਹੋਰ ਵੀ ਸੰਘਣੀ ਹੋ ਜਾਂਦੀ ਹੈ, ਜਿਸ ਨਾਲ ਦੁਰਘਟਨਾ ਹੋਣ ਦੇ ਜ਼ਿਆਦਾ ਕਾਰਨ ਬਣਦੇ ਹਨ। ਧੁੰਦ ਅਤੇ ਠੰਢ ਦੇ ਮੌਸਮ ਦੌਰਾਨ ਗੱਡੀ ਦੀ ਵਿੰਡਸ਼ੀਲਡ 'ਤੇ ਨਮੀ ਜਮ੍ਹਾਂ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਡਰਾਈਵਰ ਅੱਗੇ ਦੇਖ ਨਹੀਂ ਸਕਦਾ, ਅਜਿਹੇ ਵਿੱਚ ਗੱਡੀ ਦਾ ਹੀਟਰ ਚਲਾ ਕੇ ਇਸ ਨਮੀ ਨੂੰ ਦੂਰ ਕੀਤਾ ਜਾ ਸਕਦਾ ਹੈ। ਧੁੰਦ ਵਿੱਚ ਆਪਣੇ ਵਾਹਨ ਦੇ ਚਾਰੋਂ ਇੰਡੀਕੇਟਰ ਇਕੱਠੇ ਜਗਾ ਕੇ ਰੱਖੋ। ਰਿਫਲੈਕਟਰ ਤੇ ਰੇਡੀਅਮ ਟੇਪ ਗੱਡੀ ਦੇ ਅੱਗੇ-ਪਿੱਛੇ ਜ਼ਰੂਰ ਲਗਾਓ। ਗੱਡੀ ਨੂੰ ਹਮੇਸ਼ਾ ਆਪਣੀ ਲਾਈਨ ਵਿੱਚ ਹੀ ਚਲਾਓ ਅਤੇ ਜੇਕਰ ਗੱਡੀ ਨੂੰ ਸੜਕ 'ਤੇ ਰੋਕਣਾ ਹੋਵੇ ਤਾਂ ਉਸ ਨੂੰ ਸੜਕ ਤੋਂ ਥੱਲੇ ਉਤਾਰ ਕੇ ਰੋਕਣਾ ਚਾਹੀਦਾ ਹੈ ਅਤੇ ਗੱਡੀ ਦੇ ਡਿੱਪਰ ਲਾਈਟ ਨੂੰ ਚੱਲਦੀਆਂ ਰੱਖੋ। ਸੰਭਵ ਹੋ ਸਕੇ ਤਾਂ ਧੁੰਦ ਦੇ ਦੌਰਾਨ ਕਾਰ ਦੀ ਫੋਗ ਲਾਈਟ ਵੀ ਚਾਲੂ ਰੱਖਣੀ ਚਾਹੀਦੀ ਹੈ। ਸੜਕ 'ਤੇ ਗੱਡੀ ਮੋੜਦੇ ਸਮੇਂ ਚੰਗੀ ਤਰ੍ਹਾਂ ਇਧਰ-ਉਧਰ ਦੇਖ ਲਓ, ਦੂਜੇ ਪਾਸੇ ਤੋਂ ਕੋਈ ਗੱਡੀ ਤਾਂ ਨਹੀਂ ਆ ਰਹੀ।

ਕਈ ਸੜਕਾਂ ਅਤੇ ਹਾਈਵੇ ਨਿਰਮਾਣ ਅਧੀਨ ਚੱਲ ਰਹੇ ਹਨ, ਉਹਨਾਂ ਉਪਰ ਕਈ ਜਗ੍ਹਾ ਓਵਰ ਬ੍ਰਿਜ ਜਾਂ ਕੋਈ ਹੋਰ ਕੰਮ ਚੱਲ ਰਿਹਾ ਹੈ, ਉਸ ਸੜਕ 'ਤੇ ਸਫਰ ਕਰਨ ਲੱਗਿਆਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ।

ਤੁਹਾਡੇ ਦੁਆਰਾ ਵਰਤੀਆਂ ਗਈਆਂ ਸਾਵਧਾਨੀਆਂ ਤੁਹਾਨੂੰ ਹੀ ਨਹੀਂ, ਸਗੋਂ ਦੂਸਰਿਆਂ ਨੂੰ ਵੀ ਦੁਰਘਟਨਾ ਤੋਂ ਬਚਾ ਸਕਦੀਆਂ ਹਨ। ਸਰਕਾਰ ਅਤੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਜਿਹੜੀਆਂ ਸੜਕਾਂ ਖਰਾਬ ਹਨ, ਉਹਨਾਂ ਦੀ ਮੁਰੰਮਤ ਕਰਾਉਣ ਅਤੇ ਸੜਕਾਂ ਦੇ 'ਤੇ ਚਿੱਟੀ ਪੱਟੀ ਅਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਸਫਰ ਕਰਨ ਵਿੱਚ ਸਹੂਲਤ ਮਿਲ ਸਕੇ।

ਆਮ ਤੌਰ 'ਤੇ ਸੜਕੀ ਹਾਦਸੇ ਆਪਣੀ ਅਣਗਹਿਲੀ ਕਾਰਨ ਹੁੰਦੇ ਹਨ, ਜਿਸ ਕਰਕੇ ਸਾਨੂੰ ਆਪਦਾ ਵਾਹਨ ਸੁਚੇਤ ਹੋ ਕੇ ਚਲਾਉਣਾ ਚਾਹੀਦਾ ਹੈ। ਧੁੰਦ ਤੇ ਖਰਾਬ ਮੌਸਮ ਦੌਰਾਨ ਸਾਨੂੰ ਆਪਣੀ ਲੋੜ ਅਨੁਸਾਰ ਹੀ ਸੜਕ 'ਤੇ ਸਫਰ ਕਰਨਾ ਚਾਹੀਦਾ ਹੈ ਅਤੇ ਸੜਕੀ ਹਾਦਸਿਆਂ ਤੋਂ ਬਚਣ ਲਈ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

**# ਸੰਪਰਕ : 94630-43649**

# ਚੋਣ ਮਨੋਰਥ ਪੱਤਰ ਕਾਨੂੰਨੀ ਦਸਤਾਵੇਜ਼ ਹੋਣ ਦੀ ਮੰਗ ਉੱਠਣ ਲੱਗੀ

**ਗੁਰਪ੍ਰੀਤ ਸਿੰਘ ਰੰਗੀਲਪੁਰ**

ਭਾਰਤ ਦੇ ਲੋਕ ਅੱਤ ਦੀ ਗੁਰਬਤ ਦੀ ਚੱਕੀ ਦੇ ਪੁੜਾਂ ਵਿੱਚ ਪਿਸ ਰਹੇ ਹਨ। ਹਰ ਪੱਖੋਂ ਦੁਖੀ ਲੋਕ ਆਸਰੇ ਦੀ ਭਾਲ ਵਿੱਚ ਰਹਿੰਦੇ ਹਨ। ਇਸ ਲਈ ਭਾਰਤ ਵਿੱਚ ਲੋਕ ਬਾਬਿਆਂ ਅਤੇ ਨੇਤਾਵਾਂ ਦੇ ਵੱਸ ਵਧੇਰੇ ਪੈ ਜਾਂਦੇ ਹਨ। ਇਸੇ ਗੱਲ ਦਾ ਫਾਇਦਾ ਉਠਾ ਕੇ ਬਾਬੇ, ਰਾਜਨੀਤੀਵਾਨ ਅਤੇ ਰਾਜਨੀਤਕ ਪਾਰਟੀਆਂ ਲੋਕਾਂ ਦੀਆਂ ਭਾਵਨਾਵਾਂ ਦਾ ਰੱਜ ਕੇ ਸ਼ੋਸ਼ਣ ਕਰਦੇ ਨਜ਼ਰ ਆਉਂਦੇ ਹਨ। ਵੱਡੇ ਤੋਂ ਵੱਡਾ ਝੂਠ ਵੀ ਰੋਹਬ ਨਾਲ ਮਾਰਦੇ ਹਨ। ਇਸੇ ਤਰ੍ਹਾਂ ਜਦ ਵੀ ਕਿਸੇ ਰਾਜ ਜਾਂ ਕੇਂਦਰ ਸਰਕਾਰ ਦੇ ਕਾਰਜਕਾਲ ਦਾ ਸਾਲ ਕੁ ਦਾ ਸਮਾਂ ਰਹਿ ਜਾਂਦਾ ਹੈ ਤਾਂ ਉਹ ਝੱਟ ਅਗਲੀਆਂ ਚੋਣਾਂ ਜਿੱਤਣ ਦੇ ਇਰਾਦੇ ਨਾਲ ਗੋਂਗਲੂਆਂ ਤੋਂ ਮਿੱਟੀ ਝਾੜ ਕੇ ਲੋਕਾਂ ਨੂੰ ਵੱਡੇ-ਵੱਡੇ ਸਬਜ਼ਬਾਗ਼ ਦਿਖਾ ਕੇ ਭਰਮਾਉਣਾ ਸ਼ੁਰੂ ਕਰ ਦਿੰਦੇ ਹਨ। ਜਾਰੀ ਕੀਤੇ ਚੋਣ ਮਨੋਰਥ ਪੱਤਰਾਂ ਵਿੱਚ ਲੋਕਾਂ ਦੇ ਮਸਲੇ ਲਿਖਤੀ ਰੂਪ ਵਿੱਚ ਹੱਲ ਕਰ ਦਿੱਤੇ ਨਜ਼ਰ ਆਉਂਦੇ ਹਨ, ਪਰ ਜਿੱਤਣ ਤੋਂ ਬਾਅਦ ਚੋਣ ਮਨੋਰਥ ਪੱਤਰਾਂ ਵਿੱਚੋਂ ਇੱਕ ਵੀ ਲਿਖਤੀ ਵਾਅਦਾ ਪੂਰਾ ਨਹੀਂ ਕੀਤਾ ਜਾਂਦਾ। ਜਿੱਤਣ ਵਾਲੀਆਂ ਰਾਜਸੀ ਪਾਰਟੀਆਂ ਦੀ ਇਸੇ ਵਾਅਦਾ-ਖਿਲਾਫੀ ਕਰਕੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਉਹਨਾਂ ਵੱਲੋਂ ਚੋਣ ਮਨੋਰਥ ਪੱਤਰਾਂ ਨੂੰ ਲੋਕ ਪ੍ਰਤੀਨਿਧਤਾ ਕਾਨੂੰਨ 1951 ਵਿੱਚ ਸੋਧ ਕਰਕੇ ਕਾਨੂੰਨੀ ਦਸਤਾਵੇਜ਼ ਬਣਾਏ ਜਾਣ ਅਤੇ ਉਮੀਦਵਾਰਾਂ ਅਤੇ ਪਾਰਟੀਆਂ ਵੱਲੋਂ ਚੋਣ ਮਨੋਰਥ ਪੱਤਰ ਵਿੱਚ ਕੀਤੇ ਵਾਅਦੇ ਪੂਰੇ ਨਾ ਕਰਨ ਉੱਤੇ ਜਵਾਬਦੇਹੀ ਕਰਨੀ ਯਕੀਨੀ ਬਣਾਉਣ ਜਾਂ ਸਜ਼ਾ ਦੇਣ ਦੀ ਮੰਗ ਜ਼ੋਰਦਾਰ ਢੰਗ ਨਾਲ ਉੱਠਣ ਲੱਗੀ ਹੈ।

ਵੱਖ-ਵੱਖ ਰਾਜਨੀਤਕ ਪਾਰਟੀਆਂ ਅਤੇ ਉਮੀਦਵਾਰ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਬੜੇ ਵੱਡੇ-ਵੱਡੇ ਵਾਅਦੇ ਕਰਦੀਆਂ ਹਨ। ਉਹਨਾਂ ਦੁਆਰਾ ਲੋਕਾਂ ਸਾਹਮਣੇ ਪੇਸ਼ ਕੀਤੇ ਗਏ ਲਿਖਤੀ ਇਕਰਾਰਨਾਮੇ ਨੂੰ ਚੋਣ ਮਨੋਰਥ ਪੱਤਰ ਕਿਹਾ ਜਾਂਦਾ ਹੈ। ਚੋਣ ਮਨੋਰਥ ਪੱਤਰਾਂ ਵਿੱਚ ਲੋਕਾਂ ਦੇ ਵੱਡੇ-ਵੱਡੇ ਮਸਲੇ ਜਿਵੇਂ ਬੇਘਰਿਆਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦੇਣੇ, ਬੇਰੁਜ਼ਗਾਰੀ ਦੂਰ ਕਰਨ ਲਈ ਕਰੋੜਾਂ ਰੁਜ਼ਗਾਰ ਪੈਦਾ ਕਰਨਾ, ਹਰ ਘਰ ਵਿੱਚ ਇੱਕ ਮੈਂਬਰ ਨੂੰ ਨੌਕਰੀ ਦੇਣਾ, ਮਹਿੰਗਾਈ ਨੂੰ ਨੱਥ ਪਾਉਣਾ, ਬਿਜਲੀ, ਡੀਜ਼ਲ, ਪੈਟਰੋਲ ਅਤੇ ਗੈਸ ਦੀਆਂ ਕੀਮਤਾਂ ਘਟਾਉਣਾ, ਕੱਚੇ ਕਾਮਿਆਂ ਨੂੰ ਰੈਗੂਲਰ ਕਰਕੇ ਰੁਜ਼ਗਾਰ ਦੀ ਸੁਰੱਖਿਆ ਦੇਣਾ, ਨਵੀਂ ਪੈਨਸ਼ਨ ਸਕੀਮ ਤਹਿਤ ਪੀੜਤ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਕੇ ਬੁਢਾਪੇ ਦੀ ਡੰਗੋਰੀ ਦੇਣਾ, ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨਾ, ਸਵਾਮੀਨਾਥਨ ਕਮਿਸ਼ਨ ਅਨੁਸਾਰ ਫਸਲਾਂ ਦੇ ਮੁੱਲ ਦੇਣਾ, ਨਸ਼ੇ ਖਤਮ ਕਰਨਾ, ਲੁੱਟਾਂ, ਖੋਹਾਂ, ਗੁੰਡਾਗਰਦੀ ਨੂੰ ਨੱਥ ਪਾਉਣਾ, ਸ਼ਗਨ ਸਕੀਮ, ਪੈਨਸ਼ਨ, ਬੇਰੁਜ਼ਗਾਰੀ ਭੱਤਾ ਆਦਿ ਦੁੱਗਣਾ ਕਰਨਾ ਅਤੇ ਜਨਤਕ ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਘਰ-ਘਰ ਪਹੁੰਚਾਉਣਾ ਅਤੇ ਮਾਂ ਬੋਲੀ ਨੂੰ ਦਰਪੇਸ਼ ਮੁਸਕਲਾਂ ਦੇ ਹੱਲ ਲਈ ਯਤਨ ਕਰਨੇ ਆਦਿ ਦਿਲ-ਟੁੰਭਵੇਂ ਦਾਅਵੇ ਕੀਤੇ ਜਾਂਦੇ ਹਨ।

ਦੁਖਾਂਤ ਇਹ ਹੈ ਕਿ ਇਹ ਚੋਣ ਮਨੋਰਥ ਪੱਤਰ ਸਿਰਫ ਚੋਣਾਂ ਜਿੱਤਣ ਲਈ ਹੀ ਲੋਕਾਂ ਨੂੰ ਲਾਏ ਲਾਰੇ ਸਾਬਿਤ ਹੁੰਦੇ ਆਏ ਹਨ। ਦਰਅਸਲ ਕਰੋੜਾਂ ਰੁਜ਼ਗਾਰ ਦੇਣ ਦੇ ਉਲਟ ਕੋਈ ਰੁਜ਼ਗਾਰ ਵੀ ਪੈਦਾ ਨਹੀਂ ਕੀਤਾ ਜਾਂਦਾ, ਸਗੋਂ ਨਿੱਜੀਕਰਨ ਦੀ ਭੇਟ ਚਾੜ੍ਹ ਕੇ ਜਨਤਕ ਖੇਤਰਾਂ ਵਿੱਚ ਕੰਮ ਕਰਦੇ ਕਈ ਲੋਕਾਂ ਕੋਲੋਂ ਰੁਜ਼ਗਾਰ ਖੋਹ ਲਿਆ ਜਾਂਦਾ ਹੈ। ਪਿਛਲੇ ਸਮੇਂ ਤੋਂ ਥਰਮਲ ਪਲਾਂਟ, ਸੇਵਾ ਕੇਂਦਰ ਆਦਿ ਕਈ ਜਨਤਕ ਅਦਾਰਿਆਂ ਦਾ ਭੋਗ ਪਾਇਆ ਜਾ ਰਿਹਾ ਹੈ। ਨਸ਼ੇ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਦੀ ਨਾ ਰੁਕਣ ਵਾਲੀ ਗਿਣਤੀ ਦੱਸਦੀ ਹੈ ਕਿ ਨਸ਼ੇ ਦਾ ਵਪਾਰ ਬੰਦ ਹੋਣ ਦੀ ਥਾਂ ਦਸ ਗੁਣਾ ਵਧਿਆ ਹੈ। ਬਿਜਲੀ, ਗੈਸ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਆਮ ਬੰਦੇ ਲਈ ਦੋ ਡੰਗ ਦੀ ਰੋਟੀ ਖਾਣੀ ਵੀ ਵਧੀ ਹੋਈ ਮਹਿੰਗਾਈ ਨੇ ਮੁਸ਼ਕਿਲ ਕਰ ਦਿੱਤੀ ਹੈ। ਜਨਤਕ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਵੀ ਨਿੱਜੀਕਰਨ ਕੀਤਾ ਜਾ ਰਿਹਾ ਹੈ। ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਅੰਕੜੇ ਦੱਸਦੇ ਹਨ ਕਿ ਕੋਈ ਕਰਜ਼ਾ ਮੁਆਫ ਨਹੀਂ ਹੋ ਰਿਹਾ। ਉਲਟਾ ਦੇਸ ਦੇ ਕੁਝ ਧੰਨ ਕੁਬੇਰਾਂ ਦੇ ਕਰੋੜਾਂ ਦੇ ਕਰਜ਼ੇ ਜ਼ਰੂਰ ਮੁਆਫ ਕੀਤੇ ਗਏ ਹਨ। ਫਸਲਾਂ ਦੇ ਘੱਟੋ-ਘੱਟ ਭਾਅ ਲੈਣ ਲਈ ਵੀ ਫਸਲਾਂ ਸਮੇਤ ਮੰਡੀਆਂ ਵਿੱਚ ਰੁਲਦੇ ਕਿਸਾਨ ਸੰਘਰਸ਼ ਦੇ ਰਾਹ ਪਏ ਹੋਏ ਹਨ। ਬੇਰੁਜ਼ਗਾਰੀ ਭੱਤਾ, ਸ਼ਗਨ ਸਕੀਮ, ਪੈਨਸ਼ਨ ਦੁੱਗਣਾ ਕਰਨਾ ਤਾਂ ਦੂਰ ਦੀ ਗੱਲ, ਪਹਿਲਾਂ ਤੋਂ ਮਿਲਦੇ ਭੱਤੇ/ਪੈਨਸ਼ਨ ਵੀ ਸਮੇਂ ਸਿਰ ਨਸੀਬ ਨਹੀਂ ਹੁੰਦੇ। ਇਹਨਾਂ ਲਾਰਿਆਂ ਵਿੱਚੋਂ ਜੇਕਰ ਰਾਜ ਜਾਂ ਕੇਂਦਰ ਸਰਕਾਰ ਵੱਲੋਂ ਕਾਰਜਕਾਲ ਦੇ ਆਖਰੀ ਸਮੇਂ ਇੱਕ-ਅੱਧਾ ਲਾਰਾ ਪੂਰ ਕੇ ਖਾਨਾਪੂਰਤੀ ਕੀਤੀ ਜਾਂਦੀ ਹੈ ਤਾਂ ਉਸ ਦਾ ਬਹੁਤੇ ਲੋਕਾਂ ਨੂੰ ਕੋਈ ਲਾਭ ਨਹੀਂ ਮਿਲਦਾ।

ਵੈਸੇ ਵੀ ਜਿਸ ਦੇਸ਼ ਵਿੱਚ ਮਹਾਂ-ਘੁਟਾਲੇ ਹੁੰਦੇ ਹੋਣ, ਫਿਰਕਾਪ੍ਰਸਤੀ ਜ਼ੋਰਾਂ ਉੱਤੇ ਹੋਵੇ, ਔਰਤਾਂ ਅਸੁਰੱਖਿਅਤ ਹੋਣ, ਲੁੱਟਾਂ, ਖੋਹਾਂ, ਗੁੰਡਾਗਰਦੀ ਦੀ ਅੱਤ ਹੋ ਰਹੀ ਹੋਵੇ, ਦਲਿਤਾਂ ਨਾਲ ਵਿਤਕਰੇ ਕੀਤੇ ਜਾਂਦੇ ਹੋਣ, ਭ੍ਰਿਸ਼ਟਾਚਾਰ ਸਿਰੇ ਦਾ ਹੋਵੇ, ਜਨਤਕ ਵੰਡ-ਪ੍ਰਣਾਲੀ ਕਾਣੀ ਹੋਵੇ, ਨੌਜਵਾਨ ਨਸ਼ੇ ਦੇ ਜਾਲ ਵਿੱਚ ਫਸਾਏ ਗਏ ਹੋਣ, ਬੇਰੁਜ਼ਗਾਰੀ ਦਾ ਹੜ੍ਹ ਆਇਆ ਹੋਵੇ, ਠੇਕੇਦਾਰੀ ਪ੍ਰਥਾ ਜਵਾਨੀ ਦਾ ਖ਼ੂਨ ਨਿਚੋੜ ਰਹੀ ਹੋਵੇ, ਕਿਸਾਨ-ਮਜ਼ਦੂਰ ਫਾਹੇ ਲੈਣ ਲਈ ਮਜਬੂਰ ਹੋਣ, ਬਾਲ ਮਜ਼ਦੂਰੀ ਕਰਦੇ ਹੋਣ, ਲੋਕ ਜਨਤਕ ਸਹੂਲਤਾਂ ਤੋਂ ਵੀ ਵਾਂਝੇ ਹੋਣ, ਅਨਿਆਂ ਅਤੇ ਬੇਇਨਸਾਫੀ ਹੋਵੇ ਅਤੇ ਖਾਸ ਕਰਕੇ ਜਿਸ ਦੇਸ਼ ਦੇ ਰਾਜਨੀਤੀਵਾਨ ਧਰਮ ਅਤੇ ਜਾਤ ਦੇ ਅਧਾਰ ਉੱਤੇ ਲੋਕਾਂ ਵਿੱਚ ਫੁੱਟ ਪਾ ਕੇ, ਨਸ਼ੇ ਜਾਂ ਪੈਸੇ ਦੇ ਲਾਲਚ ਜਾਂ ਡੰਡੇ ਦੇ ਜ਼ੋਰ ਨਾਲ ਚੋਣਾਂ ਜਿੱਤਣ ਦੇ ਰਾਹ ਪਏ ਹੋਣ, ਉਸ ਦੇਸ਼ ਵਿੱਚ ਚੋਣ ਮਨੋਰਥ ਪੱਤਰ ਦੇ ਸਾਰਥਿਕ ਹੋ ਨਿਬੜਨ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ।

ਸਾਡਾ ਲੋਕਤੰਤਰ ਵੀ ਸਾਨੂੰ ਇਹ ਜਾਨਣ ਦਾ ਪੂਰਨ ਹੱਕ ਦਿੰਦਾ ਹੈ ਕਿ ਜਿਸ ਉਮੀਦਵਾਰ ਜਾਂ ਪਾਰਟੀ ਨੂੰ ਅਸੀਂ ਸੱਤਾ ਵਿੱਚ ਲੈ ਕੇ ਆਉਣਾ ਹੈ, ਉਹ ਸਾਡੇ ਮਸਲਿਆਂ ਦਾ ਹੱਲ ਕਰੇਗਾ ਜਾਂ ਕਰੇਗੀ ਕਿ ਨਹੀਂ ? ਜੇਕਰ ਉਹ ਉਮੀਦਵਾਰ ਜਾਂ ਪਾਰਟੀ ਜਿਸ ਨੂੰ ਅਸੀਂ ਸੱਤਾ ਵਿੱਚ ਲਿਆਂਦਾ ਹੈ, ਉਹ ਸਾਡੇ ਮਸਲੇ ਹੱਲ ਨਹੀਂ ਕਰਦਾ ਜਾਂ ਕਰਦੀ ਤਾਂ ਅਗਲੀ ਵਾਰ ਅਸੀਂ ਆਪਣੀ ਚੋਣ ਬਦਲ ਸਕਦੇ ਹਾਂ, ਪਰ ਮੁਸ਼ਕਿਲ ਇਹ ਆਉਂਦੀ ਹੈ ਕਿ ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਨਾ ਬਣਾਏ ਜਾਣ ਕਰਕੇ ਸਾਰੇ ਹੀ ਉਮੀਦਵਾਰ ਅਤੇ ਪਾਰਟੀਆਂ ਵੱਡੇ-ਵੱਡੇ ਅਤੇ ਇੱਕ-ਦੂਜੇ ਤੋਂ ਵਧ-ਚੜ੍ਹ ਕੇ ਝੂਠੇ ਲਿਖਤੀ ਵਾਅਦੇ ਕਰਦੇ ਹਨ, ਜਿਸ ਨਾਲ ਉਹ ਲੋਕਾਂ ਨੂੰ ਜਜ਼ਬਾਤੀ ਕਰਕੇ ਲਾਰਿਆਂ ਵਿੱਚ ਫਸਾ ਲੈਣ ਵਿੱਚ ਕਾਮਯਾਬ ਹੋ ਜਾਂਦੇ ਹਨ। ਜੋ ਮੁੱਠੀ ਕੁ ਸੁਚੇਤ ਲੋਕ ਵੀ ਹਨ, ਉਹ ਵੀ ਜਿਸ ਨੂੰ ਘੱਟ ਘੁਟਾਲੇਬਾਜ਼, ਘੱਟ ਧੋਖੇਬਾਜ਼ ਜਾਂ ਛੋਟਾ ਚੋਰ ਸਮਝਦੇ ਹਨ, ਉਸ ਨੂੰ ਅਤੇ ਉਸ ਦੀ ਪਾਰਟੀ ਨੂੰ ਸੱਤਾ ਵਿੱਚ ਲੈ ਕੇ ਆਉਣ ਲਈ ਵੋਟ ਪਾ ਦਿੰਦੇ ਹਨ।

ਇਸ ਲਈ ਭਾਰਤ ਦੇ ਚੋਣ ਕਮਿਸ਼ਨ ਨੂੰ ਵੀ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਇਨਸਾਫ-ਪਸੰਦ ਲੋਕਾਂ ਵੱਲੋਂ ਉਠਾਈ ਜਾ ਰਹੀ ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾਏ ਜਾਣ ਅਤੇ ਕੀਤੇ ਵਾਅਦੇ ਪੂਰੇ ਨਾ ਕਰਨ ਵਾਲੇ ਉਮੀਦਵਾਰ ਜਾਂ ਪਾਰਟੀ ਨੂੰ ਜਵਾਬਦੇਹੀ ਕਰਨ ਜਾਂ ਸਜ਼ਾ ਦੇਣ ਦੀ ਮੰਗ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਜੇਕਰ ਭਾਰਤ ਦੇ ਚੋਣ ਕਮਿਸ਼ਨ, ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾ ਦਿੰਦੇ ਹਨ ਅਤੇ ਕੀਤੇ ਵਾਅਦੇ ਪੂਰੇ ਨਾ ਕਰਨ ਵਾਲੇ ਉਮੀਦਵਾਰ ਜਾਂ ਪਾਰਟੀ ਦੀ ਜਵਾਬਦੇਹੀ ਜਾਂ ਸਜ਼ਾ ਯਕੀਨੀ ਕਰ ਦਿੰਦੇ ਹਨ ਤਾਂ ਰਾਜਨੀਤੀਵਾਨ ਅਤੇ ਰਾਜਨੀਤਕ ਪਾਰਟੀਆਂ ਭਾਰਤ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਨਹੀਂ ਕਰ ਸਕਣਗੀਆਂ। ਉਲਟਾ ਉਹ ਚੋਣ ਮਨੋਰਥ ਪੱਤਰ ਵਿੱਚ ਬਸ ਉਹੀ ਵਾਅਦੇ ਕਰਨਗੇ, ਜੋ ਉਹ ਪੂਰਾ ਕਰ ਸਕਦੇ ਹੋਣ। ਜੇਕਰ ਕੋਈ ਉਮੀਦਵਾਰ ਜਾਂ ਪਾਰਟੀ ਚੋਣ ਮਨੋਰਥ ਪੱਤਰ ਵਿੱਚ ਕੀਤਾ ਵਾਅਦਾ ਪੂਰਾ ਨਹੀਂ ਕਰੇਗਾ ਜਾਂ ਕਰੇਗੀ ਤਾਂ ਉਸ ਨੂੰ ਹਾਈਕੋਰਟ ਜਾਂ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਸਕੇਗੀ। ਇਸ ਲਈ ਸਾਰੇ ਹੀ ਦੇਸ਼ ਵਾਸੀਆਂ ਨੂੰ ਰਲ ਕੇ ਹੰਭਲਾ ਮਾਰ ਕੇ ਉਕਤ ਮੰਗ ਦੀ ਪ੍ਰਾਪਤੀ ਤੱਕ ਸੰਘਰਸ਼ ਕਰਨਾ ਚਾਹੀਦਾ ਹੈ।

*# ਸੰਪਰਕ : 98552-07071*

29-DEC-PAGE-5.qxd 12/28/2023 10:28 PM Page 1



# ਲੁੱਟ-ਖੋਹ ਦੀਆਂ ਵਾਰਦਾਤਾਂ ਖਿਲਾਫ ਵਪਾਰਕ ਜਥੇਬੰਦੀਆਂ ਵੱਲੋਂ ਸ਼ਹਿਰ ਮੁਕੰਮਲ ਬੰਦ

- ਪੁਲਸ ਪ੍ਰਸ਼ਾਸਨ ਸ਼ਹਿਰ ਦੀ ਸੁਰੱਖਿਆ ਪ੍ਰਤੀ ਹਰ ਫਰੰਟ 'ਤੇ ਫੇਲ੍ਹ : ਬਰਾੜ
- ਅਣਪਛਾਤੇ ਲੁਟੇਰਿਆਂ ਵਿਰੁੱਧ ਮੁਕੱਦਮਾ ਦਰਜ : ਡੀ ਐੱਸ ਪੀ



**ਕੋਟਕਪੂਰਾ (ਸ਼ਾਮ ਲਾਲ ਚਾਵਲਾ/ ਰਛਪਾਲ ਭੁੱਲਰ)**

ਪਿਛਲੇ ਕਾਫੀ ਦਿਨਾਂ ਤੋਂ ਕੋਟਕਪੂਰਾ ਨਗਰ ਅੰਦਰ ਤੇ ਆਸ-ਪਾਸ ਦੇ ਇਲਾਕੇ ਅੰਦਰ ਮਾੜੇ ਅਨਸਰਾਂ ਵੱਲੋਂ ਡੰਡੇ ਸੋਟਿਆਂ ਤੇ ਕਾਪਿਆਂ ਨਾਲ ਲੋਕਾਂ ਨੂੰ ਜ਼ਖ਼ਮੀ ਕਰਕੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ ਤੇ ਇਨ੍ਹਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।ਪਿਛਲੇ ਦਿਨੀਂ ਹਰਿੰਦਰ ਸਿੰਘ ਆਹੂਜਾ, ਮੋਹਤ ਕੁਮਾਰ ਤੇ ਹੋਰਨਾਂ 'ਤੇ ਦੁਕਾਨਾਂ ਅੰਦਰ ਬੈਠਿਆਂ 'ਤੇ ਹਮਲੇ ਕਰਕੇ ਜ਼ਖ਼ਮੀ ਕੀਤੇ ਗਏ, ਪਰ ਪੁਲਸ ਵੱਲੋਂ ਕੋਈ ਠੋਸ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ, ਜਿਸ ਦੇ ਰੋਸ ਵਜੋਂ ਚੈਂਬਰ ਆਫ ਕਾਮਰਸ ਵੱਲੋਂ ਮੀਟਿੰਗ ਕਰਕੇ ਵੀਰਵਾਰ ਕੋਟਕਪੂਰਾ ਮੁਕੰਮਲ ਬੰਦ ਕੀਤਾ ਗਿਆ।ਨਗਰ ਦੇ ਢੋਡਾ ਚੌਕ ਵਿੱਚ ਭਾਰੀ ਇਕੱਠ ਕੀਤਾ ਗਿਆ, ਜਿਸ ਵਿੱਚ ਰੇਹੜੀ ਯੂਨੀਅਨ, ਕਰਿਆਨਾ ਐਸੋਸੀਏਸ਼ਨ, ਫਰੂਟ ਐਸੋਸੀਏਸ਼ਨ, ਹਲਵਾਈ ਯੂਨੀਅਨ, ਬੁੱਕ ਸੈਲਰ ਯੂਨੀਅਨ, ਕੋਟਕਪੂਰਾ ਵਿਸ਼ਵਾਸ ਤੇ ਮੇਨ ਲਾਇਨਜ਼ ਕਲੱਬਜ਼, ਸਵਰਨਕਾਰ ਯੂਨੀਅਨ, ਕੱਪੜਾ ਵਪਾਰ ਯੂਨੀਅਨ, ਗੁੱਡ ਮੌਰਨਿੰਗ ਕਲੱਬ ਭਾਵ ਕੋਟਕਪੂਰਾ ਦੀ ਹਰ ਯੂਨੀਅਨ ਨੇ ਇਸ ਵਿੱਚ ਭਾਗ ਲਿਆ।ਇਸ ਤੋਂ ਇਲਾਵਾ ਮਨਤਾਰ ਸਿੰਘ ਬਰਾੜ, ਅਜੈ ਪਾਲ ਸਿੰਘ ਸੰਧੂ, ਕਰਤਾਰ ਸਿੰਘ ਸਿੱਖਾਂਵਾਲਾ, ਕੇਵਲ ਸਿੰਘ ਪ੍ਰੇਮੀ, ਕੁਲਬੀਰ ਸਿੰਘ ਮੱਤਾ, ਭੁਪਿੰਦਰ ਸਿੰਘ ਸੱਗੂ ਪ੍ਰਧਾਨ ਨਗਰ ਕੌਂਸਲ, ਜਸਵਿੰਦਰ ਜੌੜਾ, ਰਤਨ ਮਿੱਠੂ, ਰਜਿੰਦਰ ਸਿੰਘ ਸਰਾਂ, ਦਰਸ਼ਨ ਸਿੰਘ ਸੰਧੂ ਤੋਂ ਇਲਾਵਾ ਹਰ ਪਾਰਟੀ ਦੇ ਵਰਕਰ ਸ਼ਾਮਲ ਸਨ। ਇਸ ਮੌਕੇ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਓਮਕਾਰ ਗੋਇਲ ਨੇ ਬੋਲਦੇ ਹੋਏ ਕਿਹਾ ਕਿ ਇਹ ਰੋਸ ਧਰਨਾ ਗੈਰ-ਰਾਜਨੀਤਕ ਹੈ ਤੇ ਕਿਸੇ ਨੂੰ ਵੀ ਰਾਜਨੀਤਕ ਭਾਸ਼ਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਪੁਲਸ ਪ੍ਰਸ਼ਾਸਨ ਵਪਾਰੀਆਂ ਦੀ ਜਾਨ-ਮਾਲ ਦੀ ਰਾਖੀ ਕਰਨ ਵਿੱਚ ਨਾਕਾਮ ਸਾਬਿਤ ਹੋ ਰਿਹਾ ਹੈ।ਇਸ ਮੌਕੇ ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਅਜੈਪਾਲ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਹਾਲਤ ਬਹੁਤ ਚਿੰਤਾਜਨਕ ਹੋ ਚੁੱਕੀ ਹੈ।ਅੱਜ ਸਮਾਜ ਦਾ ਹਰ ਵਰਗ ਸੜਕਾਂ 'ਤੇ ਆ ਰਿਹਾ ਹੈ ਤੇ ਸਰਕਾਰ ਦਾ ਤਮਾਸ਼ਾ ਦੇਖ ਰਿਹਾ ਹੈ।ਇਸ ਮੌਕੇ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਕੁਲਤਾਰ ਸਿੰਘ ਬਰਾੜ ਨੇ ਕਿਹਾ ਕਿ ਸਰਕਾਰ ਦੀਆਂ ਨਾਕਾਮੀਆਂ ਕਰਕੇ ਸ਼ਹਿਰ ਵਿੱਚ ਗੁੰਡਾ ਅਨਸਰ ਸ਼ਰੇਆਮ ਤੇਜ਼ਧਾਰ ਹਥਿਆਰਾਂ ਨਾਲ ਲੋਕਾਂ ਦੀ ਲੁੱਟ ਖੋਹ ਕਰ ਰਹੇ ਹਨ। ਉਨ੍ਹਾ ਕਿਹਾ ਕਿ ਪੁਲਸ ਪ੍ਰਸ਼ਾਸਨ ਬਿਲਕੁੱਲ ਸੁਣਵਾਈ ਨਹੀਂ ਕਰ ਰਿਹਾ। ਉਨ੍ਹਾ ਕਿਹਾ ਕਿ ਅਸੀਂ ਇਸ ਦੇ ਖਿਲਾਫ ਹਾਂ ਤੇ ਸ਼ਹਿਰ ਬੰਦ ਵਿੱਚ ਸਾਡੀ ਪਾਰਟੀ ਵਪਾਰੀਆਂ ਦਾ ਪੂਰਨ ਸਮਰਥਨ ਕਰੇਗੀ। ਉਨ੍ਹਾ ਕਿਹਾ ਕਿ ਜੇਕਰ ਸਾਡੇ ਸ਼ਹਿਰ ਵਿੱਚ ਇਹੋ ਜਿਹੇ ਹਾਲਾਤ ਹੁੰਦੇ ਹਨ ਤਾਂ ਬਹੁਤ ਮਾੜੀ ਗੱਲ ਹੈ। ਉਨ੍ਹਾ ਕਿਹਾ ਕਿ ਜੇਕਰ ਪੁਲਸ ਕਾਰਵਾਈ ਨਹੀਂ ਕਰਦੀ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਅਫਸਰਾਂ ਦੀ ਥਾਂ 'ਤੇ ਨਵੇਂ ਅਫਸਰ ਲਾਉਣੇ ਚਾਹੀਦੇ ਹਨ। ਇਸ ਮੌਕੇ ਹੋਰਨਾਂ ਵੱਖ ਵੱਖ ਬੁਲਾਰਿਆਂ ਨੇ ਵੀ ਪੁਲਸ ਵਿਰੁੱਧ ਰੱਜ ਕੇ ਭੜਾਸ ਕੱਢੀ।ਇਸ ਸਬੰਧੀ ਜਦ ਡੀ.ਐੱਸ.ਪੀ. ਕੋਟਕਪੂਰਾ ਸ਼ਮਸ਼ੇਰ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਿਟੀ ਕੋਟਕਪੂਰਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਜ਼ਮੀਨ ਦੇ ਨਜਾਇਜ਼ ਤਬਾਦਲੇ ਤੇ ਇੰਤਕਾਲ ਬਦਲੇ 7 ਲੱਖ ਦੀ ਰਿਸ਼ਵਤ ਲੈਣ ਦੇ ਦੋਸ਼ 'ਚ ਤਹਿਸੀਲਦਾਰ ਤੇ ਦੋ ਪਟਵਾਰੀ ਗ੍ਰਿਫ਼ਤਾਰ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਨੇ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਅੱਜ ਮੂਨਕ ਦੇ ਤਹਿਸੀਲਦਾਰ (ਸੇਵਾ-ਮੁਕਤ) ਸੰਧੂਰਾ ਸਿੰਘ, ਸੰਗਰੂਰ ਜ਼ਿਲ੍ਹੇ ਦੇ ਹਲਕਾ ਬੱਲਰਾਂ ਦੇ ਪਟਵਾਰੀ ਧਰਮਰਾਜ ਤੇ ਭਗਵਾਨ ਦਾਸ ਪਟਵਾਰੀ (ਸੇਵਾਮੁਕਤ) ਨੂੰ ਵਾਹੀਯੋਗ ਜ਼ਮੀਨ ਦੇ ਗੈਰ-ਕਾਨੂੰਨੀ ਤਬਾਦਲੇ ਤੇ ਇੰਤਕਾਲ ਕਰਵਾਉਣ ਬਦਲੇ 7 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਖੁਲਾਸਾ ਕੀਤਾ ਕਿ ਐੱਫ ਆਈ ਆਰ ਨੰਬਰ 18 ਮਿਤੀ 27 ਦਸੰਬਰ 2023 ਦੀ ਡੂੰਘਾਈ ਨਾਲ ਤਫ਼ਤੀਸ਼ ਕਰਨ ਤੋਂ ਬਾਅਦ ਆਈਪੀਸੀ ਦੀ ਧਾਰਾ 420, 465, 467, 468, 471, 120-ਬੀ ਤਹਿਤ ਵਿਜੀਲੈਂਸ ਬਿਊਰੋ ਦੇ ਆਰਥਿਕ ਅਪਰਾਧ ਸ਼ਾਖਾ ਲੁਧਿਆਣਾ ਦੇ ਥਾਣੇ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਹੈ।ਐੱਫ ਆਈ ਆਰ ਵਿੱਚ ਨਾਮਜ਼ਦ ਕੀਤੇ ਗਏ ਮੁਲਜ਼ਮਾਂ ਵਿੱਚ ਸੰਧੂਰਾ ਸਿੰਘ, ਤਹਿਸੀਲਦਾਰ (ਸੇਵਾਮੁਕਤ), ਧਰਮਰਾਜ ਪਟਵਾਰੀ, ਮਿੱਠੂ ਸਿੰਘ ਪਟਵਾਰੀ (ਦੋਵੇਂ ਹਲਕਾ ਬੱਲਰਾਂ, ਜ਼ਿਲ੍ਹਾ ਸੰਗਰੂਰ), ਭਗਵਾਨ ਦਾਸ, ਪਟਵਾਰੀ (ਸੇਵਾਮੁਕਤ) ਤੇ ਇੱਕ ਨਿੱਜੀ ਵਿਅਕਤੀ ਬਲਵੰਤ ਸਿੰਘ ਵਾਸੀ ਪਿੰਡ ਬੱਲਰਾਂ, ਜ਼ਿਲ੍ਹਾ ਸੰਗਰੂਰ ਸ਼ਾਮਲ ਹਨ।ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾ ਦੱਸਿਆ ਕਿ ਇਸ ਜਾਂਚ ਦੌਰਾਨ ਪਿੰਡ ਬੱਲਰਾਂ ਵਿਖੇ ਗੁਰਤੇਜ ਸਿੰਘ ਤੇ ਹੋਰਨਾਂ ਦੀ 25 ਕਨਾਲ 15 ਮਰਲੇ ਜ਼ਮੀਨ ਦਾ ਤਬਾਦਲਾ ਪਿੰਡ ਰਾਏਪੁਰ, ਤਹਿਸੀਲ ਜਾਖਲ, ਹਰਿਆਣਾ ਵਿਖੇ ਬਲਵੰਤ ਸਿੰਘ ਦੀ ਜ਼ਮੀਨ ਨਾਲ ਜਾਲ੍ਹੀ ਤਬਾਦਲਾ ਤੇ ਇੰਤਕਾਲ (ਨੰਬਰ 10808) ਇੰਦਰਾਜ ਕਰਾਉਣ ਦਾ ਖੁਲਾਸਾ ਹੋਇਆ ਹੈ।ਧਰਮ ਰਾਜ ਪਟਵਾਰੀ ਨੇ ਇਸ ਫਰਜ਼ੀ ਇੰਤਕਾਲ ਨੂੰ ਅੰਜਾਮ ਦੇਣ ਲਈ ਬਲਵੰਤ ਸਿੰਘ ਤੋਂ 7 ਲੱਖ ਰੁਪਏ ਦੀ ਰਿਸ਼ਵਤ ਲਈ ਸੀ। ਬੁਲਾਰੇ ਨੇ ਮਾਲ ਰਿਕਾਰਡ ਵਿੱਚ ਬੇਨਿਯਮੀਆਂ ਨੂੰ ਉਜਾਗਰ ਕਰਦੇ ਹੋਏ ਦੱਸਿਆ ਕਿ ਪਟਵਾਰੀ ਨੇ ਇੰਤਕਾਲ ਦੀ ਪ੍ਰਵਾਨਗੀ ਲਈ ਐਂਟਰੀ ਬਾਲਪੁਆਇੰਟ ਪੈੱਨ ਨਾਲ ਕੀਤੀ ਸੀ, ਉਸੇ ਮਿਤੀ ਨੂੰ ਹੋਰ ਐਂਟਰੀਆਂ ਦੇ ਉਲਟ, ਜੈੱਲ ਪੈੱਨ ਦੀ ਵਰਤੋਂ ਕਰਕੇ ਦਰਜ ਕੀਤੀਆਂ ਗਈਆਂ ਸਨ।ਇਸ ਤੋਂ ਇਲਾਵਾ, ਦੋਸ਼ੀ ਪਟਵਾਰੀ ਨੇ ਆਪਣੇ ਦੋਸ਼ ਨੂੰ ਛੁਪਾਉਣ ਲਈ ਇਸ ਇੰਤਕਾਲ ਦੀ ਕਾਪੀ ਕਾਨੂੰਗੋ ਦੇ ਦਫ਼ਤਰ ਨੂੰ ਵੀ ਨਾ ਭੇਜੀ।ਇਸ ਜਾਂਚ ਦੌਰਾਨ ਪਤਾ ਲੱਗਾ ਕਿ ਗੁਰਤੇਜ ਸਿੰਘ ਤੇ ਹੋਰਾਂ ਅਤੇ ਬਲਵੰਤ ਸਿੰਘ ਵਿਚਕਾਰ ਕੋਈ ਪਰਿਵਾਰਕ ਵੰਡ ਨਹੀਂ ਹੋਈ ਸੀ।ਸਾਲ 1966 ਤੋਂ ਪਿੰਡ ਬੱਲਰਾਂ ਵਿੱਚ ਜ਼ਮੀਨ ਦੇ ਮਾਲਕ ਹੋਣ ਦਾ ਦਾਅਵਾ ਕਰ ਰਹੇ ਬਲਵੰਤ ਸਿੰਘ ਨੇ ਤਬਾਦਲੇ ਰਾਹੀ ਜ਼ਮੀਨ ਦਾ ਮਾਲਕ ਬਣਨ ਲਈ ਧਰਮ ਰਾਜ ਪਟਵਾਰੀ ਕੋਲ ਪਹੁੰਚ ਕੀਤੀ, ਜਿਸ ਨੇ 10 ਲੱਖ ਰੁਪਏ ਦੀ ਮੰਗ ਕੀਤੀ।ਗੱਲਬਾਤ ਤੋਂ ਬਾਅਦ ਧਰਮ ਰਾਜ ਪਟਵਾਰੀ ਨੇ ਬਲਵੰਤ ਸਿੰਘ ਤੋਂ 7 ਲੱਖ ਰੁਪਏ ਦੀ ਰਿਸ਼ਵਤ ਲੈ ਲਈ।ਜਾਂਚ ਦੌਰਾਨ ਸਾਹਮਣੇ ਆਇਆ ਕਿ ਮਿੱਠੂ ਸਿੰਘ ਪਟਵਾਰੀ ਨੇ 07.05.2021 ਨੂੰ ਮਾਲ ਰਿਕਾਰਡ ਵਿੱਚ ਇਹ ਹੇਰਾਫੇਰੀ ਕੀਤੀ ਸੀ।ਜਦੋਂ ਸ਼ਿਕਾਇਤਕਰਤਾ ਗੁਰਤੇਜ ਸਿੰਘ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਸ਼ਿਕਾਇਤ ਦਰਜ ਕਰਵਾਈ ਤਾਂ ਭਗਵਾਨ ਦਾਸ ਪਟਵਾਰੀ ਨੇ ਇੰਤਕਾਲ ਨੰਬਰ 16, 18 ਜੁਲਾਈ 2022 ਨੂੰ ਦਰੁਸਤ ਕਰ ਦਿੱਤਾ, ਪਰ ਉਹ ਮਾਲ ਰਜਿਸਟਰ ਵਿੱਚ ਇੰਤਕਾਲ ਨੰ: 11123 ਮਿਤੀ 18 ਜੁਲਾਈ 2022 ਦੇ ਆਧਾਰ 'ਤੇ ਸੇਲ ਡੀਡ/ਵਾਸਿਕਾ ਨੰ: 53 ਮਿਤੀ 26 ਅਪ੍ਰੈਲ 2022 ਦਾ ਹਵਾਲਾ ਦੇਣ ਵਿੱਚ ਅਸਫਲ ਰਿਹਾ।ਬੁਲਾਰੇ ਨੇ ਦੱਸਿਆ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਤੇ ਬਾਕੀ ਦੋਸ਼ੀਆਂ ਨੂੰ ਵੀ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

# ਬਿਜਲੀ ਲਾਈਨ ਕੱਢਣ ਦੇ ਵਿਰੋਧ 'ਚ ਕਿਸਾਨਾਂ ਵੱਲੋਂ ਦੂਜੇ ਦਿਨ ਵੀ ਧਰਨਾ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਵੱਲੋਂ ਭੀਖੀ ਇਲਾਕੇ ਨੂੰ ਬਦਲਵੀਂ ਸਪਲਾਈ ਦੇਣ ਲਈ ਕੱਢੀ ਜਾ ਰਹੀ ਬਿਜਲੀ ਲਾਈਨ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਦਿੱਤਾ ਜਾ ਰਿਹਾ ਧਰਨਾ ਅੱਜ ਦੂਜੇ ਦਿਨ ਵੀ ਜਾਰੀ ਰਿਹਾ। ਵਰਨਣਯੋਗ ਹੈ ਕਿ ਪਾਵਰਕਾਮ ਵੱਲੋਂ ਕਿਸਾਨਾਂ ਦੇ ਖੇਤਾਂ ਵਿੱਚਦੀ ਕੱਢੀ ਜਾ ਰਹੀ ਲਾਈਨ ਦਾ ਵਿਰੋਧ ਕੀਤਾ ਸੀ, ਜਿਸ ਤੋਂ ਬਾਅਦ ਪੁਲਸ ਫੋਰਸ ਨੇ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਕੇ ਕੰਮ ਬੰਦ ਕਰਵਾ ਦਿੱਤਾ ਗਿਆ। ਬੀਤੀ ਦੇਰ ਰਾਤ ਉਕਤ ਕਿਸਾਨਾਂ ਨੂੰ ਰਿਹਾ ਕਰ ਦਿੱਤਾ। ਇਸ ਮੌਕੇ ਗੱਲਬਾਤ ਕਰਦਿਆਂ ਯੂਨੀਅਨ ਆਗੂ ਗੁਰਚਰਨ ਸਿੰਘ ਭੀਖੀ ਨੇ ਕਿਹਾ ਕਿ ਕਿਸਾਨਾਂ ਨੂੰ ਸਮਾਂ ਦਿੱਤੇ ਬਿਨਾਂ ਅਤੇ ਬਿਨਾਂ ਦੱਸੇ ਵਿਭਾਗ ਨੇ ਆ ਕੇ ਉਕਤ ਖੰਭੇ ਲਾਉਣ ਦਾ ਕੰਮ ਜੇਸੀਬੀ ਰਾਹੀਂ ਸ਼ੁਰੂ ਕਰ ਦਿੱਤਾ, ਜਦੋਂ ਕਿ ਕਣਕ ਬੀਜੀ ਹੋਣ ਦੇ ਬਾਵਜੂਦ ਉਕਤ ਕਿਸਾਨ ਦਾ ਕਾਫੀ ਨੁਕਸਾਨ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਬਿਜਲੀ ਅਧਿਕਾਰੀ ਕਿਸਾਨਾਂ ਨਾਲ ਗੱਲਬਾਤ ਕਰਕੇ ਜਾਂ ਮਾਣਯੋਗ ਅਦਾਲਤ ਦੇ ਫੈਸਲੇ ਦਾ ਇੰਤਜ਼ਾਰ ਕਰਕੇ ਹੀ ਕੋਈ ਫੈਸਲਾ ਲੈਣ ਨਹੀਂ ਕਿਸਾਨ ਯੂਨੀਅਨ ਸੰਘਰਸ਼ ਹੋਰ ਤੇਜ਼ ਕਰੇਗੀ। ਇਸ ਮੌਕੇ ਕਿਸਾਨਾਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ। ਇਸ ਮੌਕੇ ਗੁਰਚਰਨ ਸਿੰਘ ਭੀਖੀ, ਜਗਦੇਵ ਸਿੰਘ ਭੈਣੀ ਬਾਘਾ, ਸੁਖਦੇਵ ਸਿੰਘ ਕੋਟਲੀ, ਜਗਜੀਤ ਸਿੰਘ ਢੈਪਈ, ਜੁਗਰਾਜ ਸਿੰਘ ਹੀਰੋ ਕਲਾਂ, ਦਰਸ਼ਨ ਸਿੰਘ ਟਾਹਲੀਆ, ਸੋਹਣ ਲਾਲ ਗੋਬਿੰਦਪੁਰਾ, ਜੁਗਰਾਜ ਸਿੰਘ ਖਿੱਲਣ, ਬਲਵੀਰ ਸਿੰਘ ਝੰਡੂਕੇ, ਸ਼ਮਸ਼ੇਰ ਸਿੰਘ ਹੋਡਲਾ, ਹਰਿੰਦਰ ਸਿੰਘ, ਪਾਲਾ ਸਿੰਘ, ਮੇਲ ਸਿੰਘ, ਨਾਇਬ ਸਿੰਘ, ਜੱਗਾ ਸਿੰਘ, ਮਿੱਠੂ ਭਗਤ, ਗੁਰਤੇਜ ਸਿੰਘ ਭੂਸ਼ਣ ਮੌਜੂਦ ਸਨ।

## ਕਾਤਰਾਂ

### ਕੈਨਾਲ ਕਾਲੋਨੀ ਦੀ ਵਰਕਸ਼ਾਪ ਦੇ ਸ਼ੈਡ ਦਾ ਸਕਰੈਪ ਚੋਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਮੱਖੂ ਦੀ ਕੈਨਾਲ ਕਾਲੋਨੀ ਦੇ ਵਰਕਸ਼ਾਪ ਦੇ ਸ਼ੈਡ ਦੇ ਸਕਰੈਪ ਚੋਰੀ ਕਰਨ ਦੇ ਦੋਸ਼ ਵਿੱਚ ਪੁਲਸ ਨੇ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਕ ਪੱਤਰ ਦਫਤਰ ਉਪ ਮੰਡਲ ਹਰੀਕੇ ਹੈੱਡ ਵਰਕਸ ਜਲ ਸਰੋਤ ਵਿਭਾਗ ਸੀਸੀ ਮਖੂ ਵੱਲੋਂ ਮੌਸੂਲ ਹੋਇਆ ਕਿ ਦੋਸ਼ੀਆਨ ਕੁੰਦਨ ਪੁੱਤਰ ਚਮਨ ਲਾਲ ਵਾਸੀ ਕੈਨਾਲ ਕਾਲੋਨੀ ਮਖੂ ਤੇ ਅਕਾਸ਼ ਪੁੱਤਰ ਰਾਜ ਕੁਮਾਰ ਵਾਸੀ ਕੈਨਾਲ ਕਲੋਨੀ ਮਖੂ ਵੱਲੋਂ ਕੈਨਾਲ ਕਲੋਨੀ ਦੇ ਵਰਕਸ਼ਾਪ ਦੇ ਸ਼ੈਡ ਦੇ ਸਕਰੈਪ ਚੋਰੀ ਕੀਤੇ ਗਏ ਹਨ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

### ਬਦਲੇਗੀ ਹਲਕਾ ਆਤਮ ਨਗਰ ਦੀ ਨੁਹਾਰ : ਵਿਧਾਇਕ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ, ਹਲਕੇ ਦੇ ਲੋਕਾਂ ਦੀਆਂ ਸਹੂਲਤਾਂ ਵਿੱਚ ਵਾਧਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ, ਜਿਸਦੇ ਤਹਿਤ ਕਰੀਬ 1.37 ਕਰੋੜ ਰੁਪਏ ਦੀ ਲਾਗਤ ਨਾਲ ਧੂਰੀ ਰੇਲਵੇ ਲਾਈਨ ਤੋਂ ਗਿੱਲ ਪੁਲ ਤੱਕ ਸਿੱਧਵਾਂ ਨਹਿਰ ਦੇ ਨਾਲ ਲੋਕਾਂ ਦੇ ਸੈਰ ਕਰਨ ਲਈ ਗ੍ਰੀਨ ਬੈਲਟ ਵਿਕਸਤ ਕਰਨ ਦੇ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਸਿੱਧੂ ਨੇ ਕਿਹਾ ਕਿ ਹਲਕੇ ਦੇ ਵਸਨੀਕਾਂ ਲਈ ਹਰਿਆ-ਭਰਿਆ ਵਾਤਾਵਰਣ ਮੁਹੱਈਆ ਕਰਾਉਣਾ ਮੁੱਖ ਟੀਚਾ ਹੈ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਵੱਖ-ਵੱਖ ਥਾਂਵਾਂ 'ਤੇ ਸਫ਼ਾਈ ਅਭਿਆਨ ਵੀ ਚਲਾਏ ਜਾ ਰਹੇ ਹਨ ਤਾਂ ਜੁ ਹਲਕੇ ਦੀ ਦਿੱਖ ਨੂੰ ਹੋਰ ਸੁਧਾਰਿਆ ਜਾ ਸਕੇ।

### ਮਾਰਕੁੱਟ ਦੇ ਦੋਸ਼ 'ਚ ਗ੍ਰਿਫਤਾਰ

**ਭੀਖੀ (ਧਰਮਵੀਰ ਸ਼ਰਮਾ)**-ਭੀਖੀ ਪੁਲਸ ਨੇ ਇੱਕ ਵਿਅਕਤੀ ਦੀ ਮਾਰਕੁੱਟ ਕਰਨ ਦੇ ਦੋਸ਼ ਹੇਠ ਤਿੰਨ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਵਾਰਡ ਨੰਬਰ 1 ਦੇ ਰਹਿਣ ਵਾਲੇ ਵਿਨੋਦ ਕੁਮਾਰ ਪੁੱਤਰ ਪ੍ਰਕਾਸ਼ ਚੰਦ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਕਿ ਉਸ ਨੇ ਉਨ੍ਹਾਂ ਦੇ ਵਾਰਡ ਵਿੱਚ ਵਿੱਚ ਹੀ ਰਹਿਣ ਵਾਲੇ ਵਿਅਕਤੀ ਜਿੰਮੀ ਗਰਗ ਤੋਂ ਪੈਸੇ ਲੈਣੇ ਸਨ। ਉਸ ਵਿੱਚੋਂ ਕੁੱਝ ਪੈਸੇ ਉਸ ਨੇ ਮੋੜ ਦਿੱਤੇ ਤੇ ਜਿਵੇਂ ਹੀ ਉਸ ਨੇ ਆਪਣੇ ਪੈਸੇ ਮੰਗੇ ਤਾਂ ਉਨ੍ਹਾਂ ਜਦੋਂ ਮੈਂ ਸ਼ਨੀ ਮੰਦਰ ਵਿੱਚੋਂ ਮੱਥਾ ਟੇਕ ਕੇ ਵਾਪਸ ਆ ਰਿਹਾ ਸੀ ਤਾਂ ਉਨ੍ਹਾਂ ਮੈਨੂੰ ਘੇਰ ਕੇ ਕੁੱਟਮਾਰ ਕੀਤੀ। ਉਸ ਨੇ ਦੱਸਿਆ ਕਿ ਮੈਨੂੰ ਜਿੰਮੀ ਗਰਗ, ਜੁਗਨੂੰ ਗਰਗ ਤੇ ਇੱਕ ਨਾ-ਮਾਲੂਮ ਵਿਅਕਤੀ ਨੇ ਸੱਟਾਂ ਮਾਰੀਆਂ। ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ। ਹੌਲਦਾਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਜਿੰਮੀ ਗਰਗ, ਜੁਗਨੂੰ ਗਰਗ ਤੇ ਲਵਪ੍ਰੀਤ ਸਿੰਘ ਮੱਤੀ ਖਿਲਾਫ ਮਾਮਲਾ ਦਰਜ ਕਰਕੇ ਲਵਪ੍ਰੀਤ ਸਿੰਘ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

# ਵਿਧਾਇਕ ਹਲਕੇ ਅੰਦਰ ਵਿਕ ਰਹੇ ਚਿੱਟੇ ਤੇ ਗੁੰਡਾਗਰਦੀ ਪ੍ਰਤੀ ਕਦੋਂ ਚੁੱਪੀ ਤੋੜਨਗੇ : ਕਾਲੀ ਪਾਇਲ

**ਦੋਰਾਹਾ (ਹਰਮਿੰਦਰ ਸੇਠ)**

ਵਿਧਾਨ ਸਭਾ ਹਲਕਾ ਪਾਇਲ ਦੇ ਕੁੱਝ ਅਜਿਹੇ ਪਿੰਡ ਹਨ, ਜੋ ਕਿ ਹਮੇਸ਼ਾ ਹੀ ਸੁਰਖੀਆਂ ਵਿੱਚ ਰਹਿੰਦੇ ਹਨ। ਪੰਜਾਬ ਅੰਦਰ ਸਰਕਾਰ ਕਿਸੇ ਦੀ ਵੀ ਪਾਰਟੀ ਦੀ ਹੋਵੇ, ਪ੍ਰੰਤੂ ਇਹ ਨਸ਼ੇ ਕਾਰਨ ਸੁਰਖੀਆਂ ਵਿੱਚ ਰਹਿੰਦੇ ਹਨ। ਇਨ੍ਹਾਂ ਪਿੰਡਾਂ 'ਚੋਂ ਇੱਕ ਪਿੰਡ ਮਕਸੂਦੜਾ ਵੀ ਆਉਂਦਾ ਹੈ, ਜੋ ਅੱਜਕੱਲ੍ਹ ਚਿੱਟੇ ਦੇ ਨਸ਼ੇ 'ਚ ਹੋਏ ਲੈਣ-ਦੇਣ ਕਾਰਨ ਸੁਰਖੀਆਂ ਵਿੱਚ ਹੈ। ਦੱਸਣਯੋਗ ਹੈ ਇੱਥੇ ਕੁੱਝ ਮਹੀਨੇ ਪਹਿਲਾਂ ਰਿਟਾਇਰਡ ਪੁਲਸ ਅਧਿਕਾਰੀ ਦਾ ਨੌਜਵਾਨ ਪੁੱਤਰ ਚਿੱਟੇ ਦੀ ਭੇਟ ਚੜ੍ਹ ਗਿਆ ਸੀ, ਪ੍ਰੰਤੂ ਹੁਣ ਸੋਸ਼ਲ ਮੀਡੀਏ ਉੱਪਰ ਪਿੰਡ ਦੇ ਹੀ ਆਪ ਆਗੂ ਯੁਗਰਾਜ ਸਿੰਘ ਗਿੱਲ ਦੇ ਸੋਸ਼ਲ ਮੀਡੀਆ 'ਤੇ ਕੁਝ ਕੁਮੈਂਟ ਘੁੰਮ ਰਹੇ ਹਨ, ਜਿਸ ਵਿੱਚ ਸਿੱਧੇ-ਅਸਿੱਧੇ ਤਰੀਕੇ ਨਾਲ ਝਾੜੂ ਪਾਰਟੀ ਦੇ ਇੱਕ ਅਹੁਦੇਦਾਰ, ਜੋ ਪਿੰਡ ਨਾਲ ਸੰਬੰਧਤ ਹੈ, 'ਤੇ ਚਿੱਟਾ ਵਿਕਾਉਣ ਦਾ ਦੋਸ਼ ਲਗਾ ਰਿਹਾ ਹੈ। ਉਪਰੋਕਤ ਕੁਮੈਂਟਾਂ ਤੋਂ ਸਪੱਸ਼ਟ ਹੈ ਕਿ ਇੱਕ ਮਹੀਨੇ ਵਿੱਚ ਨਸ਼ਾ ਖਤਮ ਕਰਨ ਦਾ ਨਾਅਰਾ ਦੇਣ ਵਾਲੀ ਝਾੜੂ ਪਾਰਟੀ ਕਾਂਗਰਸ ਸਰਕਾਰ ਦੀ ਤਰਜ਼ 'ਤੇ ਕਈ ਗੁਣਾਂ ਵੱਧ ਨਸ਼ਾ ਵਿਕ ਰਿਹਾ ਹੈ। ਮੌਜੂਦਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਤੇ ਅਕਾਲੀ ਦਲ ਹਲਕੇ ਅੰਦਰ ਵਿਕ ਰਹੇ ਚਿੱਟੇ ਤੇ ਗੁੰਡਾਗਰਦੀ ਕਰਨ ਮੂੰਹ ਵਿੱਚ ਦਹੀਂ ਜਮਾਈ ਬੈਠੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਆਗੂ ਗੁਰਦੀਪ ਸਿੰਘ ਕਾਲੀ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਕੀਤਾ।

ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਕਿ ਅਸੀਂ ਪੰਜਾਬ ਅੰਦਰ ਚਿੱਟੇ ਨੂੰ ਕੰਟਰੋਲ ਕਰ ਲਿਆ ਗਿਆ ਹੈ, ਪ੍ਰੰਤੂ ਮੌਜੂਦਾ ਸਰਕਾਰ ਦੇ ਵਿਅਕਤੀਆਂ ਦੀਆਂ ਸੋਸ਼ਲ ਮੀਡੀਏ 'ਤੇ ਵਾਇਰਲ ਹੋਈਆਂ ਪੋਸਟਾਂ ਤੇ ਕੁਮੈਂਟ ਸਿੱਧ ਕਰਦੇ ਹਨ ਕਿ ਇਹ ਧੰਦਾ ਹੁਣ ਝਾੜੂ ਪਾਰਟੀ ਦੇ ਆਗੂ ਚਲਾ ਰਹੇ ਹਨ। ਕੁੱਝ ਵਿਅਕਤੀਆਂ ਨੇ ਡਰੱਗ ਮਾਫੀਏ ਤੋਂ ਪੈਸੇ ਲੈਣ-ਦੇਣ ਦਾ ਵੀ ਹਵਾਲਾ ਸੋਸ਼ਲ ਮੀਡੀਆ 'ਤੇ ਦਿੱਤਾ ਹੈ। ਇਸ ਸਾਰੇ ਕਾਂਡ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਮੌਜੂਦਾ ਵਿਧਾਇਕ ਨੂੰ ਇਸ ਦਾ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਕਾਂਗਰਸ ਤੇ ਅਕਾਲੀ ਦਲ ਦੀ ਵੀ ਨੈਤਿਕ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਇਸ ਮਾਮਲੇ 'ਤੇ ਆਪਣਾ ਪੱਖ ਰੱਖਣ।

ਦੂਸਰੇ ਪਾਸੇ ਸੋਸ਼ਲ ਮੀਡੀਆ 'ਤੇ ਕੁਮੈਂਟ ਕਰਨ ਵਾਲੇ ਵਾਲੇ ਜਗਰਾਜ ਸਿੰਘ ਗਿੱਲ ਨੇ ਮੰਨਿਆ ਕਿ ਇਹ ਕੁਮੈਂਟ ਉਨ੍ਹਾਂ ਦੇ ਹੀ ਹਨ। ਉਨ੍ਹਾ ਦੱਸਿਆ ਕਿ ਪੁਲਸ ਨੇ ਪਿਛਲੇ ਸਮੇਂ 'ਚ 3 ਬੰਦੇ ਮਕਸੂਦੜਾ ਤੋਂ ਚੁੱਕੇ ਸਨ, ਉਨ੍ਹਾਂ ਵਿੱਚੋਂ ਇੱਕ ਬੰਦਾ ਫਰਾਰ ਹੋ ਗਿਆ ਸੀ। ਉਸ ਦੇ ਪਿਤਾ ਨੇ ਹੀ ਦੋਸ਼ ਲਗਾਏ ਸਨ ਕਿ ਉਪਰੋਕਤ ਬਲਾਕ ਪ੍ਰਧਾਨ ਹੀ ਇਹ ਚਿੱਟਾ ਵਿਕਾ ਰਿਹਾ ਹੈ। ਐੱਸ ਐੱਚ ਓ ਦੋਰਾਹਾ ਦਾ ਕਹਿਣਾ ਹੈ ਕਿ ਜਿਸ ਵਿਅਕਤੀ ਦੇ ਪਿਤਾ ਨੇ ਦੋਸ਼ ਲਗਾਏ ਹਨ, ਉਹ ਅਜੇ ਫਰਾਰ ਹੈ, ਉਸ ਦੀ ਗ੍ਰਿਫਤਾਰੀ ਤੋਂ ਬਾਅਦ ਹੀ ਕੁੱਝ ਕਿਹਾ ਜਾ ਸਕਦਾ ਹੈ ਤੇ ਅਸਲ ਸਚਾਈ ਸਾਹਮਣੇ ਆ ਸਕਦੀ ਹੈ।

# ਨਾਗਰਿਕ ਸਮੂਹਾਂ ਨੇ ਇਜ਼ਰਾਈਲ ਦੁਆਰਾ ਗਾਜ਼ਾ 'ਚ ਨਸਲਕੁਸ਼ੀ ਨੂੰ ਰੋਕਣ ਦੀ ਮੰਗ ਕੀਤੀ




**ਲੁਧਿਆਣਾ (ਐੱਮ ਐੱਸ ਭਾਟੀਆ)**-ਸ਼ਾਂਤੀ ਅਤੇ ਵਿਕਾਸ ਲਈ ਭਾਰਤੀ ਡਾਕਟਰਾਂ ਦੀ ਜਥੇਬੰਦੀ ਇੰਡੀਅਨ ਡਾਕਟਰਸ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ), ਭਾਰਤ ਜਨ ਗਿਆਨ ਵਿਗਿਆਨ ਜੱਥਾ ਤੇ ਸੋਸ਼ਲ ਥਿੰਕਰਸ ਫੋਰਮ ਨੇ ਨਵੇਂ ਸਾਲ 2024 ਨੂੰ ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਵਾਲਾ ਸਾਲ ਹੋਣ ਦੀ ਕਾਮਨਾ ਕਰਨ ਦੇ ਲਈ ਰੈਲੀ ਕੀਤੀ। ਇਸ ਵਿੱਚ ਦੁਨੀਆ ਦੇ ਅਨੇਕਾਂ ਇਲਾਕਿਆਂ ਵਿੱਚ ਚੱਲ ਰਹੇ ਯੁੱਧਾਂ ਨੂੰ ਸਮਾਪਤ ਕਰਕੇ ਸ਼ਾਂਤੀ ਲਈ ਆਵਾਜ਼ ਬੁਲੰਦ ਕੀਤੀ। ਆਰਤੀ ਚੌਕ ਵਿਖੇ ਆਯੋਜਤ ਰੈਲੀ ਵਿੱਚ ਗਾਜ਼ਾ ਵਿੱਚ ਇਜ਼ਰਾਈਲੀ ਹਮਲੇ ਨੂੰ ਤੁਰੰਤ ਰੋਕਣ ਦਾ ਸੱਦਾ ਦਿੱਤਾ। ਹਾਲਾਂਕਿ ਹਮਾਸ ਦੀ ਕਾਰਵਾਈ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ ਹੈ, ਗਾਜ਼ਾ 'ਤੇ ਇਜ਼ਰਾਈਲ ਦੁਆਰਾ ਪੂਰੀ ਤਰ੍ਹਾਂ ਨਾਲ ਗੈਰ-ਅਨੁਪਾਤਕ ਹਮਲਾ ਕਰਨਾ ਬਹੁਤ ਹੀ ਨਿੰਦਣਯੋਗ ਹੈ। ਸ਼ਰਮਨਾਕ ਹੈ ਕਿ ਅਜੋਕੇ ਸੰਸਾਰ ਵਿੱਚ ਜਦੋਂ ਸਭ ਕੁਝ ਇੰਨਾ ਚੰਗੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਹਰ ਘਟਨਾ ਨੂੰ ਦੂਰ ਤੋਂ ਦੇਖਿਆ ਜਾ ਸਕਦਾ ਹੈ, ਇਸ ਕਿਸਮ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਗਾਜ਼ਾ ਵਿੱਚ 21000 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ ਅਤੇ 55000 ਦੇ ਕਰੀਬ ਫੱਟੜ ਹੋ ਚੁੱਕੇ ਹਨ। ਮ੍ਰਿਤਕਾਂ ਵਿੱਚੋਂ 70% ਔਰਤਾਂ ਅਤੇ ਬੱਚੇ ਹਨ। ਗਾਜ਼ਾ ਵਿੱਚ ਇਸ ਸਮੇਂ ਕੌਰ ਮਨੁੱਖੀ ਸੰਕਟ ਪੈਦਾ ਹੋ ਚੁੱਕਿਆ ਹੈ ਤੇ ਬਿਮਾਰੀਆਂ ਦੇ ਭੁੱਖਮਰੀ ਫੈਲਣ ਦੇ ਕਾਰਨ ਸਥਿਤੀ ਭਿਆਨਕ ਹੈ। ਬੁਲਾਰਿਆਂ ਨੇ ਭਾਰਤ ਅੰਦਰ ਵੀ ਆਉਣ ਵਾਲੇ ਸਾਲ ਵਿੱਚ ਫਿਰਕੂ ਸਦਭਾਵਨਾ ਦਾ ਮਾਹੌਲ ਬਣਾਉਣ ਦੇ ਲਈ ਲੋਕਾਂ ਨੂੰ ਅਪੀਲ ਕੀਤੀ। ਇਸ ਮੌਕੇ ਡਾਕਟਰ ਅਰੁਣ ਮਿੱਤਰਾ, ਡਾਕਟਰ ਗਗਨਦੀਪ ਸਿੰਘ, ਐਮ ਐਸ ਭਾਟੀਆ, ਰਣਜੀਤ ਸਿੰਘ, ਡਾਕਟਰ ਕੁਸੁਮ ਲਤਾ, ਡਾਕਟਰ ਰਾਜਿੰਦਰਪਾਲ ਸਿੰਘ ਔਲਖ, ਡਾਕਟਰ ਗੁਰਬੀਰ ਸਿੰਘ, ਡਾਕਟਰ ਸੂਰਜ ਢਿੱਲੋਂ, ਡਾਕਟਰ ਅੰਕੁਸ਼ ਕੁਮਾਰ ਤੇ ਡਾਕਟਰ ਸੀਰਤ ਨੇ ਸੰਬੋਧਨ ਕੀਤਾ। ਰੈਲੀ ਉਪਰੰਤ ਆਰਤੀ ਚੌਕ ਤੋਂ ਮਾਈ ਨੰਦ ਕੌਰ ਗੁਰਦੁਆਰਾ ਤੱਕ ਇਕ ਮਾਰਚ ਕੱਢਿਆ ਗਿਆ। ਇਸ ਮਾਰਚ

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਦਿਖਾਈ ਖੇਡਾਂ 'ਚ ਕਮਾਲ



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਸ਼ੇਸ਼ ਲੋੜਾਂ ਬੱਚਿਆਂ ਦੀਆਂ ਖੇਡਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਭੁਪਿੰਦਰ ਕੌਰ ਦੇ ਦਿਰਦੇਸ਼ਾਂ 'ਤੇ ਬਲਾਕ ਸਿੱਖਿਆ ਅਫ਼ਸਰ ਲਖਵਿੰਦਰ ਸਿੰਘ ਅਤੇ ਦਰਸ਼ਨ ਸਿੰਘ ਜੀਦਾ, ਦਵਿੰਦਰ ਕੁਮਾਰ ਡੀ ਐਸ ਈ ਬਠਿੰਡਾ ਦੀ ਰਹਿਨੁਮਾਈ ਹੇਠ ਸੰਗਤ ਬਲਾਕ ਦੇ ਸਕੂਲ ਦੇ ਖੇਡ ਮੈਦਾਨ ਵਿੱਚ ਅਥਲੈਟਿਕ ਮੀਟ ਕਰਾਈ ਗਈ। ਇਨ੍ਹਾਂ ਖੇਡਾਂ ਵਿੱਚ ਵੱਖ-ਵੱਖ ਬਲਾਕਾਂ ਦੇ 100 ਤੋਂ ਜ਼ਿਆਦਾ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਦੇ ਪ੍ਰਬੰਧਕੀ ਖੇਡ ਅਫ਼ਸਰ ਪ੍ਰਦੀਪ ਕੌਰ ਸੰਗਤ, ਸੈਂਟਰ ਹੈੱਡ ਟੀਚਰ ਜਗਦੀਸ਼ ਕੁਮਾਰ, ਸੈਂਟਰ ਹੈੱਡ ਚੱਕ ਰੁਲਦੂ ਸਿੰਘ ਵਾਲਾ, ਕੁਲਵਿੰਦਰ ਕੌਰ ਗਹਿਰੀ ਆਈ ਆਰ ਟੀ ਰਣਵੀਰ ਕੁਮਾਰ ਸੰਗਤ, ਹੈੱਡ ਟੀਚਰ ਸਵਰਨ ਸਿੰਘ, ਅੰਮ੍ਰਿਤਪਾਲ ਸਿੰਘ ਸਿੱਧੂ, ਜਸਵਿੰਦਰ ਸਿੰਘ, ਭੁਪਿੰਦਰ ਸਿੰਘ ਆਦਿ ਦੀ ਨਿਗਰਾਨੀ ਹੇਠ ਇਹ ਖੇਡਾਂ ਕਰਾਈਆਂ ਗਈਆਂ। ਇਨ੍ਹਾਂ ਖੇਡਾਂ ਦੀ ਜਾਣਕਾਰੀ ਬਲਵੀਰ ਸਿੱਧੂ ਜੰਗੀਰਾਣਾ ਦਿੰਦਿਆਂ ਦੱਸਿਆ ਕਿ ਇਨ੍ਹਾਂ ਖੇਡਾਂ ਦੇ ਨਤੀਜੇ 50 ਮੀਟਰ ਦੌੜ ਵਿੱਚ ਗੁਰਨੂਰ ਸਿੰਘ ਬਠਿੰਡਾ ਨੇ ਪਹਿਲਾ, ਅੰਗਦ ਸਿੰਘ ਬਠਿੰਡਾ ਨੇ ਦੂਜਾ ਸਥਾਨ ਤੇ ਇਸ਼ਕ ਸੰਗਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਦੌੜ ਲੜਕੇ ਵਿੱਚ ਅਮਨਦੀਪ ਸਿੰਘ ਨੇ ਪਹਿਲਾ ਸਥਾਨ ਗੁਰਭੇਜ ਸਿੰਘ ਗੋਨਿਆਣਾ ਨੇ ਦੂਜਾ ਸਥਾਨ ਗੁਰਪਿੰਦਰ ਸਿੰਘ ਗੋਨਿਆਣਾ ਬਲਾਕ ਤੀਜਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਵਾਕ ਵਿੱਚ ਸਤਿਅਮ ਨੇ ਪਹਿਲਾ ਸਥਾਨ ਹਾਸਲ ਕੀਤਾ। ਵੀਅਲ ਚੇਅਰ ਵਿੱਚ ਗਗਨਦੀਪ ਸਿੰਘ ਅਤੇ ਰੋਹਿਤ ਨੇ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਲੌਂਗ ਜੰਪ 8-11 ਸਾਲਾਂ ਵਰਗ ਲੜਕੇ ਵਿੱਚ ਲਛਮਣ ਸਿੰਘ ਸੰਗਤ ਪਹਿਲਾਂ ਸਥਾਨ ਇਸ਼ਕ ਨੇ ਦੂਜਾ ਸਥਾਨ, ਗੁਰਭੇਜ ਸਿੰਘ ਗੋਨਿਆਣਾ ਨੇ ਤੀਜਾ ਸਥਾਨ ਹਾਸਲ ਕੀਤਾ। ਗੋਲਾ ਸੁੱਟਣਾ ਵਿੱਚ ਗੁਰਪਿੰਦਰ ਸਿੰਘ ਅਤੇ ਹਰਮਨ ਸਿੰਘ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ। 8-11 ਸਾਲਾਂ ਲੜਕੀਆਂ ਦੇ ਵਰਗ ਵਿੱਚ ਹਰਮਨ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ ਇਸਾ ਨੇ ਦੂਜਾ ਸਥਾਨ ਹਾਸਲ ਕੀਤਾ। ਏਕਮਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਪ੍ਰਾਪਤ ਕੀਤਾ ਹੈ। 200 ਮੀ. ਲੜਕੀਆਂ ਨੇ 8-11 ਸਾਲਾ ਵਰਗ ਵਿੱਚ ਸਰੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। 50 ਮੀ. ਈਸਾ ਨੇ ਪਹਿਲਾ ਸਥਾਨ, ਜਸਲੀਨ ਕੌਰ ਨੇ ਦੂਜਾ ਅਤੇ ਰਮਨੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਲੌਂਗ ਜੰਪ ਵਿੱਚ ਸਰੀਆਂ ਨੇ ਪਹਿਲਾ ਸਥਾਨ, ਮਨਵੀਰ ਕੌਰ ਨੇ ਦੂਜਾ ਸਥਾਨ ਅਤੇ ਹਰਮਨ ਕੌਰ ਨੇ ਤੀਜਾ ਸਥਾਨ ਹਾਸਲ ਪ੍ਰਾਪਤ ਕੀਤਾ। 15-19 ਵਰਗ ਵਿੱਚ ਕੋਮਲਪ੍ਰੀਤ ਕੌਰ ਨੇ ਪਹਿਲਾ ਸਥਾਨ ਤੇ ਪ੍ਰਵੀਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। 15-19 ਸਾਲਾ ਵਰਗ ਵਿੱਚ ਗੋਲਾ ਸੁੱਟਣਾ ਵਿੱਚ ਕੋਮਲਪ੍ਰੀਤ ਕੌਰ ਨੇ ਪਹਿਲਾ, ਲਖਵੀਰ ਕੌਰ ਨੇ ਦੂਜਾ ਅਤੇ ਪ੍ਰਵੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਮਲਕੀਤ ਕੌਰ, ਅਜੀਤ ਸਿੰਘ, ਮਨਦੀਪ ਕੌਰ, ਕੁਲਦੀਪ ਕੌਰ ਆਈ ਆਰ ਟੀ, ਸਰਬਜੀਤ ਕੌਰ, ਮਨਜੀਤ ਕੌਰ, ਗੁਤੇਸ਼ ਖੱਤਰੀ ਆਈ ਆਰ ਟੀ ਗੋਨਿਆਣਾ, ਪ੍ਰੀਆ ਜੀਦਾ ਜਸਵੀਰ ਕੌਰ, ਮਨਦੀਪ ਕੌਰ ਗੋਨੇਆਣਾ, ਬਹਾਲ ਸਿੰਘ, ਵਰਿੰਦਰ ਸਿੰਘ ਬਹਾਲ ਸਿੰਘ, ਪ੍ਰਸ਼ੋਤਮ ਕੁਮਾਰ ਬਠਿੰਡਾ, ਜੋਗਾ ਸਿੰਘ, ਕਾਲਾ ਸਿੰਘ ਨੇ ਇਨ੍ਹਾਂ ਖੇਡਾਂ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

# ਦਰਜਨਾਂ ਪਰਵਾਰ ਅਕਾਲੀ ਦਲ ਤੇ ਕਾਂਗਰਸ ਨੂੰ ਅਲਵਿਦਾ ਆਖ 'ਆਪ' ਸ਼ਾਮਲ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)**

ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨੂੰ ਉਦੋਂ ਵੱਡਾ ਬਲ ਮਿਲਿਆ, ਜਦੋਂ ਹਲਕਾ ਗੁਰੂ ਹਰਸਹਾਏ ਦੇ ਪਿੰਡ ਕੁਤਬਗੜ੍ਹ ਭਾਟਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਕਾਂਗਰਸ ਦੇ ਕਈ ਦਰਜਨਾਂ ਪਰਵਾਰ ਆਪਣੇ ਸਾਥੀਆਂ ਸਮੇਤ ਹਲਕਾ ਗੁਰੂ ਹਰਸਹਾਏ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਆਪ ਵਿੱਚ ਸ਼ਾਮਲ ਹੋਏ ਲੋਕਾਂ ਦਾ ਸਵਾਗਤ ਕਰਦਿਆਂ ਵਿਧਾਇਕ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਹਰ ਵਰਗ ਦੇ ਲੋਕ ਆਪ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਸਨ, ਉਹ ਮੁੱਖ ਮੰਤਰੀ ਭਗਵੰਤ ਮਾਨ ਹਰ ਇਕ ਵਾਅਦੇ ਨੂੰ ਪੂਰਾ ਕਰ ਰਹੇ ਹਨ। ਵਿਧਾਇਕ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਵਾਰਾਂ ਦਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੇ ਸਵਾਗਤ ਕੀਤਾ। ਇਸ ਮੌਕੇ ਵਿਧਾਇਕ ਦੀ ਧਰਮ ਪਤਨੀ ਚਰਨਜੀਤ ਕੌਰ, ਬਚਿੱਤਰ ਸਿੰਘ ਲਾਡੀ, ਬਲਵੰਤ ਸਿੰਘ ਲਾਡੀ, ਭਗਵਾਨ ਸਿੰਘ ਬੈਰਕਾਂ, ਮੰਗਲ ਸਿੰਘ ਸਾਉਣਾ, ਗੁਰਨਾਮ ਸਰਪੰਚ, ਲੱਡੂ ਸਰਪੰਚ, ਨੀਲੂ ਵਧਵਾ, ਸੁਖਜਿੰਦਰ ਸਿੰਘ ਬਰਾੜ, ਦਰਸ਼ਨ ਸਿੰਘ ਸਰਪੰਚ, ਰਾਜੂ ਬੇਦੀ, ਸੁਖਦੇਵ ਸਿੰਘ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਲਟੀਅਰ ਹਾਜ਼ਰ ਸਨ।

# ਸਲੀਬ ਤੋਂ ਸਰਗਮ ਤੱਕ ਦੇ ਸਫਰ ਦੀ ਜਾਚ ਸਿੱਖਣ ਲਈ ਪ੍ਰਭੂ ਯਸੂ ਦੇ ਫਲਸਫੇ ਨੂੰ ਜਾਨਣਾ ਜ਼ਰੂਰੀ : ਪ੍ਰੋ. ਸਾਧੂ ਸਿੰਘ

**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਸਥਾਨਕ ਸ਼ਹਿਰ ਦੇ ਇੰਦਰ ਪੈਲੇਸ ਵਿੱਚ ਪ੍ਰਭੂ ਯਿਸੂ ਜੀ ਦਾ (ਕ੍ਰਿਸਮਸ-ਡੇ) ਜਨਮ ਦਿਨ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਡਾ. ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ ਵੱਲੋਂ ਖਾਸ ਸੁਨੇਹਾ ਲੈ ਕੇ ਉਨ੍ਹਾਂ ਦੇ ਪਿਤਾ ਪ੍ਰੋ. ਸਾਧੂ ਸਿੰਘ ਸਾਬਕਾ ਐੱਮ. ਪੀ. ਤੇ ਸਾਬਕਾ ਨਗਰ ਕੌਂਸਲ ਪ੍ਰਧਾਨ ਸਤਿਗੁਰ ਦੇਵ ਰਾਜ ਪੱਪੀ ਪਹੁੰਚੇ। ਪ੍ਰੋਗਰਾਮ ਦਾ ਆਗਾਜ਼ ਬੱਚਿਆਂ ਵੱਲੋਂ ਪ੍ਰਭੂ ਯਿਸੂ ਮਸੀਹ ਦੇ ਜੀਵਨ ਨਾਲ ਸਬੰਧਤ ਸਕਿੱਟਾਂ ਤੇ ਭਜਨਾਂ ਰਾਹੀਂ ਸ਼ੁਰੂ ਕੀਤਾ ਗਿਆ। ਇਨ੍ਹਾਂ ਸਕਿੱਟਾਂ ਦੇ ਨਾਲ ਬੱਚਿਆਂ ਨੇ ਪ੍ਰਭੂ ਯਿਸੂ ਦੇ ਜੀਵਨ ਦਾ ਬਿਰਤਾਂਤ ਤੇ ਜਨਮ ਬਾਰੇ ਵਿਸਤਾਰਪੂਰਵਕ ਦੱਸਿਆ ਗਿਆ, ਜਿਸ ਨੂੰ ਦੇਖ ਕੇ ਭਾਰੀ ਗਿਣਤੀ ਵਿੱਚ ਆਈ ਹੋਈ ਸੰਗਤ ਨੇ ਹਾਲੇ-ਲੂਈਆ ਤੇ ਤਾੜੀਆਂ ਨਾਲ ਹਾਲ ਨੂੰ ਗੂੰਜਣ ਲਾ ਦਿੱਤਾ। ਈਲੋਹੀ ਬ੍ਰਦਰਜ਼ ਟੀਮ ਵੱਲੋਂ ਪ੍ਰਭੂ ਯਿਸੂ ਜੀ ਦੇ ਭਜਨ ਗਾਏ ਗਏ ਤੇ ਪਾਸਟਰ ਵਾਲਟਰ ਮਸੀਹ ਵੱਲੋਂ ਪਵਿੱਤਰ ਬਾਈਬਲ ਵਿੱਚੋਂ ਵਚਨ ਸੁਣਾਏ ਗਏ।




ਇਸ ਮੌਕੇ ਮੁੱਖ ਮਹਿਮਾਨ ਪ੍ਰੋ. ਸਾਧੂ ਸਿੰਘ ਸਾਬਕਾ ਐੱਮ. ਪੀ. ਨੂੰ ਪਾਸਟਰ ਸਵਰਨਜੀਤ ਕੁਮਾਰ ਵੱਲੋਂ ਜੀ ਆਇਆਂ ਨੂੰ ਕਿਹਾ ਗਿਆ ਤੇ ਗੁੱਡ ਸ਼ੈਫਰਡ ਪਾਸਟਰ ਐਸੋਸੀਏਸ਼ਨ ਮਲੋਟ ਦੇ ਵਾਈਸ ਪ੍ਰਧਾਨ ਰਛਪਾਲ ਸਿੰਘ ਪਾਲਾ ਨੇ ਪਵਿੱਤਰ ਵਚਨ ਰਾਹੀਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਉਨ੍ਹਾਂ ਦੇ ਪਿਤਾ ਪ੍ਰੋ. ਸਾਧੂ ਸਿੰਘ ਸਾਬਕਾ ਐੱਮ. ਪੀ. ਦੇ ਸਮੂਹ ਪਰਵਾਰ ਲਈ ਪ੍ਰਾਰਥਨਾ ਕੀਤੀ। ਇਸ ਮੌਕੇ ਸਾਬਕਾ ਪ੍ਰੋ. ਸਾਧੂ ਸਿੰਘ ਸਾਬਕਾ ਐੱਮ. ਪੀ. ਵੱਲੋਂ ਆਈ ਹੋਈ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਭੂ ਯਿਸੂ ਜੀ ਦੀ ਜੀਵਨੀ 'ਤੇ ਚਾਨਣਾ ਪਾਇਆ ਤੇ ਸਮੂਹ ਮਸੀਹ ਭਾਈਚਾਰੇ ਨੂੰ ਕ੍ਰਿਸਮਸ-ਡੇ ਦੀ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਜਿੱਥੇ ਮੈਂ ਇੰਗਲਿਸ਼ ਦਾ ਟੀਚਰ ਰਿਹਾ ਹਾਂ, ਉੱਥੇ ਮੈਂ ਇੱਕ ਸ਼ਾਇਰ ਵੀ ਹਾਂ ਤੇ ਮੈਂ ਇੱਕ ਕਿਤਾਬ ਵੀ ਲਿਖੀ, ਜਿਸ ਦੇ ਟਾਈਟਲ ਦਾ ਨਾਮ 'ਸਲੀਬ ਤੋਂ ਸਰਗਮ' ਰੱਖਿਆ, ਜਿਸ ਤੋਂ ਮੈਨੂੰ ਜਾਨਣ ਦਾ ਮੌਕਾ ਮਿਲਿਆ ਕਿ ਪ੍ਰਭੂ ਯਿਸੂ ਮਸੀਹ ਨੇ ਸਲੀਬ 'ਤੇ ਚੜ੍ਹ ਕੇ ਨਵੇਂ ਜੀਵਨ ਦਾ ਬਿਰਤਾਂਤ ਕਿਵੇਂ ਸਰਗਮ ਰਾਹੀਂ ਦਰਸਾਇਆ? ਉਨ੍ਹਾਂ ਵੱਲੋਂ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਪਾਸਟਰ ਸਵਰਨਜੀਤ ਕੁਮਾਰ ਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੱਤੀ। ਸਟੇਜ ਸੈਕਟਰੀ ਦੀ ਭੂਮਿਕਾ ਐਡਵੋਕੇਟ ਦਇਆ ਸਿੰਘ ਮਸੀਹ ਨੇ ਨਿਭਾਈ। ਇਸ ਮੌਕੇ ਗੁੱਡ ਸ਼ੈਫਰਡ ਪਾਸਟਰ ਐਸੋਸੀਏਸ਼ਨ ਮਲੋਟ ਦੇ ਸਮੂਹ ਮੈਂਬਰ ਤੇ ਅਹੁਦੇਦਾਰ ਵੱਲੋਂ ਆਏ ਮੁੱਖ ਮਹਿਮਾਨ ਪ੍ਰੋ. ਸਾਧੂ ਸਿੰਘ ਸਾਬਕਾ ਐੱਮ. ਪੀ., ਸਾਬਕਾ ਨਗਰ ਕੌਂਸਲ ਪ੍ਰਧਾਨ ਸਤਿਗੁਰ ਦੇਵਰਾਜ ਪੱਪੀ ਤੇ ਸ਼ਹਿਰੀ ਪ੍ਰਧਾਨ ਗਗਨਦੀਪ ਸਿੰਘ ਔਲਖ ਅਤੇ ਉਨ੍ਹਾਂ ਦੀ ਟੀਮ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਪੁਰੀ ਪ੍ਰਾਪਰਟੀ ਅਡਵਾਇਜ਼ਰ ਨੇ ਲਗਾਇਆ ਲੰਗਰ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੁਰੀ ਪ੍ਰਾਪਰਟੀ ਅਡਵਾਇਜ਼ਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਅਮਲੋਹ ਵਿਖੇ ਚਾਹ ਬਰੈਡ ਦਾ ਲੰਗਰ ਲਗਾਇਆ ਗਿਆ, ਜਿਸ ਦੀ ਸੰਗਤਾਂ ਵੱਲੋਂ ਸ਼ਲਾਘਾ ਕੀਤੀ ਗਈ ਤੇ ਲੰਗਰ ਛਕਿਆ। ਇਸ ਮੌਕੇ ਸੁਰਿੰਦਰ ਪੁਰੀ ਤੇ ਗੰਗਾ ਪੁਰੀ ਨੇ ਦੱਸਿਆ ਕਿ ਹਰ ਸਾਲ ਲੰਗਰ ਲਗਾਇਆ ਜਾਂਦਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਲਗਾਉਂਦੇ ਰਹਾਂਗੇ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੀ ਮਿਸਾਲ ਕੀਤੇ ਨਹੀਂ ਮਿਲਦੀ, ਸਾਨੂੰ ਆਪਣੇ ਬੱਚਿਆਂ ਨੂੰ ਵੀ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਜਗਜੀਤ ਸਿੰਘ, ਜਸਵੰਤ ਸਿੰਘ, ਸਾਗਰ ਪੁਰੀ, ਵਿਨੋਦ ਕੁਮਾਰ, ਸੁਲਤਾਨ, ਦੀਪਕ ਨੰਦਾ, ਪਰਮਜੀਤ ਔਜਲਾ ਆਦਿ ਮੌਜੂਦ ਸਨ।

## ਛੋਟੇ ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ ਦਿਖਾਈ ਫਿਲਮ

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸਰਬੱਤ ਦਾ ਭਲਾ ਨਸ਼ਾ ਵਿਰੋਧੀ ਕਲੱਬ ਤੇ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪਿੰਡ ਦੇ ਨੌਜਵਾਨਾਂ ਵੱਲੋਂ ਪਿੰਡ ਦੇ ਚੌਕ ਵਿੱਚ ਛੋਟੇ ਸਾਹਿਬਜ਼ਾਦੇ ਪੰਜਾਬੀ ਫਿਲਮ ਦਿਖਾਈ ਗਈ। ਇਸ ਮੌਕੇ ਪਿੰਡ ਵਾਸੀਆਂ ਨੇ ਦੱਸਿਆ ਕਿ ਸਰਬੱਤ ਦਾ ਭਲਾ ਨਸ਼ਾ ਵਿਰੋਧੀ ਕਲੱਬ ਤੇ ਗ੍ਰਾਮ ਪੰਚਾਇਤ ਵੱਲੋਂ ਇਕੱਲਾ ਨਸ਼ਿਆਂ 'ਤੇ ਹੀ ਨਹੀਂ ਸਗੋਂ ਧਾਰਮਿਕ ਬਨਦੇ ਫਰਜ਼ ਵੀ ਨਿਭਾਏ ਜਾਂਦੇ ਹਨ। ਨਸ਼ਾ ਵਿਰੋਧੀ ਕਲੱਬ ਵੱਖ ਵੱਖ ਟੀਮਾਂ ਨਾਲ ਪਿੰਡ ਵਿੱਚ ਨਸ਼ਾ ਖਤਮ ਕਰਨ ਲਈ ਦਿਨ ਤੇ ਰਾਤ ਨੂੰ ਪਹਿਰੇ ਲਾਉਂਦੇ ਆ ਰਹੇ ਹਨ, ਜਿੱਥੇ ਪਿੰਡ ਵਿੱਚ ਪਹਿਰੇ ਲਾਉਂਦੇ ਹਨ, ਉਥੇ ਨਾਲ ਨਾਲ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ। ਇਸ ਮੌਕੇ ਪਿੰਡ ਦਾ ਹਰੇਕ ਵਿਅਕਤੀ ਆਪਣਾ ਫਰਜ਼ ਨਿਭਾਉਣਾ ਲਈ ਦਿਨ-ਰਾਤ ਇੱਕ ਕਰ ਰਿਹਾ ਹੈ। ਇਸ ਮੌਕੇ ਪਿੰਡ ਦੀ ਗ੍ਰਾਮ ਪੰਚਾਇਤ ਤੇ ਨਾਨਕ ਨਾਮ ਲੇਵਾ ਸੰਗਤ ਅਤੇ ਸਰਬੱਤ ਦਾ ਭਲਾ ਨਸ਼ਾ ਵਿਰੋਧੀ ਕਲੱਬ ਦੀ ਟੀਮ ਵੀ ਹਾਜ਼ਰ ਸੀ।

# ਸ਼ਹੀਦੀ ਸਭਾ ਦੇ ਅਖੀਰਲੇ ਦਿਨ ਵਰਲਡ 'ਵਰਸਿਟੀ ਵੱਲੋਂ ਨਗਰ ਕੀਰਤਨ 'ਚ ਸ਼ਮੂਲੀਅਤ




**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ, ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵੱਲੋਂ ਸ਼ਹੀਦੀ ਸਭਾ ਸਮੇਂ ਵੱਖ-ਵੱਖ ਕੈਂਪ ਆਯੋਜਤ ਕੀਤੇ ਗਏ। ਇਨ੍ਹਾਂ ਕੈਂਪਾਂ ਵਿੱਚ ਯੂਨੀਵਰਸਿਟੀ ਵੱਲੋਂ ਮੁਫ਼ਤ ਫਿਜ਼ੀਓਥੈਰੇਪੀ ਕੈਂਪ, ਪੁਸਤਕ ਪ੍ਰਦਰਸ਼ਨੀ, ਦਸਤਾਰ ਸਿਖਲਾਈ ਸੇਵਾ ਕੈਂਪ ਅਤੇ ਸਿੱਖ ਧਰਮ ਨਾਲ ਸਬੰਧਿਤ ਡਾਕੂਮੈਂਟਰੀਆਂ ਦੇ ਸ਼ੋਅ ਸ਼ਾਮਿਲ ਸਨ। ਇਸ ਤੋਂ ਇਲਾਵਾ ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਸਮਰਪਤ ਸੈਮੀਨਾਰ ਦਾ ਆਯੋਜਨ ਵੀ ਕੀਤਾ ਗਿਆ।

ਸ਼ਹੀਦੀ ਸਭਾ ਦੇ ਅਖੀਰਲੇ ਦਿਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਨੀਵਰਸਿਟੀ ਸਟਾਫ਼ ਤੇ ਵਿਦਿਆਰਥੀਆਂ ਸਮੇਤ ਵਾਈਸ-ਚਾਂਸਲਰ ਡਾ. ਪ੍ਰੀਤਪਾਲ ਸਿੰਘ ਨੇ ਸ਼ਰਧਾਪੂਰਵਕ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਡਾਕਟਰ ਸੁਖਵਿੰਦਰ ਸਿੰਘ ਬਿਲਿੰਗ ਨੇ ਦੱਸਿਆ ਕਿ ਪੁਸਤਕ ਮੇਲੇ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਲਾਏ ਗਏ ਫਿਜ਼ਿਓਥੈਰੇਪੀ ਕੈਂਪ, ਦਸਤਾਰ ਸਿਖਲਾਈ ਕੈਂਪ ਤੇ ਸਿੱਖ ਇਤਿਹਾਸ ਨਾਲ ਸੰਬੰਧਤ ਡਾਕੂਮੈਂਟਰੀ ਦਾ ਸੰਗਤਾਂ ਨੇ ਭਰਪੂਰ ਲਾਹਾ ਲਿਆ ਹੈ। ਪੁਸਤਕ ਮੇਲਾ ਕਮੇਟੀ ਦੇ ਕਨਵੀਨਰ ਡਾਕਟਰ ਹਰਦੇਵ ਸਿੰਘ ਮੁਖੀ ਧਰਮ ਅਧਿਐਨ ਵਿਭਾਗ ਨੇ ਸਮੂਹ ਪ੍ਰਕਾਸ਼ਕਾਂ ਅਤੇ ਖਰੀਦਦਾਰ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਪੁਸਤਕ ਮੇਲੇ ਵਿੱਚ ਗੁਰਮਤਿ ਤੇ ਗੁਰ ਇਤਿਹਾਸ ਸਬੰਧੀ ਪੁਸਤਕਾਂ ਖਰੀਦਣ ਦਾ ਭਾਰੀ ਉਤਸ਼ਾਹ ਨੂੰ ਵੇਖਦਿਆਂ ਪੁਸਤਕ ਮੇਲੇ ਵਿੱਚ ਇੱਕ ਦਿਨ ਦਾ ਵਾਧਾ ਕਰ ਚਾਰ ਦਿਨਾਂ ਦਾ ਕਰ ਦਿੱਤਾ ਗਿਆ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਉਚੇਚੇ ਤੌਰ ਤੇ ਪਹੁੰਚੇ ਪ੍ਰੋਫੈਸਰ ਪਰਮਵੀਰ ਸਿੰਘ, ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ ਨੇ ਵੱਲੋਂ ਵਾਈਸ ਚਾਂਸਲਰ ਤੇ ਹੋਰ ਮੋਹਤਬਰ ਸੱਜਣਾਂ ਨੂੰ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸਹਾਦਤ ਨਾਲ ਸੰਬੰਧਿਤ ਪੰਜਾਬੀ ਅਤੇ ਹਿੰਦੀ ਵਿੱਚ ਪ੍ਰਕਾਸ਼ਤ ਕਿਤਾਬਚਾ ਭੇਟ ਕੀਤਾ। ਉਨ੍ਹਾਂ ਨੇ ਯੂਨੀਵਰਸਿਟੀ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਆਪਣੇ ਵਿਰਸੇ ਤੇ ਪਵਿੱਤਰ ਬਾਣੀ ਨਾਲ ਸੰਬੰਧਤ ਪੁਸਤਕਾਂ ਨਾਲ ਜੁੜਨਾ ਬੇਹੱਦ ਜ਼ਰੂਰੀ ਹੈ। ਇਸ ਮੌਕੇ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਪ੍ਰੋਫੈਸਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਸ਼ਹੀਦੀ ਸਭਾ ਦੌਰਾਨ ਚਲਾਏ ਗਏ ਇਨ੍ਹਾਂ ਸਮਾਗਮਾਂ ਅਤੇ ਸੇਵਾ ਕਾਰਜਾਂ ਦਾ ਮੁੱਖ ਉਦੇਸ਼ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਵਿੱਚ ਸਿੱਖ ਵਿਰਸੇ ਸਬੰਧੀ ਜਾਗਰੂਕਤਾ ਫੈਲਾਉਣਾ ਹੈ ਤਾਂ ਜੋ ਉਹ ਫ਼ਤਹਿਗੜ੍ਹ ਸਾਹਿਬ ਦੀ ਮੁਕੱਦਸ ਧਰਤੀ 'ਤੇ ਦਿੱਤੀਆਂ ਲਾਸਾਨੀ ਸ਼ਹਾਦਤਾਂ ਤੋਂ ਸੇਧ ਲੈ ਸਕਣ ਅਤੇ ਆਪਣੇ ਧਰਮ ਨਾਲ ਜੁੜ ਸਕਣ। ਉਨ੍ਹਾਂ ਇਹ ਵੀ ਦੱਸਿਆ ਕਿ ਯੂਨੀਵਰਸਿਟੀ ਸਮੇਂ-ਸਮੇਂ 'ਤੇ ਅਜਿਹੀਆਂ ਸਮਾਜਿਕ, ਧਾਰਮਿਕ ਅਤੇ ਉਸਾਰੂ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਪਾਉਣਾ ਆਪਣਾ ਫ਼ਰਜ਼ ਸਮਝਦੀ ਹੈ, ਕਿਉਂਕਿ ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਉਤੇ ਇਸ ਯੂਨੀਵਰਸਿਟੀ ਦੀ ਸਥਾਪਨਾ ਦਾ ਮੁੱਖ ਉਦੇਸ਼ ਹੀ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨੂੰ ਸੰਸਾਰ ਦੇ ਕੋਨੇ-ਕੋਨੇ ਤੱਕ ਪੁਚਾਉਣਾ ਹੈ।

# ਖੇਤੀਬਾੜੀ ਲਈ ਨਹਿਰੀ ਪਾਣੀ ਟੇਲਾਂ ਤੱਕ ਪਹੁੰਚਾਇਆ ਜਾਵੇ : ਜੌੜਾਮਾਜਰਾ

- ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਮੁੱਚੀ ਮਾਲਵਾ ਬੈਲਟ ਨੂੰ ਅਗਾਮੀ ਮੌਨਸੂਨ ਸੀਜ਼ਨ ਦੌਰਾਨ ਹੜ੍ਹ ਵਰਗੀ ਸਥਿਤੀ ਤੋਂ ਬਚਾਉਣ ਲਈ ਡਰੇਨੇਜ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਉਹ ਯਕੀਨੀ ਬਣਾਵੇ ਕਿ ਕਣਕ ਦੀ ਫਸਲ ਕੱਟਣ ਤੋਂ ਤੁਰੰਤ ਬਾਅਦ ਹਰੇਕ ਡਰੇਨ ਦੀ ਨਿਸ਼ਾਨਦੇਹੀ ਕਾਰਵਾਈ ਜਾਵੇ ਤਾਂ ਜੋ ਨਜਾਇਜ਼ ਕਬਜ਼ੇ ਹਟਵਾਏ ਜਾ ਸਕਣ ਤੇ ਇਨ੍ਹਾਂ ਦੀ ਮੁਕੰਮਲ ਸਫ਼ਾਈ ਕਰਵਾਈ ਜਾ ਸਕੇ।ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਪਾਣੀ ਦੀ ਸੰਭਾਲ ਲਈ ਚੱਲ ਰਹੇ ਸਾਰੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਉਣ।ਜ਼ਿਲ੍ਹਾ ਮੋਗਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਤੇ ਫਾਜ਼ਿਲਕਾ ਦੇ ਵਿਧਾਇਕਾਂ ਸਮੇਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖੇਤੀਬਾੜੀ ਲਈ ਨਹਿਰੀ ਪਾਣੀ ਯਕੀਨੀ ਬਣਾਉਣ ਲਈ ਟੇਲਾਂ ਤੱਕ ਪਾਣੀ ਪਹੁੰਚਾਇਆ ਜਾਵੇ।ਮਾਈਨਰ ਮੋਘਿਆਂ ਦੀ ਦੁਬਾਰਾ ਚੈਕਿੰਗ ਕਰਵਾਉਣ ਦੀ ਹਦਾਇਤ ਕਰਦਿਆਂ ਉਨ੍ਹਾ ਕਿਹਾ ਕਿ ਕਣਕ ਦੀ ਫਸਲ ਕੱਟਣ ਤੋਂ ਤੁਰੰਤ ਬਾਅਦ ਹਰੇਕ ਡਰੇਨ ਦੀ ਨਿਸ਼ਾਨਦੇਹੀ ਕਰਵਾਈ ਜਾਵੇ।ਇਸੇ ਤਰ੍ਹਾਂ ਕੈਬਨਿਟ ਮੰਤਰੀ ਨੇ ਹਰੀਕੇ ਝੀਲ ਤੇ ਫਾਜ਼ਿਲਕਾ ਕੋਲੋਂ ਲੰਘਣ ਵਾਲੇ ਦਰਿਆ ਦੀ ਸਫਾਈ ਕਰਵਾਉਣ ਤੇ ਸੇਮ ਨਾਲਿਆਂ ਦੀ ਲੈਵਲਿੰਗ ਦਾ ਖਾਕਾ ਤਿਆਰ ਕਰਨ ਨੂੰ ਕਿਹਾ।ਉਨ੍ਹਾ ਕਿਹਾ ਕਿ ਡਰੇਨ ਤੇ ਨਾਲਿਆਂ ਦੀ ਸਫਾਈ ਦਾ ਰਿਕਾਰਡ ਇੱਕ ਹਫਤੇ ਵਿੱਚ ਉਨ੍ਹਾਂ ਦੇ ਦਫਤਰ ਨੂੰ ਭੇਜਿਆ ਜਾਵੇ।ਉਨ੍ਹਾ ਆਦੇਸ਼ ਦਿੱਤੇ ਕਿ ਜਲ ਸਰੋਤ ਵਿਭਾਗ ਦੇ ਜਿੰਨੇ ਵੀ ਰੈਸਟ ਹਾਊਸ ਹਨ, ਉਨ੍ਹਾਂ ਦੀ ਮੌਜੂਦਾ ਸਥਿਤੀ ਬਾਰੇ ਇਕ ਹਫਤੇ ਵਿੱਚ ਰਿਪੋਰਟ ਭੇਜੀ ਜਾਵੇ।ਸਬੰਧਤ ਵਿਧਾਇਕਾਂ ਵੱਲੋਂ ਉਠਾਏ ਗਏ ਸਿੰਚਾਈ, ਨਹਿਰੀ ਪ੍ਰਣਾਲੀ ਤੇ ਜ਼ਮੀਨ ਹੇਠਲੇ ਪਾਣੀ ਦੇ ਪ੍ਰਬੰਧਨ ਸਬੰਧੀ ਮੁੱਦਿਆਂ ਨੂੰ ਸੁਣਦਿਆਂ ਕੈਬਨਿਟ ਮੰਤਰੀ ਜੌੜਾਮਾਜਰਾ ਨੇ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨੂੰ ਅਜਿਹੀਆਂ ਸਮੱਸਿਆਵਾਂ ਦੇ ਹੱਲ ਲਈ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ।ਉਨ੍ਹਾ ਦੱਸਿਆ ਕਿ ਇਸ ਮੀਟਿੰਗ ਦੌਰਾਨ ਵਿਧਾਇਕਾਂ ਤੇ ਚੇਅਰਮੈਨਾਂ ਵੱਲੋਂ ਚੁੱਕੇ ਗਏ ਮੁੱਦਿਆਂ 'ਤੇ ਹੋਈ ਪ੍ਰਗਤੀ ਦੀ ਸਮੀਖਿਆ ਕਰਨ ਲਈ ਅਗਲੇ ਮਹੀਨੇ ਇੱਕ ਸਮੀਖਿਆ ਮੀਟਿੰਗ ਵੀ ਕੀਤੀ ਜਾਵੇਗੀ।ਵਿਧਾਇਕਾਂ ਦੀ ਮੰਗ ਅਨੁਸਾਰ ਉਨ੍ਹਾ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਬਿਨਾਂ ਲੋੜ ਤੋਂ ਨਹਿਰਾਂ ਵਿੱਚ ਪਾਣੀ ਨਾ ਛੱਡਿਆ ਜਾਵੇ।ਉਨ੍ਹਾ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਜਲ ਸੰਭਾਲ ਨਾਲ ਸਬੰਧਤ ਸਾਰੇ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰਨੇ ਚਾਹੀਦੇ ਹਨ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨਹਿਰਾਂ ਰਾਹੀਂ ਸਿੰਚਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਲੋੜੀਂਦੇ ਕਦਮ ਚੁੱਕ ਕੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ।ਉਨ੍ਹਾ ਅਧਿਕਾਰੀਆਂ ਨੂੰ ਵਿਧਾਇਕਾਂ ਨੂੰ ਨਾਲ ਲੈ ਕੇ ਜ਼ਮੀਨੀ ਹਕੀਕਤਾਂ ਜਾਨਣ ਦੀ ਹਦਾਇਤ ਕੀਤੀ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਸਮੂਹ ਅਧਿਕਾਰੀ ਸੂਬੇ ਦੇ ਕਿਸਾਨਾਂ ਨੂੰ ਸਿੰਚਾਈ ਲਈ ਨਹਿਰੀ ਪਾਣੀ ਮੁਹੱਈਆ ਕਰਨ ਲਈ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨ।ਉਨ੍ਹਾ ਕਿਹਾ ਕਿ ਉਨ੍ਹਾਂ ਦੀ ਤਰਜੀਹ ਹੈ ਕਿ ਮੇਰੇ ਕੋਲ ਕੋਈ ਆਪਣੀ ਮੁਸ਼ਕਲ ਲੈ ਕੇ ਨਾ ਆਵੇ, ਸਗੋਂ ਮੈਂ ਲੋਕਾਂ ਕੋਲ ਜਾਵਾਂ, ਵਿਧਾਇਕ ਵੀ ਆਪਣੇ ਹਲਕੇ ਬਾਰੇ ਦੱਸਣ, ਇਸੇ ਲਈ ਜ਼ਿਲ੍ਹਾਵਾਰ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ।

# ਮਿਡ ਡੇ ਮੀਲ ਦੇ ਸੋਧੇ ਗਏ ਮੈਨਿਊ 'ਤੇ ਕੀਤਾ ਇਤਰਾਜ਼

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸਟੇਟ ਮਿਡ ਡੇਅ ਸੁਸਾਇਟੀ ਵੱਲੋਂ 27 ਦਸੰਬਰ ਨੂੰ ਪੰਜਾਬ ਰਾਜ ਦੇ ਸਮੂਹ ਡੀ ਈ ਓ ਜ ਅਤੇ ਸਮੂਹ ਸਕੂਲ ਮੁਖੀਆਂ ਦੇ ਨਾਂਅ ਇੱਕ ਪੱਤਰ ਜਾਰੀ ਕਰਕੇ ਪੰਜਾਬ ਦੇ ਸਮੂਹ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪੜ੍ਹ ਰਹੇ ਵਿਦਿਆਰਥੀਆਂ ਨੂੰ ਅੱਧੀ ਛੁੱਟੀ ਸਮੇਂ ਮੁਹੱਈਆ ਕਰਾਏ ਜਾਣ ਵਾਲੇ ਮਿਡ ਡੇਅ ਮੀਲ ਦੇ ਮੈਨਿਊ ਵਿੱਚ 1 ਜਨਵਰੀ ਤੋਂ 31 ਮਾਰਚ ਤੱਕ ਸੋਧ ਕੀਤੀ ਗਈ ਹੈ, ਜਿਸ ਅਨੁਸਾਰ ਸੋਮਵਾਰ ਵਾਲੇ ਦਿਨ ਭੋਜਨ ਦੇ ਨਾਲ ਇੱਕ ਇੱਕ ਕੇਲਾ ਅਤੇ ਬੁੱਧਵਾਰ ਵਾਲੇ ਦਿਨ ਛੋਲਿਆਂ ਦੇ ਨਾਲ ਪੂਰੀਆਂ ਬਣਾ ਕੇ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਨ੍ਹਾਂ ਹੁਕਮਾਂ 'ਤੇ ਟਿੱਪਣੀ ਕਰਦਿਆਂ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਵਿੱਤ ਸਕੱਤਰ ਨਵੀਨ ਸਚਦੇਵਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ, ਜਸਪਾਲ ਸੰਧੂ ਤੇ ਰਾਕੇਸ਼ ਧਵਨ, ਮਨਦੀਪ ਸਰਥਲੀ, ਸੋਸ਼ਲ ਮੀਡੀਆ ਸਕੱਤਰ ਜਸਵਿੰਦਰ ਸਿੰਘ ਨਿਹਾਲ ਸਿੰਘ ਵਾਲਾ ਤੇ ਜਿੰਦਰ ਪਾਇਲਟ, ਸੂਬਾ ਸਲਾਹਕਾਰ ਪ੍ਰੇਮ ਚਾਵਲਾ, ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਸ਼ਿੰਦਰਪਾਲ ਸਿੰਘ ਢਿੱਲੋਂ ਤੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਸਹਿਦੇਵ ਨੇ ਕਿਹਾ ਕਿ ਮਿਡ ਡੇਅ ਮੀਲ ਵਿੱਚ ਫਰੂਟ ਵਜੋਂ ਕੇਲਾ ਸਾਮਲ ਕਰਨਾ ਭਾਵੇਂ ਵੇਖਣ ਤੇ ਸੁਣਨ ਨੂੰ ਚੰਗੀ ਗੱਲ ਜਾਪਦੀ ਹੈ, ਪਰ ਦੂਰ ਦੁਰੇਡੇ ਸਕੂਲਾਂ ਦੇ ਅਧਿਆਪਕਾਂ ਲਈ ਇਹ ਕਾਫੀ ਮੁਸ਼ਕਲਾਂ ਭਰਪੂਰ ਕੰਮ ਹੋਵੇਗਾ। ਇਸ ਤੋਂ ਇਲਾਵਾ ਹਰ ਬੁੱਧਵਾਰ ਵਿਦਿਆਰਥੀਆਂ ਨੂੰ ਪੂਰੀਆਂ ਬਣਾ ਕੇ ਖਵਾਉਣਾ ਵੀ ਕੋਈ ਸੌਖਾ ਕੰਮ ਨਹੀਂ ਹੈ। ਇਸ ਲਈ ਤਜਰਬੇਕਾਰ ਹਲਵਾਈ ਹੀ ਇਹ ਕਾਰਜ ਕਰ ਸਕਦੇ ਹਨ, ਨਾ ਕਿ ਮਿਡ ਡੇਅ ਮੀਲ ਵਰਕਰਾਂ। ਦੂਜਾ ਮਹਿੰਗਾਈ ਦੇ ਇਸ ਦੌਰ ਵਿੱਚ ਜਦੋਂ ਸਿਲੰਡਰ ਦੀ ਕੀਮਤ ਲਗਭਗ ਇੱਕ ਹਜ਼ਾਰ ਰੁਪਏ ਹੋ ਚੁੱਕੀ ਹੋਵੇ ਤੇ ਹੋਰ ਖਾਣ ਪੀਣ ਵਾਲੀਆਂ ਵਸਤਾਂ ਜਿਵੇਂ ਘਿਓ ਦਾਲਾਂ ਆਦਿ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਚੁੱਕੀਆਂ ਹੋਣ, ਉਸ ਸਮੇਂ ਸਿੱਖਿਆ ਵਿਭਾਗ ਪੰਜਾਬ ਵੱਲੋਂ ਅਜਿਹੀ ਫੈਸਲੇ ਕਰਨਾ ਕਿਸੇ ਵੀ ਤਰ੍ਹਾਂ ਤਰਕ ਸੰਗਤ ਨਹੀਂ ਹੈ।

# ਪੰਜਾਬ ਸਰਕਾਰ ਦੇ ਹੱਠੀ ਤੇ ਟਾਲ-ਮਟੋਲ ਰਵੱਈਏ ਦੀ ਸਾਂਝਾ ਫਰੰਟ ਵੱਲੋਂ ਸਖ਼ਤ ਨਿੰਦਾ



**ਮੋਗਾ (ਅਮਰਜੀਤ ਬੱਬਰੀ)**-ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਦਿਆਂ ਸੂਬਾ ਕਨਵੀਨਰ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਫਰੀਦਕੋਟ ਵਿਖੇ ਸਾਂਝਾ ਫਰੰਟ 'ਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਹੋਈ, ਜਿਸ ਵਿੱਚ ਜ਼ਿਲ੍ਹਾ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕੀਤਾ ਗਿਆ।ਭਜਨ ਸਿੰਘ ਗਿੱਲ ਨੇ ਦੱਸਿਆ ਕਿ ਕਮੇਟੀ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫ਼ੈਡਰੇਸ਼ਨ (ਰਾਣਵਾਂ) ਵੱਲੋਂ ਪ੍ਰੇਮ ਚਾਵਲਾ, ਇਕਬਾਲ ਸਿੰਘ ਢੁੱਡੀ, ਬਲਕਰਨ ਸਿੰਘ ਸਹੋਤਾ, ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸੁਖਦਰਸ਼ਨ ਸਿੰਘ, ਜਸਵੀਰ ਸਿੰਘ ਤੇ ਗੁਰਮੀਤ ਸਿੰਘ, ਪੰਜਾਬ ਪੁਲਸ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਹਰਜਿੰਦਰ ਸਿੰਘ, ਇਕਬਾਲ ਸਿੰਘ, ਕਮਲਜੀਤ ਸਿੰਘ ਢਿੱਲੋਂ, ਡੀ ਐੱਮ ਐੱਫ ਵੱਲੋਂ ਬਲਵੀਰ ਸਿੰਘ ਸਿਵੀਆ, ਲਖਵਿੰਦਰ ਕੌਰ ਤੇ ਨਵਪ੍ਰੀਤ ਸਿੰਘ, ਪੀ ਐੱਸ ਪੀ ਸੀ ਐੱਲ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਬਲਵਿੰਦਰ ਰਾਮ ਸ਼ਰਮਾ, ਚਤਰੰਜਨ ਕੁਮਾਰ, ਪ ਸ ਸ ਫ਼ ਰਾਣਾ ਵੱਲੋਂ ਗੁਰਤੇਜ ਸਿੰਘ, ਵੀਰ ਇੰਦਰ ਸਿੰਘ ਪੁਰੀ ਤੇ ਸੂਰਤ ਸਿੰਘ ਮਾਹਲਾ, ਪਸਸਫ ਵਿਗਿਆਨਕ ਵੱਲੋਂ ਬਾਬੂ ਸਿੰਘ, ਬਲਵਿੰਦਰ ਸਿੰਘ ਤੇ ਜਸਮੇਲ ਸਿੰਘ ਜੱਸੀ, ਡੀ ਟੀ ਐੱਫ ਦਿਗਵਿਜੈ ਵੱਲੋਂ ਸੁਖਵਿੰਦਰ ਸੁੱਖੀ ਤੇ ਗਗਨ ਦੀਪ ਪਾਹਵਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਮੈਡਲੇ ਵੱਲੋਂ ਕੁਲਵੰਤ ਸਿੰਘ ਚਾਨੀ ਤੇ ਅਸ਼ੋਕ ਕੌਸ਼ਲ, ਅਧਿਆਪਕ ਦਲ ਵੱਲੋਂ ਸੁਖਜੀਤ ਸਿੰਘ ਸੇਖੋਂ, ਸੁਖਪਾਲ ਸਿੰਘ ਸੰਧੂ ਤੇ ਸੁਰਿੰਦਰ ਪਾਲ ਸਿੰਘ, ਪੀ ਐੱਸ ਪੀ ਸੀ ਐੱਲ ਰਾਧੇ ਸ਼ਿਆਮ ਵੱਲੋਂ ਚੰਦ ਸਿੰਘ ਡੋਡ ਤੇ ਇੰਦਰਜੀਤ ਸਿੰਘ ਗਿਰ ਸ਼ਾਮਲ ਕੀਤੇ ਗਏ। ਸੁਖਦਰਸ਼ਨ ਸਿੰਘ ਨੂੰ ਕਮੇਟੀ ਦਾ ਵਿੱਤ ਸਕੱਤਰ ਬਣਾਇਆ ਗਿਆ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮੀਟਿੰਗ ਦੀ ਪ੍ਰਧਾਨਗੀ ਅਲਫਾ ਬੈਟੀਕਲੀ ਕੀਤੀ ਜਾਇਆ ਕਰੇਗੀ। ਮੀਟਿੰਗ ਨੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਹੱਠੀ ਰਵੱਈਏ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਮੰਗ ਕੀਤੀ ਕਿ ਪੈਨਸ਼ਨਰਾਂ ਨੂੰ ਛੇਵੇਂ ਪੇ ਕਮਿਸ਼ਨ ਅਨੁਸਾਰ 2.59 ਦਾ ਗੁਣਾਂਕ ਅਤੇ ਨੋਸ਼ਨਲ ਵਿਧੀ ਲਾਗੂ ਕੀਤਾ ਜਾਵੇ ਅਤੇ ਕੇਂਦਰ ਦੀ ਤਰਜ 'ਤੇ ਡੀ ਏ 46% ਕੀਤਾ ਜਾਵੇ ਅਤੇ ਸਾਢੇ ਪੰਜ ਸਾਲ ਦਾ ਬਕਾਇਆ ਜਾਰੀ ਕੀਤਾ ਜਾਵੇ।ਚੋਣ ਵਾਅਦੇ ਅਨੁਸਾਰ ਪੁਰਾਣੀ ਪੈਨਸ਼ਨ ਬਹਾਲ ਸਮੇਤ ਬਾਕੀ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ। ਇਸ ਮੀਟਿੰਗ ਵਿੱਚ ਮੋਗਾ ਜ਼ਿਲ੍ਹੇ ਦੇ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਮੰਦਰ ਸਿੰਘ ਵੀ ਹਾਜ਼ਰ ਹੋਏ ਤੇ ਉਨ੍ਹਾ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਏਕਤਾ ਤੇ ਸਾਂਝੇ ਸੰਘਰਸ਼ਾਂ ਬਾਰੇ ਵਿਚਾਰ ਰੱਖੇ।ਫਰੀਦਕੋਟ ਦੇ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਖੀਵਾ ਨੇ ਸਾਧੂ ਰਾਮ ਬਾਂਸਲ ਪੈਨਸ਼ਨਰ ਆਗੂ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ੋਕ ਮਤਾ ਪੇਸ਼ ਕੀਤਾ ਤੇ ਸਮੂਹ ਹਾਜ਼ਰੀਨ ਨੇ ਦੋ ਮਿੰਟ ਦਾ ਮੋਨ ਧਾਰ ਕੇ ਸਾਧੂ ਰਾਮ ਬਾਂਸਲ ਜੈਤੋ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੀਟਿੰਗ ਵਿੱਚ ਸੂਬਾ ਸਿੰਘ ਰਾਮੇਆਣਾ, ਜੁਗਿੰਦਰ ਸਿੰਘ, ਗੁਰਚਰਨ ਸਿੰਘ, ਪ੍ਰੀਤਮ ਸਿੰਘ ਕੋਟਕਪੂਰਾ, ਸੰਤ ਸਿੰਘ, ਕੁਲਵੰਤ ਸਿੰਘ ਚਾਨੀ, ਜਸਵੰਤ ਸਿੰਘ ਸਮੇਤ ਬਹੁਤ ਸਾਰੇ ਮੁਲਾਜ਼ਮ ਤੇ ਪੈਨਸ਼ਨਰ ਆਗੂ ਸ਼ਾਮਲ ਹੋਏ।

## ਸਵਾਈਟ ਕਾਲਜ 'ਚ ਸ਼ੂਟਿੰਗ ਦੇ ਟਰਾਇਲ ਕਰਵਾਏ



**ਰਾਜਪੁਰਾ (ਰਮੇਸ਼ ਕਟਾਰੀਆ)**-ਬੀਤੇ ਦਿਨੀਂ ਸਵਾਈਟ ਕਾਲਜ ਵਿੱਚ ਆਈ ਕੇ ਜੀ ਪੀ ਟੀ ਯੂ ਜਲੰਧਰ ਯੂਨੀਵਰਸਿਟੀ ਦੇ ਸ਼ੂਟਿੰਗ ਖੇਡ ਦੇ ਟਰਾਇਲ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਕਾਲਜਾਂ ਦੇ ਸ਼ੂਟਰਾਂ ਨੇ ਹਿੱਸਾ ਲਿਆ।ਇਸ ਦੌਰਾਨ ਏਅਰ ਰਾਈਫਲ ਵੋਮੈੱਨ ਕੈਟਾਗਰੀ ਵਿੱਚ ਰਿਚਾ ਸ਼ਰਮਾ ਸੀ.ਜੀ.ਸੀ. ਲਾਂਡਰਾ ਕਾਲਜ ਨੂੰ ਬੈਸਟ ਸ਼ੂਟਰ ਦਾ ਖਿਤਾਬ ਮਿਲਿਆ ਤੇ ਮੁੰਡਿਆਂ ਦੀ ਕੈਟਾਗਰੀ ਵਿੱਚ ਸ਼ਿਵਮ ਕੁਮਾਰ ਐੱਲ.ਕੇ.ਸੀ. ਜਲੰਧਰ ਕਾਲਜ ਦੇ ਸ਼ੂਟਰ ਨੂੰ ਬੈਸਟ ਸ਼ੂਟਰ ਦਾ ਖਿਤਾਬ ਮਿਲਿਆ।ਇਸ ਦੌਰਾਨ ਸਵਾਈਟ ਕਾਲਜ ਦੇ ਸ਼ੂਟਰਾਂ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ ਤੇ ਯੂਨੀਵਰਸਿਟੀ ਦੇ ਟਰਾਈਲਾਂ ਨੂੰ ਕਲੀਅਰ ਕਰਦੇ ਹੋਏ ਯੂਨੀਵਰਸਿਟੀ ਕੈਂਪ ਵਿੱਚ ਸ਼ਾਮਲ ਹੋਏ। ਇਸ ਮੌਕੇ ਕਾਲਜ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ ਨੇ ਨਵੀਂ ਸ਼ੂਟਿੰਗ ਰੇਂਜ ਦਾ ਉਦਘਾਟਨ ਕੀਤਾ।ਕਾਲਜ ਦੇ ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਖਿਡਾਰੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਤੇ ਖੇਡਾਂ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਪੋਰਟਸ ਇੰਚਾਰਜ ਕੁਲਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਵਾਈਟ ਕਾਲਜ ਵਿੱਚ ਬਹੁਤ ਹੀ ਅਤੀ ਆਧੁਨਿਕ ਸ਼ੂਟਿੰਗ ਰੇਂਜ ਬਣਾਈ ਗਈ ਹੈ, ਜਿਸ ਕਰਕੇ ਯੂਨੀਵਰਸਿਟੀ ਨੇ ਟਰਾਇਲਾਂ ਤੇ ਯੂਨੀਵਰਸਿਟੀ ਕੈਂਪ ਲਈ ਸਵਾਈਟ ਕਾਲਜ ਦੀ ਹੀ ਚੋਣ ਕੀਤੀ ਹੈ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰਤੀਕ ਗਰਗ ਨੇ ਆਏ ਹੋਏ ਖਿਡਾਰੀਆਂ, ਪੀ ਟੀ ਯੂ ਦੇ ਆਫੀਸ਼ੀਅਲ ਤੇ ਕੋਚਾਂ ਦਾ ਧੰਨਵਾਦ ਕੀਤਾ।ਇਸ ਮੌਕੇ ਕਾਲਜ ਦੇ ਪ੍ਰੋਫੈਸਰ ਆਕਾਸ਼ਵੀਰ ਸਿੰਘ, ਮਨਰਾਜ ਸਿੰਘ, ਸੀ ਜੀ ਸੀ ਲਾਂਡਰਾਂ ਦੀ ਕੋਚ ਖੁਸ਼ਪ੍ਰੀਤ ਕੌਰ ਤੇ ਤਲਵਿੰਦਰ ਸਿੰਘ ਰੰਧਾਵਾ ਮੌਜੂਦ ਰਹੇ।

# ਬਿਨਾਂ ਮਨਜ਼ੂਰੀ ਲਗਾਇਆ ਬੋਰਡ ਕਿਸੇ ਵੱਡੇ ਹਾਦਸੇ ਨੂੰ ਦੇ ਰਿਹੈ ਸੱਦਾ

**ਨਗਰ ਕੌਂਸਲ ਦੇ ਨੋਟਿਸ ਨੂੰ ਟਿਚ ਜਾਣਦੇ ਹਨ ਸਕੂਲ ਪ੍ਰਬੰਧਕ**




**ਗੁਰੂ ਹਰਸਹਾਏ (ਦੀਪਕ ਵਧਾਵਨ)**

ਅਕਸਰ ਹੀ ਵੱਖ ਵੱਖ ਚਰਚਾਵਾਂ ਵਿੱਚ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ (ਜੀ ਟੀ ਬੀ) ਆਪਣੇ ਸਕੂਲ ਦੇ ਨਾਮ ਵਾਲਾ ਨਿੱਜੀ ਬੋਰਡ ਬਿਨਾਂ ਮਨਜ਼ੂਰੀ ਤੋਂ ਸੜਕ ਵਿਚਕਾਰ ਲਗਾ ਕੇ ਫਿਰ ਚਰਚਾ ਦਾ ਸ਼ਿਸ਼ਾ ਬਣ ਗਿਆ ਹੈ। ਨਗਰ ਕੌਂਸਲ ਅਧਿਕਾਰੀਆਂ ਦੇ ਮੁਤਾਬਕ ਜੀ ਟੀ ਬੀ ਸਕੂਲ ਕੋਲ ਨਗਰ ਕੌਂਸਲ ਦੀ ਕੋਈ ਵੀ ਮਨਜ਼ੂਰੀ ਨਹੀਂ ਹੈ, ਲੱਗਦਾ ਹੈ ਕਿ ਇਸ ਸਕੂਲ ਨੂੰ ਕਿਸੇ ਕਾਨੂੰਨ ਦਾ ਕੋਈ ਡਰ ਨਹੀਂ ਹੈ, ਜਿਸ ਲਈ ਹੀ ਨਗਰ ਕੌਂਸਲ ਵੱਲੋਂ ਬੋਰਡ ਨਾ ਲਗਾਏ ਜਾਣ ਦਾ ਨੋਟਿਸ ਕੱਢਣ ਦੇ ਬਾਵਜੂਦ ਸਕੂਲ ਵੱਲੋਂ ਮਨਮਰਜ਼ੀ ਕਰਦੇ ਹੋਏ ਕਾਨੂੰਨ ਨੂੰ ਛਿੱਕੇ ਟੰਗ ਕੇ ਬੋਰਡ ਲਗਾਇਆ ਗਿਆ ਹੈ। ਰਾਹਗੀਰਾਂ ਨੇ ਦੱਸਿਆ ਕਿ ਇਹ ਲੱਗਿਆ ਨਜਾਇਜ਼ ਬੋਰਡ ਕਈ ਹਾਦਸਿਆਂ ਦਾ ਕਰਨ ਬਣ ਸਕਦਾ ਹੈ। ਕਈ ਸਮਾਜ ਸੇਵੀਆਂ ਨੇ ਦੱਸਿਆ ਕਿ ਇਹ ਬੋਰਡ ਬਿਜਲੀ ਦੀਆਂ ਹਾਈ ਵੋਲਟੇਜ 66 ਕੇ ਵੀ ਦੀਆਂ ਤਾਰਾਂ ਦੇ ਬਿਲਕੁਲ ਨਜ਼ਦੀਕ ਲਗਾਇਆ ਗਿਆ ਹੈ, ਜਿਸ ਕਰਕੇ ਕਿਸੇ ਵੇਲੇ ਵੀ ਇਸ ਵਿੱਚ ਕਰੰਟ ਆ ਸਕਦਾ ਹੈ ਅਤੇ ਵੱਡਾ ਹਾਦਸਾ ਵਾਪਰ ਸਕਦਾ ਹੈ। ਸ਼ਹਿਰ ਨਿਵਾਸੀਆਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਲਗਾਇਆ ਗਿਆ ਗੈਰ-ਕਾਨੂੰਨੀ ਬੋਰਡ ਤੇ ਇਸ ਦਾ ਵੱਡਾ ਖੰਭਾ ਤੁਰੰਤ ਪਟਾਇਆ ਜਾਵੇ। ਜਦ ਇਸ ਸੰਬੰਧੀ ਐੱਸ ਡੀ ਐੱਮ ਗਗਨਦੀਪ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਤੁਹਾਡੇ ਵੱਲੋਂ ਹੀ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਐੱਸ ਡੀ ਐੱਮ ਨੇ ਕਿਹਾ ਕਿ ਇਸ ਮਾਮਲੇ ਵਿੱਚ ਹੁਣੇ ਹੀ ਕਾਰਵਾਈ ਅਮਲ ਵਿੱਚ ਲਿਆਉਂਦੇ ਹਨ। ਇਸ ਸੰਬੰਧੀ ਗੱਲਬਾਤ ਕਰਨ 'ਤੇ ਨਗਰ ਕੌਂਸਲ ਦੇ ਪ੍ਰਧਾਨ ਆਤਮਜੀਤ ਸਿੰਘ ਡੇਵਿਡ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਕਾਰਵਾਈ ਕਰਨ ਲਈ ਉਨ੍ਹਾਂ ਨੇ ਸੈਨਟਰੀ ਇੰਸਪੈਕਟਰ ਨੂੰ ਕਹਿ ਦਿੱਤਾ ਹੈ। ਸੈਨਟਰੀ ਇੰਸਪੈਕਟਰ ਜਗਜੀਤ ਸਿੰਘ ਨੇ ਕਿਹਾ ਕਿ ਜਦੋਂ ਸਕੂਲ ਵੱਲੋਂ ਨਿੱਜੀ ਬੋਰਡ ਲਗਾਉਣ ਲਈ ਲੋਹੇ ਦਾ ਖੰਭਾ ਲਗਾਇਆ ਜਾ ਰਿਹਾ ਸੀ ਤਾਂ ਨਗਰ ਕੌਂਸਲ ਵੱਲੋਂ ਜੀਟੀਬੀ ਸਕੂਲ ਨੂੰ ਨੋਟਿਸ ਕੱਢਿਆ ਗਿਆ ਸੀ, ਪਰ ਸਕੂਲ ਵੱਲੋਂ ਨੋਟਿਸ ਦੇ ਬਾਵਜੂਦ ਖੰਬੇ ਨੂੰ ਨਹੀਂ ਪੁਟਵਾਇਆ ਗਿਆ ਅਤੇ ਦੁਬਾਰਾ ਉਕਤ ਖੰਬੇ ਉੱਪਰ ਬੋਰਡ ਲਗਾਏ ਜਾਣ ਦੀ ਖਬਰ ਸਾਹਮਣੇ ਆਉਣ 'ਤੇ ਸਕੂਲ ਨੂੰ ਕਾਨੂੰਨ ਮੁਤਾਬਕ ਦੂਜਾ ਨੋਟਿਸ ਕੱਢਿਆ ਜਾ ਚੁੱਕਿਆ ਹੈ, ਪਰ ਸਕੂਲ ਵੱਲੋਂ ਫਿਰ ਵੀ ਉਕਤ ਨਿੱਜੀ ਬੋਰਡ ਨੂੰ ਨਹੀਂ ਉਤਰਵਾਇਆ ਗਿਆ ਹੈ। ਸੈਨਟਰੀ ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਉਕਤ ਬੋਰਡ ਨੂੰ ਉਤਰਵਾਉਣ ਲਈ ਕਾਨੂੰਨੀ ਪ੍ਰਕਿਰਿਆ ਨਾਲ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉਕਤ ਬੋਰਡ ਉਤਰਵਾ ਦਿੱਤਾ ਜਾਵੇਗਾ।

## ਕਾਤਰਾਂ

### ਅਣਪਛਾਤਿਆਂ ਨੇ ਘਰ 'ਚੋਂ ਕੀਤਾ ਸਾਮਾਨ ਚੋਰੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹਲਕਾ ਗੁਰੂ ਹਰਸਹਾਏ ਦੀ ਮੰਗੇ ਵਾਲਾ ਕਲੋਨੀ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਵਿਅਕਤੀ ਦੇ ਘਰ ਵਿੱਚੋਂ ਸਾਮਾਨ ਚੋਰੀ ਕਰਨ ਦੇ ਦੋਸ਼ ਵਿੱਚ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵਰਿੰਦਰ ਕੁਮਾਰ ਪੁੱਤਰ ਵਿਜੈ ਕੁਮਾਰ ਵਾਸੀ ਮੰਗੇ ਵਾਲਾ ਕਲੋਨੀ ਗੁਰੂ ਹਰਸਹਾਏ ਨੇ ਦੱਸਿਆ ਕਿ ਬੀਤੀ 25 ਦਸੰਬਰ 2023 ਨੂੰ ਉਸ ਨੇ ਸਵੇਰੇ ਉੱਠ ਕੇ ਵੇਖਿਆ ਕਿ ਘਰ ਦੇ ਉਪਰਲੇ ਪੋਰਸ਼ਨ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਉਸ ਨੇ ਸਾਮਾਨ ਚੈੱਕ ਕੀਤਾ ਤਾਂ 2 ਲੈਪਟਾਪ ਡੈੱਲ ਸਮੇਤ ਬੈਗ, ਜਿਸ ਵਿੱਚ ਉਸ ਦੇ ਲੜਕੇ ਡਾ. ਜਵਾਇਸ ਜੋ ਮਾਰੀਸ਼ਸ਼ ਤੋਂ 10 ਦਿਨ ਪਹਿਲਾਂ ਹੀ ਐੱਮਬੀਬੀਐੱਸ ਦੀ ਡਿਗਰੀ ਕਰਕੇ ਵਾਪਸ ਆਇਆ ਹੈ, ਦੇ ਸਰਟੀਫਿਕੇਟ ਵੀ ਮੌਜੂਦ ਸਨ, 1 ਹੇਅਰ ਡਰਾਇਰ, 1 ਪ੍ਰੈੱਸ ਮਿਕਸਰ ਜੂਸਰ, 1 ਹੀਟਰ, ਈਅਰ ਫੋਨ ਐਪਲ ਤੇ ਹੋਰ ਨਿੱਤ ਵਰਤੋਂ ਦਾ ਸਾਮਾਨ ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਏ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਹਿਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਲਾਸਾਨੀ ਸ਼ਹਾਦਤ ਨੂੰ ਸਮਰਪਤ ਗੁਰਮਤਿ ਸਮਾਗਮ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ ਲੌਂਗੋਵਾਲ ਵਿਖੇ ਮਾਤਾ ਗੁਜਰ ਕੌਰ ਜੀ ਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼ਮੂਲੀਅਤ ਕਰਦਿਆਂ ਕਿਹਾ ਕਿ ਦੁਨੀਆ ਦੇ ਕਿਸੇ ਵੀ ਇਤਿਹਾਸ ਵਿੱਚ ਇੰਨੇ ਨਿੱਕੇ ਬੱਚਿਆਂ ਦੀ ਸ਼ਹਾਦਤ ਦਰਜ ਨਹੀਂ ਹੈ। ਅਜਿਹੀਆਂ ਮਾਣਮੱਤੀਆਂ ਸ਼ਹਾਦਤਾਂ ਸਿੱਖ ਕੌਮ ਲਈ ਮਾਤਮ ਦਾ ਨਹੀਂ, ਸਗੋਂ ਸਦੈਵ ਮਾਣ ਦਾ ਪ੍ਰਤੀਕ ਰਹੀਆਂ ਹਨ।ਸਾਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।ਉਪਰੰਤ ਪ੍ਰਿੰਸੀਪਲ ਡਾ. ਜਸਪ੍ਰੀਤ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀਆਂ ਤੇ ਸਮੂਹ ਸਟਾਫ ਵੱਲੋਂ ਗੁਰਬਾਣੀ ਕੀਰਤਨ ਦੇ ਜਾਪ ਕੀਤੇ ਗਏ ਤੇ ਸ਼ਹਿਰ ਵਿੱਚ ਗੁਰਮਿਤ ਚੇਤਨਾ ਮਾਰਚ ਕੱਢਿਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਲਾਸਾਨੀ ਸ਼ਹਾਦਤ ਨੂੰ ਸਮਰਪਤ ਗੁਰਮਤਿ ਗਤੀਵਿਧੀਆਂ ਵੀ ਕਰਵਾਈਆਂ ਗਈਆਂ।ਇਸ ਮੌਕੇ ਬਾਬਾ ਬਲਵਿੰਦਰ ਸਿੰਘ ਕੈਂਬੋਵਾਲ, ਪਰਮਜੀਤ ਸਿੰਘ ਸਿੱਧੂ, ਅਮਰਜੀਤ ਸਿੰਘ ਨਿੱਜੀ ਸਕੱਤਰ, ਸੁਖਵੀਰ ਸਿੰਘ ਉੱਭਾਵਾਲ ਤੇ ਦਰਸ਼ਨ ਸਿੰਘ ਪੀ. ਏ. ਹਾਜ਼ਰ ਸਨ।

### ਸੈਣਿ ਸਭਾ ਲੌਂਗੋਵਾਲ ਦੇ ਅਹੁਦੇਦਾਰਾਂ ਦੀ ਚੋਣ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਦੇਹੁਰਾ ਭਗਤ ਬਾਬਾ ਸੈਣਿ ਜੀ ਮੰਡੇਰ ਕਲਾਂ ਰੋਡ ਲੌਂਗੋਵਾਲ ਵਿਖੇ ਪ੍ਰਬੰਧਕ ਕਮੇਟੀ ਤੇ ਸੈਣਿ ਸਭਾ ਲੌਂਗੋਵਾਲ ਦੀ ਚੋਣ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਪ੍ਰਧਾਨ ਜਥੇਦਾਰ ਤੇਜਾ ਸਿੰਘ, ਕਾਰਜਕਾਰੀ ਪ੍ਰਧਾਨ-ਕਮ-ਖਜ਼ਾਨਚੀ ਜਗਸੀਰ ਸਿੰਘ ਜੱਗਾ, ਜਨ. ਸਕੱਤਰ ਗੁਰਮੇਲ ਸਿੰਘ ਮੇਲਾ, ਖਜ਼ਾਨਚੀ ਪਰਮਜੀਤ ਸਿੰਘ ਗਾਂਧੀ ਤੇ ਅੰਮ੍ਰਿਤ ਸਿੰਘ, ਸੀਨੀਅਰ ਮੀਤ ਪ੍ਰਧਾਨ ਚਮਕੌਰ ਸਿੰਘ ਟੇਲਰ, ਸੰਜੇ ਕੁਮਾਰ, ਮੀਤ ਪ੍ਰਧਾਨ ਬਿੱਕਰ ਸਿੰਘ ਸਹਿਜੜਾ, ਵੀਰਪਾਲ ਸਿੰਘ ਕਾਲਾ, ਪ੍ਰਚਾਰ ਸਕੱਤਰ ਜਸਵੀਰ ਸਿੰਘ ਚੀਮਾ, ਸਰਬਜੀਤ ਸਿੰਘ ਝਾੜੋਂ, ਹਰਨੇਕ ਸਿੰਘ ਨੇਕੀ, ਸਰਬਜੀਤ ਸਿੰਘ ਸਰਬੀ ਝਾੜੋਂ, ਰਮਨਪ੍ਰੀਤ ਸਿੰਘ ਪੱਲਣ, ਮਨਿੰਦਰ ਸਿੰਘ ਮੋਨੂੰ, ਮੰਗਤ ਸਿੰਘ ਮੰਗੂ, ਪ੍ਰੈੱਸ ਸਕੱਤਰ ਲਵਪ੍ਰੀਤ ਸਿੰਘ ਲਵੀ, ਗੁਰਦੀਪ ਸਿੰਘ ਵਿੱਕੀ, ਕਾਲਾ ਸਿੰਘ ਲੋਹਾਖੇੜਾ, ਬਰਤਨ ਸਟੋਰ ਇੰਚਾਰਜ ਗੁਰਲਾਲ ਸਿੰਘ, ਨਿਰਭੈ ਸਿੰਘ, ਜੈਪਾਲ ਸਿੰਘ, ਲਾਭ ਸਿੰਘ ਲਾਭੀ ਨੂੰ ਚੁਣਿਆ ਗਿਆ।ਇਸ ਮੌਕੇ ਜਗਸੀਰ ਸਿੰਘ ਗਾਂਧੀ ਸਾਬਕਾ ਕੌਂਸਲਰ, ਨਿਰਮਲ ਸਿੰਘ, ਬਲੌਰ ਸਿੰਘ, ਟੀਟੂ ਸਿੰਘ, ਹਰਮੇਲ ਸਿੰਘ ਨਿੱਕਾ, ਜੱਗੀ ਬੀਰ ਕਲਾਂ, ਸੰਦੀਪ ਸਿੰਘ ਹੈਪੀ, ਲਵਜੀਤ ਸਿੰਘ ਲਵੀ, ਗੁੱਡੂ ਸਿੰਘ, ਗੁਰਵਿੰਦਰ ਸਿੰਘ, ਗੁਰਸਿਮਰਨ ਸਿੰਘ ਤੇ ਕਰਨਵੀਰ ਸਿੰਘ ਹਾਜ਼ਰ ਸਨ।

### ਹੈਰੋਇਨ ਦਾ ਸੇਵਨ ਕਰਦੇ 2 ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਗੋਬਿੰਦ ਨਗਰੀ ਜਲਾਲਾਬਾਦ ਵਿਚ ਛਾਪੇਮਾਰੀ ਕਰਕੇ ਹੈਰੋਇਨ ਦਾ ਸੇਵਨ ਕਰ ਰਹੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਥਾਣਾ ਸਿਟੀ ਦੇ ਏਰੀਏ ਵਿੱਚ ਮੌਜੂਦ ਸੀ, ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਐਫ਼.ਐਫ਼ ਰੋਡ 'ਤੇ ਬਸਤੀ ਗੋਬਿੰਦ ਨਗਰੀ ਨੂੰ ਮੁੜੀ ਤਾਂ ਥੋੜੀ ਅੱਗੇ ਪੁੱਜੇ ਤਾਂ ਸੱਜੇ ਹੱਥ ਖਾਲੀ ਪਲਾਟ ਵਿੱਚ ਝਾੜੀਆਂ ਦੇ ਥੱਲੇ ਸ਼ਰੇਆਮ ਨੌਜਵਾਨ ਵਿਅਕਤੀ ਬੈਠ ਕੇ ਸਿਲਵਰ ਪੰਨੀ ਤੇ ਲਾਇਟਰ ਨਾਲ ਹੈਰੋਇਨ ਦਾ ਨਸ਼ਾ ਕਰਦੇ ਦਿਖਾਈ ਦਿੱਤੇ, ਜਿਸ 'ਤੇ ਪੁਲਸ ਪਾਰਟੀ ਨੇ ਆਪਣੀ ਗੱਡੀ ਰੋਕ ਕੇ ਇਨ੍ਹਾਂ ਵਿਅਕਤੀਆਂ ਨੂੰ ਕਾਬੂ ਕਰਕੇ, ਉਨ੍ਹਾਂ ਪਾਸੋਂ ਸਿਲਵਰ ਪੇਪਰ ਪੰਨੀ, ਲਾਈਟਰ, 10 ਰੁਪਏ ਦਾ ਜਲਿਆ ਨੋਟ ਬਰਾਮਦ ਹੋਇਆ। ਪੁਲਸ ਵੱਲੋਂ ਕਾਬੂ ਕੀਤੇ ਗਏ ਇਨ੍ਹਾਂ ਵਿਅਕਤੀਆਂ ਦੀ ਹਰਮੀਤ ਸਿੰਘ ਹਾਥੀ ਪੁੱਤਰ ਮੁਖਤਿਆਰ ਸਿੰਘ ਵਾਸੀ ਟਿਵਾਣ ਕਲਾਂ ਤੇ ਮਨਪ੍ਰੀਤ ਸਿੰਘ ਉਰਫ਼ ਮੰਨੀ ਪੁੱਤਰ ਬਲਕਾਰ ਸਿੰਘ ਵਾਸੀ ਕਮਰੇਵਾਲਾ ਰੋਡ ਨੇੜੇ ਖੇਤੀਬਾੜੀ ਦਫਤਰ ਵਜੋਂ ਹੋਈ ਹੈ। ਪੁਲਸ ਨੇ ਕਾਬੂ ਕੀਤੇ ਗਏ ਦੋਵਾਂ ਵਿਅਕਤੀਆਂ ਦੇ ਖਿਲਾਫ ਧਾਰਾ 21,27/61/85 ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਕਾਰ ਤੇ ਮੋਟਰਸਾਈਕਲ ਟਰਾਲੀ ਦੀ ਟੱਕਰ ਨਾਲ ਇੱਕ ਜ਼ਖ਼ਮੀ

**ਜਲਾਲਾਬਾਦ (ਜੀਤ ਕੁਮਾਰ)**-ਐਫ਼.ਐਫ਼ ਰੋਡ 'ਤੇ ਸਥਿਤ ਰਿਲਾਇੰਸ ਪੰਪ ਦੇ ਨਜ਼ਦੀਕ ਕਾਰ ਅਤੇ ਮੋਟਰ ਸਾਇਕਲ ਟਰਾਲੀ (ਰੇਹੜੀ) ਦੀ ਟੱਕਰ ਹੋਣ ਨਾਲ ਵਾਪਰੇ ਹਾਦਸੇ ਵਿਚ ਮੋਟਰਸਾਇਕਲ ਚਾਲਕ ਵਿਅਕਤੀ ਨੂੰ ਸੱਟਾਂ ਲੱਗਣ ਦੇ ਸਬੰਧ ਵਿਚ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਇੱਕ ਵਿਅਕਤੀ ਦੇ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਜਾਣਕਾਰੀ ਦੇ ਅਨੁਸਾਰ ਮੁਦੱਈ ਸ਼ਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਹਜ਼ਾਰਾ ਰਾਮ ਸਿੰਘ ਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਉਹ 19-12-2023 ਨੂੰ ਕਰੀਬ 2 ਵਜੇ ਜਲਾਲਾਬਾਦ ਵਿਚੋਂ ਭਗਵਾਨ ਦਾਸ ਪੁੱਤਰ ਰਾਮ ਚੰਦ ਦੀ ਖਰੀਦਿਆ ਟੋਕਾ ਮਸ਼ੀਨ ਲੈ ਕੇ, ਉਸਦੇ ਘਰ ਛੱਡਣ ਜਾ ਰਿਹਾ ਸੀ। ਇਸ ਸਮੇਂ ਟੋਕਾ ਮਸ਼ੀਨ ਮਾਲਕ ਭਗਵਾਨ ਦਾਸ ਵੀ (ਛੋਟੀ ਟ੍ਰਾਲੀ) ਰੇਹੜੀ ਤੇ ਬੈਠਾ ਹੋਇਆ ਸੀ। ਜਦੋ ਮੋਟਰ ਸਾਇਕਲ ਟਰਾਲੀ ਲੈ ਕੇ ਐਫ਼.ਐਫ਼ ਰੋਡ 'ਤੇ ਰਿਲਾਇੰਸ ਪੰਪ ਲੰਘ ਕੇ ਕਰੀਬ 2-3 ਕਿੱਲੇ ਅੱਗੇ ਗਿਆ ਤਾਂ ਸਾਹਮਣੇ ਤੋਂ ਇੱਕ ਕਾਰ ਨੰਬਰ ਐਚ.ਆਰ. 26 ਬੀਈ 4040-ਆਈ 20 ਤੇਜ ਰਫਤਾਰ ਨਾਲ ਆ ਰਹੀ ਸੀ ਤੇ ਕਾਰ ਦੇ ਚਾਲਕ ਨੇ ਸਿੱਧੀ ਆਪਣੀ ਕਾਰ ਲਿਆ ਕੇ, ਮੋਟਰ ਸਾਇਕਲ ਟਰਾਲੀ (ਰੇਹੜੀ) ਵਿੱਚ ਮਾਰ ਦਿੱਤੀ, ਜਿਸ ਨਾਲ ਵਾਪਰੇ ਹਾਦਸੇ ਵਿੱਚ ਮੋਟਰ ਸਾਇਕਲ ਟ੍ਰਾਲੀ ਬੁਰੀ ਤਰ੍ਹਾਂ ਨੁਕਸਾਨੀ ਗਈ, ਉਥੇ ਮੁਦੱਈ ਦੀ ਇੱਕ ਲੱਤ ਪੱਟ ਕੋਲੋਂ ਤੇ ਗੁੱਟ ਵੀ ਟੁੱਟ ਗਿਆ, ਜਿਸ 'ਤੇ ਪੁਲਸ ਨੇ ਮੁਦੱਈ ਸ਼ਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਕਾਰ ਚਾਲਕ ਮਨਜੀਤ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਫੱਤੂਵਾਲਾ ਦੇ ਖਿਲਾਫ ਧਾਰਾ 337, 338 ਅਤੇ 427 ਆਈਪੀਸੀ ਤਹਿਤ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਮੋਟਰਸਾਈਕਲ ਚੋਰੀ ਕਰਨ ਵਾਲੇ ਗਰੋਹ ਦੇ 3 ਮੈਂਬਰ ਗ੍ਰਿਫਤਾਰ

**ਚੋਰੀ ਦੇ 6 ਮੋਟਰਸਾਈਕਲ ਬਰਾਮਦ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਗੁਰਸ਼ਰਨ ਸਿੰਘ ਸੰਧੂ ਆਈ ਜੀ ਫਰੀਦਕੋਟ ਤੇ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਸ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਸੰਜੀਵ ਗੋਇਲ ਡੀ.ਐੱਸ.ਪੀ. (ਡੀ) ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਹੇਠ ਇੰਸਪੈਕਟਰ ਗੁਰਵਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਸ਼੍ਰੀ ਮੁਕਤਸਰ ਸਾਹਿਬ ਦੀ ਟੀਮ ਵੱਲੋਂ ਮੋਟਰਸਾਈਕਲ ਚੋਰੀ ਕਰਨ ਵਾਲੇ ਗਰੋਹ ਦੇ 3 ਮੈਂਬਰਾਂ ਨੂੰ ਚੋਰੀ ਦੇ 06 ਮੋਟਰਸਾਈਕਲਾਂ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ।ਜਾਣਕਾਰੀ ਅਨੁਸਾਰ ਬੀਤੀ 26 ਦਸੰਬਰ ਨੂੰ ਦਿਲਬਾਗ ਸਿੰਘ ਸੀ.ਆਈ.ਏ. ਸਟਾਫ ਸ੍ਰੀ ਮੁਕਤਸਰ ਸਾਹਿਬ ਸਮੇਤ ਸਾਥੀ ਕਰਮਚਾਰੀਆਂ ਵੱਲੋਂ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੇ ਏਰੀਆ ਵਿੱਚ ਨਾਕਾਬੰਦੀ ਦੌਰਾਨ ਦੋ ਮੋਟਰਸਾਈਕਲ ਸਵਾਰ ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਨ੍ਹਾਂ ਨੇ ਆਪਣਾ ਨਾਮ ਲਵਪ੍ਰੀਤ ਸਿੰਘ ਉਰਫ ਮੋਟਾ ਪੁੱਤਰ ਗੁਰਜੰਟ ਸਿੰਘ ਵਾਸੀ ਕਾਲੂ ਦੀ ਵਾੜੀ ਕੋਟਲੀ ਰੋਡ ਸ੍ਰੀ ਮੁਕਤਸਰ ਸਾਹਿਬ ਤੇ ਰਾਜਦੀਪ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਆਰਦਸ਼ ਨਗਰ ਗਲੀ ਨੰ: 01 ਸ੍ਰੀ ਮੁਕਤਸਰ ਸਾਹਿਬ ਦੱਸਿਆ, ਜਿਨ੍ਹਾਂ ਦੀ ਪੁੱਛਗਿੱਛ ਤੇ ਪੜਤਾਲ ਦੌਰਾਨ ਉਨ੍ਹਾਂ ਦੇ ਕਬਜ਼ੇ ਵਿਚਲਾ ਮੋਟਰਸਾਈਕਲ ਪਲਾਟੀਨਾ ਵਿਸ਼ਾਲ ਮੈਗਾਮਾਰਟ ਸਾਹਮਣਿਓਂ ਬੀਤੀ 24.12.2023 ਨੂੰ ਸ਼ਾਮ ਨੂੰ ਚੋਰੀ ਹੋਇਆ ਹੈ ਤੇ ਕਾਬੂ ਕੀਤੇ ਉਕਤਾਨ ਵਿਅਕਤੀ ਵਹੀਕਲ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ, ਜਿਨ੍ਹਾਂ 'ਤੇ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਕੇਸ ਦਰਜ ਕਰਕੇ ਉਕਤਾਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ।ਪੁੱਛਗਿੱਛ ਦੌਰਾਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਇੱਕ ਸਾਥੀ ਨੰਦੀ ਉਰਫ ਥਾਮਸ ਪੁੱਤਰ ਲਾਰੈਂਸ ਮਸੀਹ ਵਾਸੀ ਗਲੀ ਨੰ:09 ਕੋਟਲੀ ਰੋਡ ਸ੍ਰੀ ਮੁਕਤਸਰ ਸਾਹਿਬ ਜੋ ਵੀ ਮੋਟਰਸਾਈਕਲ ਚੋਰੀ ਕਰਨ ਦਾ ਆਦੀ ਹੈ, ਜਿਸ ਨੂੰ ਮੁੱਕਦਮਾ ਉਕਤ ਵਿੱਚ ਨਾਮਜ਼ਦ ਕਰਕੇ ਸਮੇਤ ਇੱਕ ਮੋਟਰਸਾਈਕਲ ਦੇ ਗ੍ਰਿਫਤਾਰ ਕੀਤਾ ਗਿਆ। ਉਕਤਾਨ ਵਿਅਕਤੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਚੋਰੀ ਦੇ 4 ਹੋਰ ਮੋਟਰਸਾਈਕਲ ਝਾੜੀਆਂ ਵਿੱਚ ਲੁਕਾ-ਛੁਪਾ ਕੇ ਰੱਖੇ ਹੋਏ ਹਨ, ਜੋ ਬ੍ਰਾਮਦ ਕੀਤੇ ਗਏ ਹਨ।ਦੋਸ਼ੀਆਨ ਨੂੰ ਅਦਾਲਤ ਪੇਸ਼ ਕਰਕੇ ਮਾਨਯੋਗ ਅਦਾਲਤ ਪਾਸੋਂ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

## ਦੁਕਾਨ ਦੀ ਛੱਤ ਪਾੜ ਕੇ ਭਾਂਡੇ ਚੋਰੀ ਕਰਨ ਵਾਲੇ 2 ਵਿਅਕਤੀ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਰੇਲਵੇ ਬਜ਼ਾਰ ਵਿੱਚ ਭਾਂਡਿਆਂ ਦੀ ਦੁਕਾਨ ਦੀ ਛੱਤ ਨੂੰ ਪਾੜ ਪਾ ਕੇ ਬਰਤਨ ਚੋਰੀ ਕਰਨ ਵਾਲੇ 2 ਵਿਅਕਤੀਆਂ ਨੂੰ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਕਾਬੂ ਕਰਕੇ ਮੁਕੱਦਮਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਪਰਮਜੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਕਮਰੇਵਾਲਾ ਰੋਡ ਜਲਾਲਾਬਾਦ ਵਿਜੇ ਨਗਰ ਨੇ ਪੁਲਸ ਕੋਲ ਦਿੱਤੀ ਦਰਖਾਸਤ ਵਿਚ ਦੱਸਿਆ ਕਿ 26-12-2023 ਨੂੰ ਦੇਰ ਰਾਤ ਕਰੀਬ 9.30 ਵਜੇ ਸਥਾਨਕ ਰੇਲਵੇ ਬਜ਼ਾਰ ਜਲਾਲਾਬਾਦ ਵਿੱਚ ਆਪਣੀ ਦੁਕਾਨ ਨੂੰ ਬੰਦ ਕਰਕੇ ਆਪਣੇ ਘਰ ਚਲੇ ਗਏ ਸੀ ਤੇ ਜਦੋਂ ਅਗਲੇ ਦਿਨ ਸਵੇਰੇ ਕਰੀਬ 9 ਵਜੇ ਦੁਕਾਨ 'ਤੇ ਆ ਕੇ ਉਸ ਨੇ ਆਪਣੀ ਦੁਕਾਨ ਦਾ ਸ਼ਟਰ ਖੋਲ੍ਹਿਆ ਅਤੇ ਦੁਕਾਨ ਨੂੰ ਚੈੱਕ ਕੀਤਾ ਗਿਆ ਤਾਂ ਉਸਨੂੰ ਪਤਾ ਚੱਲਿਆ ਕਿ ਰਾਤ ਨੂੰ ਚੋਰਾਂ ਨੇ ਦੁਕਾਨ ਦੀ ਛੱਤ ਨੂੰ ਪਾੜ ਪਾ ਕੇ ਕਾਫੀ ਬਰਤਨ ਚੋਰੀ ਕੀਤੇ ਗਏ, ਚੋਰੀ ਹੋਏ ਭਾਂਡੇ (ਬਰਤਨ) ਵਿਚੋਂ 4 ਕੁੱਕਰ ਸਟੀਲ, 10 ਪਿੱਤਲ ਦੀ ਪਤੀਲੀ ਪੁਰਾਣੀਆਂ, ਡੋਲ੍ਹ ਪਿੱਤਲ ਦੇ 10 ਪੁਰਾਣੇ, ਪਿੱਤਲ ਦੀਆਂ ਪੁਰਾਣੀਆਂ ਕੜਾਹੀਆਂ 9, ਗਲਾਸ ਪਿੱਤਲ ਦੇ ਪੁਰਾਣੇ 15 ਚੋਰੀ ਹੋਏ ਹਨ, ਜਿਨ੍ਹਾਂ ਦੀ ਕੀਮਤ ਕਰੀਬ 50 ਹਜ਼ਾਰ ਰੁਪਏ ਦੇ ਕਰੀਬ ਬਣਦੀ ਹੈ। ਸ਼ਿਕਾਇਤਕਰਤਾ ਦੁਕਾਨਦਾਰ ਦੇ ਅਨੁਸਾਰ ਉਸ ਨੇ ਇਸ ਚੋਰੀ ਹੋਣ ਬਾਰੇ ਆਪਣੇ ਤੌਰ 'ਤੇ ਭਾਲ ਕੀਤੀ ਗਈ, ਜਿਸ 'ਤੇ ਉਸ ਨੂੰ ਪਤਾ ਚੱਲਿਆ ਕਿ ਉਸਦੀ ਬਰਤਨ ਦੀ ਦੁਕਾਨ ਦੀ ਛੱਤ ਨੂੰ ਪਾੜ ਪਾ ਕੇ ਭਾਂਡੇ ਚੋਰੀ ਕਰਨ ਵਾਲੇ ਪਵਨ ਕੁਮਾਰ ਉਰਫ਼ ਪੰਮੂ ਪੁੱਤਰ ਪ੍ਰਕਾਸ਼ ਰਾਮ ਅਤੇ ਅਵਤਾਰ ਸਿੰਘ ਉਰਫ਼ ਨੰਨੂ ਪੁੱਤਰ ਹਰਭਜਨ ਸਿੰਘ ਵਾਸੀ ਬੱਲੂਆਣਾ ਹਨ, ਜਿਨ੍ਹਾਂ ਦੇ ਖਿਲਾਫ਼ ਪੁਲਸ ਨੇ ਕਾਬੂ ਕਰਕੇ ਧਾਰਾ 380 ਅਤੇ 457 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

## ਕਾਕਾ ਬਰਾੜ ਨੇ ਕੀਤੀ ਜਲ ਸਰੋਤ ਮੰਤਰੀ ਨਾਲ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਦੇ ਸੂਬਾ ਵਾਈਸ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਹਲਕੇ ਦੀਆਂ ਸਿੰਚਾਈ ਪਾਣੀ ਦੀਆਂ ਮੁਸ਼ਕਲਾਂ ਨੂੰ ਲੈ ਕੇ ਜਲ ਸਰੋਤ ਮੰਤਰੀ ਸ੍ਰ. ਚੇਤਨ ਸਿੰਘ ਜੌੜਾਮਾਜਰਾ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਸਮੂਹ ਸੀਨੀਅਰ ਅਧਿਕਾਰੀਆਂ ਤੇ ਹੋਰਨਾਂ ਹਲਕਿਆਂ ਦੇ ਵਿਧਾਇਕ ਹਾਜ਼ਰ ਸਨ।ਮੀਟਿੰਗ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਹਲਕੇ ਦੇ ਪਿੰਡ ਉਦੇਕਰਨ ਵਿੱਚੋਂ ਲੰਘਦੇ ਮਾਈਨਰ ਨੂੰ ਨਵਾਂ ਬਣਾਉਣ ਸੰਬੰਧੀ, ਮੁੱਦਕੀ ਮੇਨ ਮਾਈਨਰ ਨੂੰ ਲੰਕ ਚੈਨਲ ਨਾਲ ਜੋੜਨ ਜਾਂ ਫਿਰ ਲਾਇਨਿੰਗ ਕਰਨ ਬਾਬਤ, ਮੁਕਤਸਰ ਡਿਸਟਰੀ ਦੇ ਹੈੱਡ ਨੂੰ ਵੱਡਾ ਕਰਨ, ਨਿਊ ਚੌਂਤਰਾ ਮਾਈਨਰ ਨੂੰ ਨਵੀਂ ਬਣਾਉਣ ਜਾਂ ਮੇਜਰ ਰਿਪੇਅਰ ਕਰਨ ਸੰਬੰਧੀ, ਸ਼ਹਿਰ ਦੀ ਆਬਾਦੀ ਵਿਚੋਂ ਲੰਘਦੇ ਗੋਨਿਆਣਾ ਮਾਈਨਰ ਨੂੰ ਕਵਰ ਕਰਨ ਸੰਬੰਧੀ, ਪਿੰਡ ਫੱਤਣਵਾਲਾ ਤੋਂ ਕਾਲਾ ਸਿੰਘ ਵਾਲਾ ਨੂੰ ਮਿਲਾਉਂਦੇ ਪੁਲ ਨੂੰ ਨਵਾਂ ਬਣਾਉਣ ਬਾਬਤ ਤੋਂ ਇਲਾਵਾ ਹਲਕੇ ਵਿੱਚੋਂ ਲੰਘਦੀਆਂ ਡਰੇਨਾਂ ਦੇ ਪੁਲਾਂ ਨੂੰ ਨਵਾਂ ਜਾਂ ਰਿਪੇਅਰ ਕਰਨ ਸੰਬੰਧੀ ਮੰਤਰੀ ਸਾਹਿਬ ਨੂੰ ਜਾਣੂ ਕਰਵਾਇਆ ਗਿਆ।ਇਸ ਤੋਂ ਇਲਾਵਾ ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਸਾਡੇ ਪਾਸੇ ਜ਼ਮੀਨ ਹੇਠਲਾਂ ਪਾਣੀ ਖਾਰਾ ਤੇ ਸ਼ੋਰਾਯੁਕਤ ਹੈ, ਇਸ ਲਈ ਖੇਤੀ ਲਈ ਠੀਕ ਨਹੀਂ ਹੈ, ਖੇਤੀ ਨੂੰ ਖੁਸ਼ਹਾਲ ਕਰਨ ਲਈ ਹਲਕੇ ਵਿੱਚੋਂ ਲੰਘਦੀਆਂ ਕੱਸੀਆਂ, ਰਜਬਾਹਿਆਂ ਵਿੱਚ ਪਾਣੀ ਪੂਰਾ ਕੀਤਾ ਜਾਵੇ, ਤਾਂ ਜੋ ਕਿਸਾਨਾਂ ਨੂੰ ਰਾਹਤ ਮਿਲ ਸਕੇ।ਇਸ ਦੌਰਾਨ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਵਿਧਾਇਕਾਂ ਨੂੰ ਵਿਸ਼ਵਾਸ ਦੁਆਇਆ ਕਿ ਇਹ ਮੀਟਿੰਗਾਂ ਅਗਲੇ ਦਿਨਾਂ 'ਚ ਵੀ ਜਾਰੀ ਰਹਿਣਗੀਆਂ।ਉਨ੍ਹਾਂ ਅਧਿਕਾਰੀਆਂ ਨੂੰ ਚੇਤਾਵਨੀ ਵੀ ਦਿੱਤੀ ਕਿ ਹਲਕੇ ਦੇ ਵਿਧਾਇਕਾਂ ਨਾਲ ਰਾਬਤਾ ਕਾਇਮ ਕਰਕੇ ਕੰਮ ਕੀਤਾ ਜਾਵੇ।

## ਸਿਪਾਹੀ ਦਰਸ਼ਨ ਸਿੰਘ ਸਕੂਲ ਸ਼ੇਰੋਂ ਵਿਖੇ ਸਕਾਊਟ ਐਂਡ ਗਾਈਡ ਕੈਂਪ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸ੍ਰੀ ਓਂਕਾਰ ਸਿੰਘ ਜੀ ਸਟੇਟ ਔਰਗੇਨਾਈਜ਼ੇਸ਼ਨ ਕਮਿਸ਼ਨਰ, ਸ੍ਰ. ਪ੍ਰੀਤਮ ਸਿੰਘ ਪੰਛੀ ਜੀ ਔਰਗੇਨਾਈਜ਼ੇਸ਼ਨ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ ਤਹਿਤ ਸਿਪਾਹੀ ਦਰਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਵਿਖੇ ਜਰਨੈਲ ਸਿੰਘ ਸਕੂਲ ਇੰਚਾਰਜ ਤੇ ਯਾਦਵਿੰਦਰ ਸਿੰਘ ਸਕਾਊਟ ਮਾਸਟਰ ਦੀ ਅਗਵਾਈ ਹੇਠ ਚਾਰ ਰੋਜ਼ਾ ਸਕਾਊਟ ਐਂਡ ਗਾਈਡ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਜਗਤਾਰ ਸਿੰਘ ਅਸਿਸਟੈਂਟ ਲੀਡਰ ਟਰੇਨਰ ਤੇ ਆਰਗੇਨਾਈਜ਼ੇਸ਼ਨ ਕਮਿਸ਼ਨਰ ਨੇ ਐਸਟੀਮੇਸ਼ਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਦਰਸ਼ਨ ਸਿੰਘ ਜਾਇੰਟ ਸਟੇਟ ਔਰਗੇਨਾਈਜ਼ੇਸ਼ਨ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਵੱਖ ਵੱਖ ਤਰ੍ਹਾਂ ਦੇ ਕੈਂਪਾਂ ਤੇ ਰਾਸ਼ਟਰਪਤੀ ਐਵਾਰਡ ਬਾਰੇ ਜਾਣਕਾਰੀ ਦਿੱਤੀ।ਇਸ ਕੈਂਪ ਵਿੱਚ ਸ਼ੇਰੋਂ ਸਕੂਲ ਦੇ ਵਿਦਿਆਰਥੀਆਂ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਮੋਲ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਸ ਕੈਂਪ ਵਿੱਚ ਵਿਦਿਆਰਥੀਆਂ ਨੇ ਫਸਟ ਏਡ, ਵੱਖ-ਵੱਖ ਤਰ੍ਹਾਂ ਦੀਆਂ ਗੰਢਾਂ ਜਿੰਨਾਂ ਰਾਹੀਂ ਇਨਸਾਨਾਂ, ਪਸ਼ੂ ਪੰਛੀਆਂ ਦੀ ਜਾਨ ਬਚਾਈ ਜਾ ਸਕਦੀ ਹੈ।ਇਸ ਤੋਂ ਇਲਾਵਾ ਬੱਚਿਆਂ ਨੇ ਝੰਡਾ ਲਹਿਰਾਉਣਾ, ਟੈਂਟ ਬਣਾਉਣੇ ਤੇ ਜੰਗਲ ਵਿੱਚ ਖਾਣਾ ਬਣਾਉਣ ਦੀ ਟ੍ਰੇਨਿੰਗ ਵੀ ਹਾਸਲ ਕੀਤੀ।ਇਸ ਕੈਂਪ ਵਿੱਚ ਜਰਨੈਲ ਸਿੰਘ, ਜਗਸੀਰ ਸਿੰਘ, ਮੈਡਮ ਅਮਨਦੀਪ ਕੌਰ, ਮੈਡਮ ਅਮਨਜੋਤ, ਮੈਡਮ ਗਗਨਦੀਪ ਕੌਰ ਤੇ ਮੈਡਮ ਮੋਨਿਕਾ ਸਿੰਗਲਾ ਨੇ ਭਾਗ ਲਿਆ ਤੇ ਨਮੋਲ ਸਕੂਲ ਦੇ ਅਧਿਆਪਕ ਮਨਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਵੀ ਇਸ ਕੈਂਪ ਵਿੱਚ ਹਿੱਸਾ ਲਿਆ।ਸਕਾਟਿੰਗ ਇੱਕ ਅਜਿਹੀ ਮੁਹਿੰਮ ਹੈ, ਜਿਸ ਵਿੱਚ ਬੱਚਿਆਂ ਨੂੰ ਸਮਾਜ ਸੇਵਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਬੱਚਿਆਂ ਨੂੰ ਸਮਾਜ ਸੇਵਾ ਵਿੱਚ ਫਸਟ ਏਡ ਤੇ ਵੱਖ-ਵੱਖ ਤਰ੍ਹਾਂ ਦੀਆਂ ਗੰਢਾਂ ਰਾਹੀਂ ਇਨਸਾਨਾਂ ਦੀ ਜਾਨ ਬਚਾਉਣ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਰਹੀ ਹੈ।

## ਸ਼ਹੀਦੀ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ ਕਰਾਇਆ



**ਭੀਖੀ (ਧਰਮਵੀਰ ਸ਼ਰਮਾ)**

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਤ ਸ਼੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਵਿਦਿਆਰਥੀਆਂ ਵੱਲੋਂ ਦੂਸਰਾ ਗੁਰਮਤਿ ਸਮਾਗਮ ਗੁਰਦੁਆਰਾ ਸ਼੍ਰੀ ਬੇਰੀ ਸਾਹਿਬ ਪਾਤਸ਼ਾਹੀ ਨੌਵੀਂ ਪਿੰਡ ਖਿਆਲਾ ਵਿਖੇ ਕੀਤਾ ਗਿਆ, ਜਿਸ ਵਿੱਚ ਬੱਚਿਆਂ ਵੱਲੋਂ ਸ਼ਬਦ ਕੀਰਤਨ, ਕਵੀਸ਼ਰੀ, ਕਵਿਤਾ ਤੇ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਵਿਦਿਆਰਥੀਆਂ ਨੇ ਇਤਿਹਾਸਕ ਬੇਰੀ ਸਾਹਿਬ ਤੇ ਜਿਸ ਛੰਨੇ ਵਿੱਚ ਗੁਰੂ ਸਾਹਿਬ ਜੀ ਨੇ ਦੁੱਧ ਛਕਿਆ ਸੀ, ਉਸ ਪਵਿੱਤਰ ਛੰਨੇ ਦੇ ਦਰਸ਼ਨ ਕੀਤੇ।

ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਤੇ ਗੁਰੂਘਰ ਦੇ ਗ੍ਰੰਥੀ ਸਿੰਘਾਂ ਵੱਲੋਂ ਬੱਚਿਆਂ ਤੇ ਆਏ ਅਧਿਆਪਕਾਂ ਦਾ ਸਕੂਲ ਦੇ ਇਸ ਸਾਰਥਕ ਉਪਰਾਲੇ ਲਈ ਧੰਨਵਾਦ ਕੀਤਾ ਗਿਆ।

## ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਐੱਚ ਐੱਲ ਏ ਕੈਂਪ ਲਗਾਇਆ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਜੀ ਜੀ ਐੱਸ ਐੱਮ ਸੀ ਐੱਚ ਫਰੀਦਕੋਟ ਵਿਖੇ 2003 ਵਿੱਚ ਬੈਂਗਲੁਰੂ ਵਿੱਚ ਸਥਾਪਤ ਇੱਕ ਐੱਨ ਜੀ ਓ ਸੰਕਲਪ ਇੰਡੀਆ ਫਾਊਂਡੇਸ਼ਨ ਤੇ ਥੈਲੇਸੀਮੀਆ ਸੁਸਾਇਟੀ ਫਰੀਦਕੋਟ ਵੱਲੋਂ ਸਪਾਂਸਰ ਕੀਤੇ ਗਏ ਥੈਲੇਸੀਮੀਆ ਬੱਚਿਆਂ ਲਈ ਇੱਕ ਐੱਚ ਐੱਲ ਏ ਕੈਂਪ ਲਗਾਇਆ ਗਿਆ। ਇਸ ਵਿੱਚ 14 ਪਰਿਵਾਰਾਂ ਦੇ ਕਰੀਬ 42 ਸੈਂਪਲ ਲਏ ਗਏ। ਹਾਈ ਰੈਜ਼ੋਲਿਊਸ਼ਨ ਐੱਚ ਐੱਲ ਏ ਟਾਈਪਿੰਗ ਲਈ ਨਮੂਨੇ ਡੀ ਕੇ ਐੱਮ ਐੱਸ ਜਰਮਨੀ ਨੂੰ ਮੁਫਤ ਭੇਜੇ ਜਾਣਗੇ। ਜ਼ਿਕਰਯੋਗ ਹੈ ਕਿ ਇਸ ਲਈ ਪ੍ਰਤੀ ਟੈਸਟ ਦਾ ਖਰਚਾ ਲਗਭਗ 10,000 ਰੁਪਏ ਪ੍ਰਤੀ ਟੈਸਟ ਹੈ। ਜਦੋਂ ਇੱਕ ਐੱਚ ਐੱਲ ਏ ਨਾਲ ਮੇਲ ਖਾਂਦਾ ਦਾਨੀ ਪਾਇਆ ਜਾਂਦਾ ਹੈ, ਤਾਂ ਇਹ ਟੈਸਟ ਅਗਲੇਰੀ ਇਲਾਜ ਪ੍ਰਕਿਰਿਆਵਾਂ ਜਿਵੇਂ ਕਿ ਬੋਨ ਮੈਰੋ ਟ੍ਰਾਂਸਪਲਾਂਟ ਦਾ ਆਧਾਰ ਬਣਦਾ ਹੈ। ਇਸ ਮੌਕੇ ਰਾਕੇਸ਼ ਧਨਿਆ ਸੰਕਲਪ ਇੰਡੀਆ ਫਾਊਂਡੇਸ਼ਨ ਦੇ ਸੀਈਓ ਤੇ ਜਨਰਲ ਸਕੱਤਰ ਅਤੇ ਸੈਵਲ ਗਾਂਧੀ ਪ੍ਰੋਜੈਕਟ ਕੋਆਰਡੀਨੇਟਰ ਹਾਜ਼ਰ ਸਨ। ਇਸ ਮੌਕੇ ਵਿਕਰਮਜੀਤ ਸਿੰਘ ਤੇ ਥੈਲੇਸੀਮੀਆ ਸੁਸਾਇਟੀ ਫਰੀਦਕੋਟ ਤੋਂ ਰਮਨ ਜੈਦਕਾ ਵੀ ਹਾਜ਼ਰ ਸਨ। ਇਹ ਪ੍ਰੋਗਰਾਮ ਡਾ: ਸੰਜੇ ਗੁਪਤਾ ਪ੍ਰਿੰਸੀਪਲ ਤੇ ਕਾਰਜਕਾਰੀ ਮੈਡੀਕਲ ਸੁਪਰਡੈਂਟ ਡਾ: ਰਾਜੀਵ ਜੋਸ਼ੀ ਦੀ ਹਾਜ਼ਰੀ ਵਿੱਚ ਕਰਵਾਇਆ ਗਿਆ। ਇਸ ਮੌਕੇ ਡਾ: ਨੀਤੂ ਕੁੱਕੜ, ਮੈਡੀਕਲ ਸੁਪਰਡੈਂਟ, ਜੀ ਜੀ ਐੱਸ ਐੱਮ ਸੀ ਐੱਚ ਤੇ ਪ੍ਰਬੰਧਕੀ ਕੰਟਰੋਲਰ ਥੈਲੇਸੀਮੀਆ ਵਾਰਡ ਨੇ ਪ੍ਰੋਗਰਾਮ ਵਿੱਚ ਭਾਗ ਲਿਆ। ਇਸ ਮੌਕੇ ਡਾ: ਵਰੁਣ ਕੌਲ, ਕਲੀਨਿਕਲ ਨੋਡਲ ਅਫਸਰ ਥੈਲੇਸੀਮੀਆ ਤੇ ਹੀਮੋਫਿਲੀਆ ਜੀ ਜੀ ਐੱਸ ਐੱਮ ਸੀ ਐੱਚ ਵੀ ਹਾਜ਼ਰ ਸਨ।

## ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਰਿਫਲੈਕਟਰ ਸੇਵਾ ਸ਼ੁਰੂ



**ਬੁਢਲਾਡਾ (ਅਸ਼ੋਕ ਲਾਕੜਾ)**-ਧੁੰਦਾਂ ਦੇ ਮੌਸਮ ਸਮੇਂ ਐਕਸੀਡੈਂਟਾਂ ਦੇ ਬਚਾਅ ਲਈ ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਅੱਜ ਤੋਂ ਬਿਨਾਂ ਲਾਈਟਾਂ ਵਾਲੇ ਸਾਧਨਾਂ ਪਿੱਛੇ ਰਿਫਲੈਕਟਰ ਲਗਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ।ਅੱਜ ਪਹਿਲੇ ਦਿਨ ਦੀ ਇਹ ਸੇਵਾ ਗੁਰੂ ਨਾਨਕ ਕਾਲਜ ਦੇ ਨੇੜੇ ਚੁਰਸਤੇ ਵਿੱਚ ਬੁਢਲਾਡਾ ਦੇ ਐੱਸ ਐੱਚ ਓ ਭੁਪਿੰਦਰਜੀਤ ਸਿੰਘ ਤੇ ਮਾਤਾ ਗੁਜਰੀ ਜੀ ਭਲਾਈ ਕੇਂਦਰ ਦੇ ਮਾਸਟਰ ਕੁਲਵੰਤ ਸਿੰਘ ਸਮੇਤ ਸਾਰੇ ਮੈਂਬਰਾਂ ਵੱਲੋਂ ਸ਼ੁਰੂ ਕੀਤੀ ਗਈ।ਐੱਸ ਐੱਚ ਓ ਸਾਹਿਬ ਨੇ ਸ਼ੁਰੂਆਤ ਕਰਨ ਤੋਂ ਬਾਅਦ ਕਿਹਾ ਕਿ ਸੰਸਥਾ ਦੀ ਇਹ ਬਹੁਤ ਮਹਾਨ ਸੇਵਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਕੁਲਦੀਪ ਸਿੰਘ ਅਨੇਜਾ ਨੇ ਦੱਸਿਆ ਕਿ ਡੈੱਨਮਾਰਕ ਦੇ ਸ਼੍ਰੀ ਚਰਨਜੀਤ ਮਦਾਨ ਦੀ ਪ੍ਰੇਰਨਾ ਤੇ ਸਹਿਯੋਗ ਸਦਕਾ ਕਈ ਸਾਲਾਂ ਤੋਂ ਇਹ ਸੇਵਾ ਸ਼ੁਰੂ ਹੈ।ਭੀਖੀ ਰੋਡ ਦੇ ਆਰ ਕੇ ਸਟਿੱਕਰ ਵੱਲੋਂ ਵੀ ਸਟਿੱਕਰਾਂ ਦੀ ਸੇਵਾ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਅਗਲਾ ਸਾਰਾ ਹਫਤਾ ਵੱਖੋ ਵੱਖਰੇ ਚੁਰਸਤਿਆਂ ਵਿੱਚ ਇਹ ਸੇਵਾ ਜ਼ਾਰੀ ਰਹੇਗੀ।ਇਸ ਮੌਕੇ ਉਪਰੋਕਤ ਤੋਂ ਇਲਾਵਾ ਬਲਬੀਰ ਸਿੰਘ ਕੈਂਥ, ਗੁਰਤੇਜ ਸਿੰਘ ਕੈਂਥ, ਡਾਕਟਰ ਬਲਦੇਵ ਕੱਕੜ, ਰਜਿੰਦਰ ਵਰਮਾ, ਰਜਿੰਦਰ ਸਿੰਘ ਭੋਲਾ, ਨੱਥਾ ਸਿੰਘ, ਮਹਿੰਦਰਪਾਲ ਸਿੰਘ ਅਨੰਦ, ਗੁਪਾਲ ਸਿੰਘ, ਨਰੇਸ਼ ਕੁਮਾਰ ਬੰਸੀ ਸਮੇਤ ਪੁਲਸ ਕਰਮਚਾਰੀ ਤੇ ਸੇਵਾ ਫਾਊਂਡੇਸ਼ਨ ਦੇ ਮੈਂਬਰ ਹਾਜ਼ਰ ਸਨ।

## ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਕਾਰਕੁਨਾਂ ਦੀ ਰਿਹਾਈ ਲਈ ਪ੍ਰਦਰਸ਼ਨ ਅੱਜ



**ਮੋਗਾ (ਅਮਰਜੀਤ ਬੱਬਰੀ)**

ਜਮੂਹਰੀ ਅਧਿਕਾਰ ਸਭਾ ਜ਼ਿਲ੍ਹਾ ਇਕਾਈ ਮੋਗਾ ਦੀ ਵਿਸ਼ੇਸ਼ ਮੀਟਿੰਗ ਸਰਬਜੀਤ ਸਿੰਘ ਦੌਧਰ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਮੋਗਾ ਵਿਖੇ ਹੋਈ।ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਤੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿੱਚ ਨਾਮ ਦੇਵ ਨੂੰ ਸ਼ਰਧਾਂਜਲੀ ਭੇਂਟ ਕਰਦਾ ਇੱਕ ਮਤਾ ਪੇਸ਼ ਕੀਤਾ।ਸਰਬਜੀਤ ਦੌਧਰ ਨੇ ਸਟੇਟ ਵੱਲੋਂ ਮਨੁੱਖੀ ਅਧਿਕਾਰਾਂ ਨੂੰ ਸਮਰਪਤ ਜਮੂਹਰੀ ਕਾਰਕੁਨਾਂ ਨੀਲਮ ਆਜ਼ਾਦ, ਲਲਿਤ ਝਾਅ, ਅਮੋਲ ਸ਼ਿੰਦੇ, ਸਾਗਰ ਸ਼ਰਮਾ, ਮਨੋਰੰਜਨ ਡੀ ਤੇ ਕ੍ਰਿਸ਼ਨ ਭਾਰਤੀ ਨੂੰ ਯੂ ਏ ਪੀ ਏ ਵਰਗੇ ਕਾਲੇ ਕਾਨੂੰਨ ਤਹਿਤ ਜੇਲ੍ਹਾਂ ਅੰਦਰ ਬੰਦ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ।ਜਥੇਬੰਦੀ ਨੇ ਮੰਗ ਕੀਤੀ ਕਿ ਜਮੂਹਰੀ ਅਧਿਕਾਰਾਂ ਤੇ ਮਨੁੱਖੀ ਅਧਿਕਾਰਾਂ ਨੂੰ ਸਮਰਪਤ ਕਾਰਕੁਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।ਮਾਸਟਰ ਸੁਖਦੇਵ ਸਿੰਘ, ਸੋਹਣ ਸਿੰਘ ਨੇ ਕਿਹਾ ਕਿ ਜਮੂਹਰੀ ਹੱਕਾਂ ਲਈ ਆਵਾਜ਼ ਨੂੰ ਕਾਲੇ ਕਾਨੂੰਨ ਲਾ ਕੇ ਦਬਾਇਆ ਨਹੀਂ ਜਾ ਸਕਦਾ।ਲਖਵੀਰ ਚੰਦ, ਵਿਜੈ ਮਿੱਤਲ ਤੇ ਭਿੰਦਰ ਪਾਲ ਨੇ ਦੱਸਿਆ ਕਿ 35 ਜਮੂਹਰੀ ਜਥੇਬੰਦੀਆਂ ਵੱਲੋਂ ਸਮੁੱਚੇ ਭਾਰਤ ਵਿੱਚ ਮਨੁੱਖੀ ਅਧਿਕਾਂ ਦੀ ਰਾਖੀ ਲਈ ਤੇ ਜਮੂਹਰੀ ਅਧਿਕਾਰਾਂ ਦੇ ਕਾਰਕੁਨਾਂ ਦੀ ਰਿਹਾਈ ਦੀ ਮੰਗ ਲਈ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੇ ਤਹਿਤ ਮੋਗਾ ਵਿਖੇ 29 ਦਸੰਬਰ ਨੂੰ ਲੋਕ ਸੰਗਰਾਮ ਮੰਚ ਵੱਲੋਂ ਵਿਸ਼ਾਲ ਪ੍ਰਦਰਸ਼ਨ ਕੀਤਾ ਜਾਵੇਗਾ।ਉਨ੍ਹਾ ਜ਼ਿਲ੍ਹੇ ਦੀਆਂ ਸਾਰੀਆਂ ਇਨਸਾਫ਼ ਪਸੰਦ ਜਥੇਬੰਦੀਆਂ ਨੂੰ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਆਈ ਜੀ ਤੇ ਐੱਸ ਐੱਸ ਪੀ ਵੱਲੋਂ ਮੇਲਾ ਮਾਘੀ ਨੂੰ ਸ਼ਾਂਤੀਪੂਰਵਕ ਕਰਵਾਉਣ ਲਈ ਵੱਖ-ਵੱਖ ਜਥੇਬੰਦੀਆਂ ਨਾਲ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਘ ਮਹੀਨੇ ਵਿੱਚ ਚਾਲੀ ਮੁਕਤਿਆਂ ਦੀ ਯਾਦ ਵਿੱਚ ਲੱਗਣ ਵਾਲੇ ਪਵਿੱਤਰ ਤੇ ਇਤਿਹਾਸਕ ਮਾਘੀ ਮੇਲੇ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਮੇਲੇ ਵਿੱਚ ਦੂਰ ਦੂਰ ਤੋਂ ਸ਼ਰਧਾਲੂ ਗੁਰਦੁਆਰਾ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਨਤਮਸਤਕ ਹੁੰਦੇ ਹਨ।ਇਸੇ ਸਬੰਧ ਵਿੱਚ ਸਾਲ 2024 ਦੌਰਾਨ ਲੱਗਣ ਵਾਲੇ ਮੇਲੇ ਮਾਘੀ ਯੋਗ ਸੁਰੱਖਿਆ ਪ੍ਰਬੰਧਾ ਹੇਠ ਸ਼ਾਂਤੀ ਪੂਰਵਕ ਨੇਪਰੇ ਚਾੜ੍ਹਨ ਲਈ ਪੁਲਸ ਪ੍ਰਸ਼ਾਸਨ ਵੱਲੋਂ ਵੱਖ-ਵੱਖ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਦੇ ਚਲਦਿਆਂ ਸ੍ਰ. ਗੁਰਸ਼ਰਨ ਸਿੰਘ ਸੰਧੂ ਆਈ.ਪੀ.ਐੱਸ. ਆਈ ਜੀ ਫਰੀਦਕੋਟ ਰੇਂਜ ਤੇ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ. ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਦੀਆਂ ਵੱਖ ਵੱਖ ਧਾਰਮਿਕ ਜਥੇਬੰਦੀਆਂ, ਗੁਰਦੁਆਰਾ ਕਮੇਟੀ ਮੈਂਬਰਾਂ, ਵਪਾਰ ਮੰਡਲ ਦੇ ਮੈਂਬਰਾਂ, ਸੰਸਥਾਵਾਂ ਦੇ ਨੁਮਾਇੰਦਿਆਂ ਤੇ ਮੇਲੇ ਦੇ ਪ੍ਰਬੰਧਕਾਂ ਨਾਲ ਅਗਾਊਂ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਹਾਜ਼ਰੀਨ ਪਾਸੋਂ ਮੇਲੇ ਮਾਘੀ ਦੇ ਸਬੰਧ ਵਿੱਚ ਸੁਝਾਅ ਮੰਗੇ ਗਏ ਤੇ ਪਿਛਲੇ ਸਾਲ ਦੌਰਾਨ ਆਈਆਂ ਸਮੱਸਿਆਵਾਂ ਸਬੰਧੀ ਵਿਸ਼ੇਸ਼ ਤੌਰ 'ਤੇ ਵਿਚਾਰ ਵਿਟਾਂਦਰਾ ਕੀਤਾ ਗਿਆ।ਸ੍ਰ. ਗੁਰਸ਼ਰਨ ਸਿੰਘ ਸੰਧੂ ਆਈ ਜੀ ਫਰੀਦਕੋਟ ਤੇ ਸ੍ਰੀ ਭਾਗੀਰਥ ਸਿੰਘ ਮੀਨਾ ਐੱਸ.ਐੱਸ.ਪੀ. ਵੱਲੋਂ ਭਰੋਸਾ ਦਿੱਤਾ ਗਿਆ ਕਿ ਮੇਲਾ ਮਾਘੀ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪੁਲਸ ਵਿਭਾਗ ਵੱਲੋਂ ਯੋਗ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਰੱਖਿਆ ਲਈ ਪੁਲਸ ਸਹਾਇਤਾ ਕੇਂਦਰ ਬਣਾਏ ਜਾਣਗੇ, ਜਿਸ 'ਤੇ 24 ਘੰਟੇ ਪੁਲਸ ਮੁਲਾਜ਼ਮ ਤਾਇਨਾਤ ਰਹਿਣਗੇ।ਮਾੜੇ ਅੰਸਰਾਂ ਦੀ ਨਿਗਰਾਨੀ ਲਈ ਵੱਖ ਵੱਖ ਭੀੜ ਵਾਲੀਆਂ ਥਾਵਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ ਤੇ ਰੂਟ ਪਲਾਨ ਵੀ ਤਿਆਰ ਕੀਤਾ ਜਾਵੇਗਾ, ਜਿਸ ਤਹਿਤ ਕਿਸੇ ਵੀ ਤਰ੍ਹਾਂ ਦੇ ਹੈਵੀ ਵਹੀਕਲਾਂ ਨੂੰ ਸ਼ਹਿਰ ਅੰਦਰ ਐਂਟਰ ਨਹੀਂ ਹੋਣ ਦਿੱਤਾ ਜਾਵੇਗਾ।ਇਸ ਮੌਕੇ ਕਨਵਰਜੀਤ ਸਿੰਘ ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ, ਸਤਨਾਮ ਸਿੰਘ ਡੀ.ਐੱਸ.ਪੀ. ਸਬ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ, ਸੰਜੀਵ ਗੋਇਲ ਡੀ.ਐੱਸ.ਪੀ. (ਡੀ), ਰੇਸ਼ਮ ਸਿੰਘ ਮੈਨੇਜਰ ਦਰਬਾਰ ਸਾਹਿਬ, ਸ੍ਰ. ਸੁਖਦੇਵ ਸਿੰਘ ਸਹਾਇਕ ਮੈਨੇਜਰ ਦਰਬਾਰ ਸਾਹਿਬ, ਜਸਪਾਲ ਸਿੰਘ, ਬਾਬਾ ਮਨਜੀਤ ਸਿੰਘ ਗੁਰਦਵਾਰਾ ਗੁਰੂ ਕਾ ਖੂਹ, ਡਾਕਟਰ ਨਰੇਸ਼ ਪਰੂਥੀ, ਵਪਾਰ ਮੰਡਲ ਦੇ ਅਹੁਦੇਦਾਰਾਂ ਤੋਂ ਇੰਦਰਜੀਤ ਬਾਂਸਲ, ਕਸ਼ਮੀਰ ਸਿੰਘ, ਦੇਸ ਰਾਜ ਤਨੇਜਾ ਤੇ ਮੇਲਾ ਪ੍ਰਬੰਧਕ ਹਾਜ਼ਰ ਸਨ।

## ਇੰਡੀਅਨ ਫਾਰਮਰ ਐਸੋਸੀਏਸ਼ਨ ਦੀ ਮੀਟਿੰਗ ਹੋਈ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇੰਡੀਅਨ ਫਾਰਮਰ ਐਸੋਸੀਏਸ਼ਨ ਦੀ ਮੀਟਿੰਗ ਗੁਰਦੁਆਰਾ ਸ੍ਰੀ ਸਿੰਘ ਸਭਾ ਧਰਮਕੋਟ ਵਿਖੇ ਮੇਜਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਈ ਤਰ੍ਹਾਂ ਦੇ ਮਸਲੇ ਵਿਚਾਰੇ ਗਏ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਕੋਆਪ੍ਰੇਟਿਵ ਸੁਸਾਇਟੀਆਂ ਦੇ ਡਿਫਾਲਟਰ ਕਿਸਾਨਾਂ ਦੇ ਕਰਜ਼ੇ ਦੀ ਵੰਨ ਟਾਈਮ ਸੈਟਲਮੈਂਟ ਦੀ ਸਰਕਾਰ ਨਾਲ ਜੋ ਸੰਯੁਕਤ ਕਿਸਾਨ ਮੋਰਚੇ ਦੀ ਸਹਿਮਤੀ ਬਣੀ ਹੈ, ਕਮੇਟੀ ਸੰਗਠਨ ਕਰਕੇ ਇਸ ਮਸਲੇ ਨੂੰ ਜਲਦੀ ਤੋਂ ਜਲਦੀ ਅਮਲ ਵਿੱਚ ਲੈ ਕੇ ਆਵੇ ਤਾਂ ਜੁ ਕਿਸਾਨਾਂ ਨੂੰ ਸੁਸਾਇਟੀਆਂ ਤੋਂ ਕਲੀਅਰ ਸਰਟੀਫਿਕੇਟ ਮਿਲ ਸਕਣ ਅਤੇ ਕਿਸਾਨ ਆਪਣਾ ਲੈਣ-ਦੇਣ ਕਰ ਸਕਣ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ-ਕੱਲ੍ਹ ਮਾਰਕੀਟ ਵਿੱਚ ਡੁਪਲੀਕੇਟ ਦੁੱਧ ਧੜਾਧੜ ਵਿਕ ਰਿਹਾ ਹੈ, ਜਿਸ ਨਾਲ ਲੋਕ ਬਿਮਾਰ ਹੋ ਰਹੇ ਹਨ ਅਤੇ ਕਿਸਾਨਾਂ ਨੂੰ ਦੁੱਧ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ ਕਿਉਂਕਿ ਡੁਪਲੀਕੇਟ ਦੁੱਧ ਦੀ ਪੈਦਾਵਾਰ ਜ਼ਿਆਦਾ ਹੋ ਚੁੱਕੀ ਹੈ। ਉਨ੍ਹਾਂ ਸਰਕਾਰ ਤੋਂ ਪਹਿਲ ਦੇ ਅਧਾਰ 'ਤੇ ਮੰਗ ਕੀਤੀ ਕਿ ਜਿੱਥੇ ਜਿੱਥੇ ਵੀ ਡੁਪਲੀਕੇਟ ਦੁੱਧ ਬਣਦਾ ਹੈ, ਇਨ੍ਹਾਂ ਦੇ ਪਹਿਲ ਦੇ ਅਧਾਰ 'ਤੇ ਸੈਂਪਲ ਭਰ ਕੇ ਇਨ੍ਹਾਂ 'ਤੇ ਪਰਚੇ ਕੀਤੇ ਜਾਣ ਤੇ ਸਖਤ ਤੋਂ ਸਖਤ ਧਰਾਵਾਂ ਇਨ੍ਹਾਂ ਖਿਲਾਫ਼ ਲਾਈਆਂ ਜਾਣ ਤਾਂ ਜੁ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਕੀਤਾ ਜਾਵੇ। ਮੀਟਿੰਗ ਵਿੱਚ ਮੀਤ ਪ੍ਰਧਾਨ ਪੰਜਾਬ ਜਸਕਰਨ ਸਿੰਘ ਸੇਖੋਂ, ਜ਼ਿਲ੍ਹਾ ਮੀਤ ਪ੍ਰਧਾਨ ਪਰਮਜੀਤ ਸਿੰਘ ਬਡੂਵਾਲ ਸਿੰਘ ਚੱਕ ਤਾਰੇਵਾਲਾ, ਪਿੱਪਲ ਸਿੰਘ, ਕੁਲਦੀਪ ਸਿੰਘ ਭੂਰਾ, ਬਲਕਾਰ ਸਿੰਘ, ਸੱਜਣ ਸਿੰਘ ਬੱਡੂਵਾਲ, ਅਵਤਾਰ ਸਿੰਘ, ਪਰਸਨ ਸਿੰਘ, ਜਸਕਰਨ ਸਿੰਘ, ਬਲਕਾਰ ਸਿੰਘ, ਰਣਜੀਤ ਸਿੰਘ, ਸੁਖਵੰਤ ਸਿੰਘ, ਗੁਰਜੰਟ ਸਿੰਘ ਤੋਂ ਇਲਾਵਾ ਕਿਸਾਨ ਆਗੂ ਹਾਜ਼ਰ ਸਨ।

# ਸਲਾਈਟ 'ਚ ਇੱਕ ਹਫ਼ਤੇ ਦਾ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਸੰਤ ਲੌਂਗਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨੋਲੋਜੀ ਦੇ ਮਕੈਨੀਕਲ ਵਿਭਾਗ ਵੱਲੋਂ ਐਡੀਟਿਵ ਮੈਨੂਫੈਕਚਰਿੰਗ ਦੇ ਤਾਜ਼ਾ ਰੁਝਾਨ ਤੇ ਇੱਕ ਹਫ਼ਤੇ ਦਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸਫਲਤਾਪੂਰਵਕ ਕਰਾਇਆ। ਇਸ ਕੋਰਸ ਨੂੰ ਡਾ. ਅਨੁਜ ਬਾਂਸਲ ਅਤੇ ਡਾ. ਅਨਿਲ ਕੁਮਾਰ ਸਿੰਗਲਾ ਵੱਲੋਂ ਸੰਚਾਲਤ ਅਤੇ ਜੋਨੀ ਸਿੰਗਲਾ ਅਤੇ ਦਿਵੇਸ਼ ਭਾਰਤੀ ਵੱਲੋਂ ਸਹਿ-ਸੰਚਾਲਿਤ ਕੀਤਾ ਗਿਆ। ਵੱਖ-ਵੱਖ ਸੰਸਥਾਵਾਂ ਤੇ ਉਦਯੋਗਾਂ ਦੇ ਫੈਕਲਟੀ ਅਤੇ ਖੋਜ ਵਿਦਵਾਨਾਂ ਸਮੇਤ 91 ਭਾਗੀਦਾਰਾਂ ਨੇ ਆਰਟੀਏਐਮ 2023 ਲਈ ਰਜਿਸਟਰ ਕੀਤਾ, ਜਿਨ੍ਹਾਂ ਵਿੱਚੋਂ 39 ਭਾਗੀਦਾਰ ਸੰਸਥਾ ਤੋਂ ਬਾਹਰ ਦੇ ਸਨ। ਖੇਤਰੀ ਤੌਰ 'ਤੇ ਪੂਰੇ ਭਾਰਤ ਦੇ ਭਾਗੀਦਾਰਾਂ ਨੇ ਕੋਰਸ ਲਈ ਰਜਿਸਟਰ ਕੀਤਾ। ਕੋਰਸ ਦਾ ਉਦਘਾਟਨ ਮੁੱਖ ਮਹਿਮਾਨ ਪ੍ਰੋ. ਅਲਕੇਸ਼ ਮੰਨਾ (ਮਕੈਨੀਕਲ ਇੰਜਨੀਅਰਿੰਗ ਵਿਭਾਗ, ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ) ਵੱਲੋਂ ਕੀਤਾ ਗਿਆ। ਉਦਘਾਟਨੀ ਪ੍ਰੋਗਰਾਮ ਵਿੱਚ ਡਾਇਰੈਕਟਰ ਸਲਾਈਟ ਪ੍ਰੋ. ਮਣੀ ਕਾਂਤ ਪਾਸਵਾਨ (ਮੁੱਖ ਸਰਪ੍ਰਸਤ), ਪ੍ਰੋ. ਜੇ.ਐਸ. ਢਿੱਲੋਂ (ਸਰਪ੍ਰਸਤ) ਤੇ ਏ.ਐਸ.ਸ਼ਾਹੀ (ਚੇਅਰਮੈਨ) ਮੌਜੂਦ ਸਨ।

ਕੋਰਸ ਵਿੱਚ 14 ਤਕਨੀਕੀ ਸੈਸ਼ਨ ਸ਼ਾਮਲ ਸਨ, ਜਿਨ੍ਹਾਂ ਵਿੱਚ ਵਿਹਾਰਕ ਪ੍ਰਦਰਸ਼ਨਾਂ ਦੇ ਨਾਲ-ਨਾਲ ਮਾਹਿਰ ਭਾਸ਼ਣ ਸ਼ਾਮਲ ਸਨ, ਜੋ ਕੋਰਸ ਦੇ 5 ਦਿਨਾਂ ਦੌਰਾਨ ਸਫ਼ਲਤਾਪੂਰਵਕ ਕਰਾਏ ਗਏ ਸਨ। ਸਾਰੇ ਤਕਨੀਕੀ ਸੈਸ਼ਨਾਂ ਦਾ ਸੰਚਾਲਨ ਆਈ ਆਈ ਟੀ, ਐਨ ਆਈ ਟੀ, ਐਨ ਆਈ ਟੀ ਟੀ ਟੀ ਆਰ ਅਤੇ ਸੀ ਐਫ ਟੀ ਆਈ ਦੇ ਉੱਘੇ ਬੁਲਾਰਿਆਂ ਵੱਲੋਂ ਕੀਤਾ ਗਿਆ ਸੀ। ਇਨ੍ਹਾਂ ਤਕਨੀਕੀ ਸੈਸ਼ਨਾਂ ਵਿੱਚ 3-ਡੀ ਪ੍ਰਿੰਟਿੰਗ ਦੀ ਵਰਤੋਂ ਕਰਦੇ ਹੋਏ, ਇੱਕ ਹਿੱਸੇ ਦੇ ਨਿਰਮਾਣ ਦੀ ਪ੍ਰਕਿਰਿਆ, ਇਸਦੀ ਵਿਸ਼ੇਸ਼ਤਾ ਤੇ ਐਡੀਟਿਵ ਨਿਰਮਾਣ ਵਿੱਚ ਹਾਲ ਹੀ ਦੇ ਰੁਝਾਨਾਂ ਅਤੇ ਕੁਝ ਕੇਸ ਅਧਿਐਨਾਂ, 3-ਡੀ ਪ੍ਰਿੰਟਿੰਗ ਦੀਆਂ ਕਿਸਮਾਂ ਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦੇ ਨਾਲ ਉਦਯੋਗਿਕ ਖੇਤਰ ਵਿੱਚ 3-ਡੀ ਪ੍ਰਿੰਟਿੰਗ ਤਕਨਾਲੋਜੀ ਦਾ ਇਤਿਹਾਸ ਅਤੇ ਮਹੱਤਤਾ ਵਰਗੇ ਵਿਸ਼ਿਆਂ 'ਤੇ ਚਰਚਾ ਕੀਤੀ ਗਈ।

3-ਡੀ ਪ੍ਰਿੰਟਿਡ ਕੰਪੋਨੈਂਟ ਦੀ ਪੋਸਟ ਪ੍ਰੋਸੈਸਿੰਗ ਨੂੰ ਵਿਸਥਾਰ ਵਿੱਚ ਕਵਰ ਕੀਤਾ ਗਿਆ। ਕੋਰਸ ਦੌਰਾਨ ਵੱਖ-ਵੱਖ ਪ੍ਰੈਕਟੀਕਲ ਸੈਸ਼ਨਾਂ ਰਾਹੀਂ, ਮੈਟਲ ਤੇ ਪੌਲੀਮਰ ਲਈ 3-ਡੀ ਪ੍ਰਿੰਟਰਾਂ ਦੀ ਵਰਤੋਂ ਕਰਦੇ ਹੋਏ ਇੱਕ ਕੰਪੋਨੈਂਟ ਦੇ ਨਿਰਮਾਣ ਦਾ ਪ੍ਰਦਰਸ਼ਨ ਵੀ ਕਵਰ ਕੀਤਾ ਗਿਆ। ਮਾਹਿਰਾਂ ਨੇ ਸੰਚਾਰ ਦੇ ਹਾਈਬ੍ਰਿਡ ਮੋਡ ਰਾਹੀਂ ਭਾਗੀਦਾਰਾਂ ਨਾਲ ਗੱਲਬਾਤ ਵੀ ਕੀਤੀ।

# ਪੰਜਾਬ ਦੀ ਝਾਕੀ ਨੂੰ ਰੱਦ ਕਰਨ 'ਤੇ ਆਪ ਆਗੂਆਂ ਵੱਲੋਂ ਭਾਜਪਾ ਸਰਕਾਰ ਦੀ ਆਲੋਚਨਾ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਗਣਤੰਤਰ ਦਿਵਸ ਪਰੇਡ ਲਈ ਪੰਜਾਬ ਦੀ ਝਾਕੀ ਨੂੰ ਰੱਦ ਕਰਨ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨਿੰਦਾ ਕੀਤੀ ਹੈ।ਆਪ ਦੇ ਆਗੂਆਂ ਨੇ ਕਿਹਾ ਕਿ ਝਾਕੀ ਪੰਜਾਬ ਦੇ ਸ਼ਹੀਦਾਂ ਦੇ ਜੀਵਨ ਅਤੇ ਇਤਿਹਾਸ ਨੂੰ ਦਰਸਾਉਂਦੀ ਹੈ ਜਿਨ੍ਹਾਂ ਨੇ ਸਾਡੇ ਦੇਸ਼ ਅਤੇ ਸਾਡੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ ਪਰ ਭਾਜਪਾ ਹਰ ਚੀਜ਼ ਦਾ ਭਗਵਾਕਰਨ ਅਤੇ ਰਾਜਨੀਤੀ ਕਰ ਰਹੀ ਹੈ ਅਤੇ ਹੁਣ ਉਨ੍ਹਾਂ ਨੇ ਸਾਡੀ ਝਾਕੀ ਨੂੰ ਰੱਦ ਕਰ ਦਿੱਤਾ ਹੈ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਅਸੀਂ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਪੰਜਾਬ ਦੇ ਸ਼ਹੀਦਾਂ ਦੇ ਜੀਵਨ ਅਤੇ ਇਤਿਹਾਸ ਨੂੰ ਦਰਸਾਉਂਦੀ ਝਾਕੀ ਤਿਆਰ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਇਸ ਨੂੰ ਰੱਦ ਕਰ ਦਿੱਤਾ।ਭਾਜਪਾ ਵੱਲੋਂ ਪੰਜਾਬ ਦੀ ਝਾਕੀ ਨੂੰ ਰੱਦ ਕਰਨ ਦਾ ਮਤਲਬ ਹੈ ਕਿ ਉਹ ਸਾਡੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਦੀ ਕਦਰ ਨਹੀਂ ਕਰਦੇ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਆਪਣੇ ਐਕਸ ਅਕਾਊਂਟ 'ਤੇ ਲਿਖਿਆ ਕਿ ਗਣਤੰਤਰ ਦਿਵਸ ਦੀ ਪਰੇਡ ਤੋਂ ਪੰਜਾਬ ਦੀ ਝਾਕੀ ਨੂੰ ਬਾਹਰ ਕੀਤੇ ਜਾਣ ਤੋਂ ਨਿਰਾਸ਼ ਹਾਂ। ਕੀ ਅਸੀਂ ਆਪਣੇ ਵੰਨ-ਸੁਵੰਨੇ ਇਤਿਹਾਸ ਦੀ ਵਿਰਾਸਤ ਨੂੰ ਮਿਟਾ ਰਹੇ ਹਾਂ? ਇਹ ਫੈਸਲਾ ਜਾਂਚ ਯੋਗ ਹੈ।ਕੀ ਹੁਣ ਸਾਡੇ ਵੀਰਾਂ ਦੀਆਂ ਕੁਰਬਾਨੀਆਂ ਨੂੰ ਪਰਛਾਵੇਂ ਵਿੱਚ ਛੱਡ ਕੇ ਇਹ ਚੋਣਵੇਂ ਬਿਰਤਾਂਤਾਂ ਦੀ ਪਰੇਡ ਹੈ ਬਣ ਗਈ ਹੈ।ਹਰਜੋਤ ਸਿੰਘ ਬੈਂਸ ਨੇ ਕਿਹਾ ਕਿ 121 ਆਜ਼ਾਦੀ ਘੁਲਾਟੀਆਂ ਵਿੱਚੋਂ 93 ਸਿੱਖ/ਪੰਜਾਬੀ ਸਨ, ਇਸੇ ਤਰ੍ਹਾਂ ਉਮਰ ਕੈਦ ਦੀ ਸਜ਼ਾ ਸੁਣਾਏ ਗਏ 2,646 ਆਜ਼ਾਦੀ ਘੁਲਾਟੀਆਂ ਵਿੱਚੋਂ 2,147 ਪੰਜਾਬੀ ਸਨ। 26 ਜਨਵਰੀ ਗਣਤੰਤਰ ਦਿਵਸ ਪਰੇਡ ਤੋਂ ਲਗਾਤਾਰ ਦੂਜੇ ਸਾਲ ਪੰਜਾਬ ਨੂੰ ਫਿਰ ਤੋਂ ਬਾਹਰ ਰੱਖਿਆ ਗਿਆ ਹੈ। ਲਾਲਚੰਦ ਕਟਾਰੂਚੱਕ ਨੇ ਕਿਹਾ ਕਿ ਭਗਤ ਸਿੰਘ, ਲਾਲਾ ਲਾਜਪਤ ਰਾਏ, ਊਧਮ ਸਿੰਘ, ਸੁਖਦੇਵ ਨੂੰ ਨਜ਼ਰਅੰਦਾਜ਼ ਕਰਕੇ ਭਾਜਪਾ ਆਪਣੀ ਝਾਕੀ ਦਾ ਪ੍ਰਦਰਸ਼ਨ ਕਰਨਾ ਚਾਹੁੰਦੀ ਹੈ। ਪੰਜਾਬ ਦੇ ਇਤਿਹਾਸ, ਸ਼ਹੀਦਾਂ ਅਤੇ ਔਰਤ ਸਸ਼ਕਤੀਕਰਨ ਨੂੰ ਦਰਸਾਉਂਦੀ ਪੰਜਾਬ ਦੀ ਝਾਕੀ ਨੂੰ ਕੇਂਦਰ ਸਰਕਾਰ ਨੇ ਮੁੜ ਰੱਦ ਕਰ ਦਿੱਤਾ ਜੋ ਕਿ ਬਹੁਤ ਮੰਦਭਾਗਾ ਹੈ। ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਸਾਡੇ ਦੇਸ਼ ਦੇ ਨਿਰਮਾਣ ਅਤੇ ਵਿਕਾਸ ਵਿੱਚ ਪੰਜਾਬ ਦਾ ਯੋਗਦਾਨ ਬਹੁਤ ਵੱਡਾ ਅਤੇ ਮਿਸਾਲੀ ਹੈ ਪਰ ਗਣਤੰਤਰ ਦਿਵਸ ਦੀ ਪਰੇਡ ਵਿੱਚੋਂ ਪੰਜਾਬ ਦੀ ਝਾਕੀ ਨੂੰ ਰੱਦ ਕਰਕੇ ਕੇਂਦਰ ਸਰਕਾਰ ਸਾਡੇ ਸੂਬੇ ਨਾਲ ਬੇਇਨਸਾਫ਼ੀ ਕਰ ਰਹੀ ਹੈ।ਕੇਂਦਰ ਦੇ ਇਸ ਕਦਮ ਦੀ ਆਲੋਚਨਾ ਕਰਦੇ ਹੋਏ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਨੂੰ ਗਣਤੰਤਰ ਦਿਵਸ ਪਰੇਡ 'ਚੋਂ ਬਾਹਰ ਕਰਨ ਦੇ ਫੈਸਲੇ ਤੋਂ ਬਹੁਤ ਨਿਰਾਸ਼ ਹਾਂ। ਪੰਜਾਬ, ਸਾਡੇ ਦੇਸ਼ ਦੀ ਖੇਤੀ ਖੁਸ਼ਹਾਲੀ ਦਾ ਨੀਂਹ ਪੱਥਰ, ਸਾਡੇ ਦੇਸ਼ ਦੀ ਏਕਤਾ ਦੀ ਭਾਵਨਾ ਨੂੰ ਮੂਰਤੀਮਾਨ ਕਰਦਾ ਹੈ। ਇਸ ਸਮਾਰੋਹ 'ਚ ਇਸ ਦੀ ਅਣਹੋਂਦ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪਰੇਡ ਵਿਚ ਪੰਜਾਬ ਦੀ ਝਾਕੀ ਦੀ ਇਜਾਜ਼ਤ ਨਾ ਦੇਣ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਵੀ ਬੇਨਤੀ ਕੀਤੀ।ਪੰਜਾਬ ਸਰਕਾਰ ਨੇ ਤਿੰਨ ਵਿਚਾਰ ਪੇਸ਼ ਕੀਤੇ ਸਨ, ਪੰਜਾਬ-ਕੁਰਬਾਨੀ ਅਤੇ ਸ਼ਹਾਦਤ ਦਾ ਇਤਿਹਾਸ, ਮਾਈ ਭਾਗੋ-ਸਿੱਖ ਧਰਮ ਦੀ ਪਹਿਲੀ ਮਹਿਲਾ ਯੋਧਾ (ਮਹਿਲਾ ਸਸ਼ਕਤੀਕਰਨ) ਅਤੇ ਪੰਜਾਬ ਦੀ ਅਮੀਰ ਵਿਰਾਸਤ। ਆਪ ਨੇ ਕਿਹਾ ਕਿ ਕੇਂਦਰ ਸਰਕਾਰ ਸਾਡੀ ਝਾਕੀ ਨੂੰ ਰੱਦ ਕਰਕੇ ਸੂਬੇ ਅਤੇ ਰਾਸ਼ਟਰ ਨਿਰਮਾਣ 'ਚ ਇਸ ਦੇ ਅਥਾਹ ਯੋਗਦਾਨ ਦਾ ਮਜ਼ਾਕ ਉਡਾ ਰਹੀ ਹੈ। ਮੁੱਖ ਮੰਤਰੀ ਮਾਨ ਨੇ ਵੀ ਐਲਾਨ ਕੀਤਾ ਹੈ ਕਿ ਪੰਜਾਬ ਦੀ ਝਾਕੀ ਨੂੰ ਕੇਂਦਰ ਦੁਆਰਾ ਰੱਦ ਕਰਨ 'ਤੇ ਰਾਜ ਦੇ ਗਣਤੰਤਰ ਦਿਵਸ ਸਮਾਗਮਾਂ ਵਿੱਚ ਪ੍ਰਦਰਸ਼ਿਤ ਕੀਤਾ ਜਾਵੇਗਾ।

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**- ਆਮ ਆਦਮੀ ਪਾਰਟੀ ਦੇ ਹਲਕਾ ਨਕੋਦਰ ਤੋਂ ਬਲਾਕ ਪ੍ਰਧਾਨ ਸੁਰਿੰਦਰ ਕੁਮਾਰ ਬੱਠਲਾ ਉੱਗੀ ਅਤੇ ਹੋਰ ਆਗੂਆਂ ਨੇ ਕਿਹਾ ਕਿ ਗਣਤੰਤਰ ਦਿਵਸ ਪਰੇਡ ਲਈ ਪੰਜਾਬ ਦੀ ਝਾਕੀ ਨੂੰ ਰੱਦ ਕਰਨਾ ਮੰਦਭਾਗਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੀਰ ਸਿੰਘ ਧੰਜਲ ਬਲਾਕ ਪ੍ਰਧਾਨ, ਬਲਦੇਵ ਰਾਜ ਸਹੋਤਾ ਸੀਨੀਅਰ ਆਗੂ ਆਮ ਆਦਮੀ ਪਾਰਟੀ ਨਕੋਦਰ, ਨਰਿੰਦਰ ਕੁਮਾਰ ਚੂਹੜ, ਕੁਲਦੀਪ ਸਿੰਘ ਕਾਗਣਾ ਬਲਾਕ ਪ੍ਰਧਾਨ, ਬੂਟਾ ਸਿੰਘ ਢੱਡਾ ਬਲਾਕ ਪ੍ਰਧਾਨ ਆਦਿ ਹਾਜ਼ਰ ਸਨ।

# ਸ਼ਹਿਰ ਦੇ ਮੇਨ ਬਜ਼ਾਰ 'ਚ ਰਾਹ ਜਾਂਦੇ ਵਪਾਰੀ ਦੀ ਗਰਦਨ 'ਤੇ ਦਾਤ ਰੱਖ ਲੁੱਟਿਆ

**ਫਿਲੌਰ (ਨਿਰਮਲ)**- ਬੀਤੀ ਸ਼ਾਮ ਫਿਲੌਰ ਦੇ ਮੇਨ ਬਾਜਾਰ ਵਿੱਚ ਤਿੰਨ ਹਥਿਆਰਬੰਦ ਨੌਜਵਾਨ ਇੱਕ ਕੱਪੜਾ ਵਪਾਰੀ ਪਵਨ ਰਹੇਜਾ ਪੁੱਤਰ ਸੋਹਣ ਲਾਲ ਵਾਸੀ ਫਿਲੌਰ ਪਾਸੋਂ ਦਾਤ ਦੀ ਨੋਕ 'ਤੇ 2100 ਦੀ ਨਕਦੀ, ਵਿਦੇਸ਼ੀ ਕਰੰਸੀ, ਕੰਨਾਂ ਦੀਆਂ ਸੋਨੇ ਦੀਆਂ ਵਾਲਿਆਂ, ਏਅਰ ਪੋਰਡ ਅਤੇ ਹੋਰ ਕੀਮਤੀ ਸਮਾਨ ਲੁੱਟ ਕੇ ਫਰਾਰ ਹੋ ਗਏ। ਪਵਨ ਰਹੇਜਾ ਨੇ ਦੱਸਿਆ ਕਿ ਉਹ ਜਲੰਧਰ ਤੋਂ ਰੇਲ ਗੱਡੀ ਰਾਹੀਂ ਘਰ ਵਾਪਸ ਆਇਆ ਤਾਂ ਮੇਨ ਬਜਾਰ ਵਿੱਚ ਐਂਟਰੀ ਕਰਦਿਆਂ ਹੀ ਤਿੰਨ ਹਥਿਆਰਬੰਦ ਨੌਜਵਾਨਾਂ ਨੇ ਉਸ ਦਾ ਪਿੱਛਾ ਕੀਤਾ ਅਤੇ ਥੋੜ੍ਹਾ ਅੱਗੇ ਜਾ ਕੇ ਉਸਦੀ ਗਰਦਨ 'ਤੇ ਦਾਤ ਰੱਖ ਕੇ ਲੁੱਟ ਕਰ ਲਈ ਅਤੇ ਮੋਬਾਈਲ ਫੋਨ ਪਹਿਲਾਂ ਖੋਹ ਕਰਨ ਤੋਂ ਬਾਅਦ ਵਾਪਸ ਕਰ ਦਿੱਤਾ। ਲਾਗੇ ਕੁੱਝ ਦੂਰੀ 'ਤੇ ਬੈਠਾ ਚੌਕੀਦਾਰ ਸਾਰੀ ਵਾਰਦਾਤ ਦੇਖ ਰਿਹਾ ਸੀ ਪਰ ਕੁਝ ਕਦਮ ਅੱਗੇ ਨਹੀਂ ਵਧੀਆ। ਇਹ ਸਾਰੀ ਵਾਰਦਾਤ ਉੱਥੇ ਇੱਕ ਦੁਕਾਨ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਪਵਨ ਨੇ ਦੱਸਿਆ ਕਿ ਹੱਦ ਤਾਂ ਉਦੋਂ ਹੋ ਗਈ ਜਦੋਂ ਆਪਣੇ ਨਾਲ ਹੋਈ ਲੁੱਟ ਸਬੰਧੀ ਥਾਣਾ ਫਿਲੌਰ ਵਿਚ ਦਰਖਾਸਤ ਦੇਣ ਪੁੱਜਾ ਤਾਂ ਉਥੇ ਮੌਜੂਦ ਕੁਝ ਪੁਲਸ ਮੁਲਾਜਮਾਂ ਨੇ ਉਸ ਨੂੰ ਹੀ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਕਹਿਣ ਲੱਗੇ ਕਿ ਤੁਸੀਂ ਲੇਟ ਨਾਇਟ ਬਜਾਰ ਵਿੱਚ ਕਿ ਕਰ ਰਹੇ ਸੀ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਭਰੋਸੇ ਰਹਿਣ ਦੀ ਬਜਾਏ 8 ਵਜਦੇ ਹੀ ਆਪਣੇ ਘਰਾਂ ਨੂੰ ਤਾਲਾਂ ਲਗਾ ਕੇ ਸੌ ਜਾਣ। ਜੇਕਰ ਬਾਹਰ ਜਾਣਾ ਹੈ ਤਾਂ ਆਪਣੀ ਸੁਰੱਖਿਆ ਲਈ 4-5 ਲੋਕ ਇਕੱਠੇ ਹੋ ਕੇ ਨਿਕਲਣ। ਫੋਨ ਰਾਹੀਂ ਥਾਣਾ ਮੁਖੀ ਫਿਲੌਰ ਨੀਰਜ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ, ਜਲਦ ਹੀ ਕਾਰਵਾਈ ਕਰ ਦਿੱਤੀ ਜਾਵੇਗੀ।

# ਆਟੋ ਰਿਕਸ਼ਾ ਨੇ ਕਾਰ ਤੇ ਰੇਹੜੀ ਨੂੰ ਮਾਰੀ ਟੱਕਰ



**ਫਿਲੌਰ (ਨਿਰਮਲ)**

ਫਿਲੌਰ ਮਈਆ ਭਗਵਾਨ ਜੀ ਦੇ ਦਰਬਾਰ ਦੇ ਕੋਲ ਇੱਕ ਆਟੋ ਰਿਕਸ਼ਾ ਅਤੇ ਕਾਰ ਦੀ ਆਪਸ ਵਿੱਚ ਟੱਕਰ ਹੋ ਗਈ । ਕਾਰ ਚਾਲਕ ਨੇ ਦੱਸਿਆ ਕਿ ਉਹ ਆਪਣੀ ਕਾਰ ਹੌਲੀ ਕਰਕੇ ਇਸ ਮੋੜ ਤੋਂ ਮੋੜ ਰਿਹਾ ਸੀ ਪਿੱਛੋਂ ਦੀ ਇੱਕ ਆਟੋ ਨੇ ਉਸ ਨੂੰ ਸਾਈਡ ਤੋਂ ਟੱਕਰ ਮਾਰ ਦਿੱਤੀ ਜਿਸ ਦੇ ਨਾਲ ਉਸ ਦੀ ਕਾਰ ਦਾ ਕਾਫੀ ਨੁਕਸਾਨ ਹੋ ਗਿਆ ਤੇ ਉੱਥੇ ਹੀ ਕੋਲ ਖੜੀ ਰੇੜੀ ਵਿੱਚ ਆਟੋ ਜਾ ਵੱਜਾ ਜਿਸ ਦੇ ਵੱਜਣ ਨਾਲ ਰੇੜੀ ਪਲਟ ਗਈ ਅਤੇ ਉਸ ਦਾ ਸਾਰਾ ਸਮਾਨ ਬਿਖਰ ਗਿਆ। ਉਸਦਾ ਪਰਵਾਰ ਵੀ ਕਾਰ ਵਿੱਚ ਸਵਾਰ ਸੀ ਜਿਨਾਂ ਦੇ ਕੋਈ ਸੱਟ ਨਹੀਂ ਲੱਗੀ ਪਰ ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ। ਆਟੋ ਚਾਲਕ ਨੇ ਕਿਹਾ ਕਿ ਮੇਰੀ ਗਲਤੀ ਹੈ ਮੇਰੇ ਤੋਂ ਆਟੋ ਕੰਟਰੋਲ ਨਹੀਂ ਹੋਇਆ ਜਿਸ ਨਾਲ ਇਹ ਗੱਡੀ ਵਿੱਚ ਜਾ ਵੱਜਾ ਤੇ ਮੇਰੇ ਲੱਕ 'ਤੇ ਸੱਟ ਲੱਗੀ ਹੈ । ਥਾਣਾ ਫਿਲੌਰ ਤੋਂ ਏਐਸਆਈ ਜੈ ਗੋਪਾਲ ਉਥੇ ਪਹੁੰਚੇ ਅਤੇ ਐਕਸੀਡੈਂਟ ਹੋਏ ਵਾਹਨਾਂ ਨੂੰ ਥਾਣੇ ਲੈ ਕੇ ਚਲੇ ਗਏ।

# ਓਪਨ ਜਿੰਮ ਲਈ ਇੱਕ ਲੱਖ ਰੁਪਏ ਦਾ ਚੈੱਕ ਭੇਟ



**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਕਦਮ ਪੁੱਟਦਿਆਂ ਪਿੰਡ ਅਦੋਆਨਾ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ 1 ਲੱਖ ਰੁਪਏ ਦਾ ਚੈੱਕ ਓਪਨ ਜਿੰਮ ਲਈ ਪੰਚਾਇਤ ਨੂੰ ਭੇਂਟ ਕੀਤਾ।ਜਲਾਲਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਉਨ੍ਹਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਹੋਰ ਵੀ ਕਈ ਉਪਰਾਲੇ ਸ਼ੁਰੂ ਕੀਤੇ ਜਾਣਗੇ।ਇਸ ਮੌਕੇ ਹਾਜ਼ਰ ਪੰਚਾਇਤ ਮੈਂਬਰਾਂ ਵੱਲੋਂ ਪਿੰਡ ਦੇ ਸਰਪੰਚ ਸੁਰਜੀਤ ਭਾਟੀਆ ਨੇ ਭਗਵਾਨ ਸਿੰਘ ਮਾਨ ਅਤੇ ਸਤਨਾਮ ਜਲਾਲਪੁਰ ਦਾ ਧੰਨਵਾਦ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਪੰਜਾਬ ਦੇ ਲੱਖਾਂ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡ ਮੈਦਾਨ ਨਾਲ ਜੁੜਨਗੇ।ਇਸ ਮੌਕੇ ਸਰਪੰਚ ਸੁਰਜੀਤ ਭਾਟੀਆ, ਸਮਾਜ ਸੇਵੀ ਰਾਹੁਲ ਆਦੋਆਨਾ, ਮਨੋਹਰ ਲਾਲ, ਹੁਸਨ ਲਾਲ ਰੋਸ਼ਨ ਲਾਲ, ਪਾਲ ਬਾਗੜੀ, ਮਨੋਹਰ ਕੋਹਲੀ, ਪ੍ਰੇਮ ਚੰਦ, ਮਥੁਰਾ ਦਾਸ, ਰਮੇਸ਼ ਭਗਤ, ਪਰਮਾਨੰਦ, ਮੇਲਾ ਰਾਮ, ਬਾਰੂ ਰਾਮ ਅਤੇ ਪਿੰਡ ਵਾਸੀ ਹਾਜ਼ਰ ਸਨ।

# ਫ੍ਰੀ ਅੱਖਾਂ ਤੇ ਮੈਡੀਕਲ ਚੈੱਕਅੱਪ ਕੈਂਪ 'ਚ 350 ਮਰੀਜ਼ਾਂ ਨੇ ਕੀਤਾ ਲਾਭ ਪ੍ਰਾਪਤ

**ਬਹਿਰਾਮ (ਅਵਤਾਰ ਕਲੇਰ)**

ਐਨ. ਆਰ. ਆਈ. ਵੀਰਾਂ ਅਤੇ ਦਸਵੰਧ ਨੌਜਵਾਨ ਸਭਾ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਛੋਟੇ ਸ਼ਾਹਿਬਜ਼ਾਦਿਆਂ ਨੂੰ ਸਮਰਪਿਤ 12ਵਾਂ ਫ੍ਰੀ ਅੱਖਾਂ ਦਾ ਚੈਕਅੱਪ ਕੈਂਪ ਅਤੇ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਪਿੰਡ ਚੱਕ ਸਿੰਘਾਂ ਵਿਖੇ ਲਗਾਇਆ ਗਿਆ ਜਿਸ ਦਾ ਲੋੜਵੰਦ 350 ਤੋਂ ਵੱਧ ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ ।ਇਸ ਮੌਕੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਇਸ ਨੇਕ ਕਾਰਜ ਲਈ ਐਨ ਆਰ ਆਈ ਵੀਰਾਂ, ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ ਸਮੂਹ ਪ੍ਰਬੰਧਕ ਟਰੱਸਟ ਵੱਲੋਂ ਕੀਤੇ ਉੱਦਮਾਂ ਦੀ ਭਾਰੀ ਸ਼ਲਾਘਾ ਕੀਤੀ । ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਇਲਾਕੇ ਦੇ ਲੋੜਵੰਦਾਂ ਨੂੰ ਵਧੀਆ ਮੈਡੀਕਲ ਇਲਾਜ ਸੇਵਾਵਾਂ ਫ੍ਰੀ ਮੈਡੀਕਲ ਕੈਂਪਾਂ ਰਾਹੀਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਅੱਖਾਂ ਦੇ ਫ੍ਰੀ ਚੈੱਕਅੱਪ ਕੈਂਪ ਅਤੇ ਮੈਡੀਕਲ ਚੈੱਕਅੱਪ ਕੈਂਪ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਡਾ. ਟੀ ਅਗਰਵਾਲ, ਡਾ ਆਰ ਕੇ ਅਮਨਦੀਪ, ਡਾ. ਕੁਲਦੀਪ ਸਿੰਘ, ਡਾ.ਨਵਦੀਪ ਕੌਰ ਅਤੇ ਅਪਥੈਲਮਿਕ ਅਫਸਰ ਦਲਜੀਤ ਕੌਰ ਵੱਲੋਂ ਕੈਂਪ ਵਿਚ ਆਏ 350 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕੀਤਾ । ਕੈਂਪ ਮਰੀਜ਼ਾਂ ਨੂੰ ਫ੍ਰੀ ਦਵਾਈਆਂ ਅਤੇ ਫ੍ਰੀ ਐਨਕਾਂ ਪ੍ਰਦਾਨ ਕੀਤੀਆਂ ਗਈਆਂ। ਮਰੀਜ਼ਾਂ ਦੇ ਸ਼ੂਗਰ ਟੈਸਟ ਵੀ ਹਸਪਤਾਲ ਦੇ ਲੈਬ ਕਰਮਚਾਰੀਆਂ ਵੱਲੋਂ ਕੀਤੇ ਗਏ ।ਇਸ ਮੌਕੇ ਅਵਤਾਰ ਸਿੰਘ ਘੁੰਮਣ ਕੈਨੇਡਾ, ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਬਾਬਾ ਦਵਿੰਦਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ, ਦਰਸ਼ਨ ਸਿੰਘ ਮਾਹਿਲ ਕੈਨੇਡਾ, ਜਗਜੀਤ ਸਿੰਘ ਸੋਢੀ ਪ੍ਰਬੰਧਕ ਮੈਂਬਰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਜਥੇਦਾਰ ਇਕਬਾਲ ਸਿੰਘ ਖੇੜਾ, ਚੌਧਰੀ ਮੋਹਣ ਲਾਲ ਸਾਬਕਾ ਐਮ ਐਲ ਏ, ਜਥੇਦਾਰ ਜਤਿੰਦਰ ਸਿੰਘ ਲਾਲੀ ਬਾਜਵਾ, ਭਾਈ ਸਤਨਾਮ ਸਿੰਘ ਘੁੰਮਣ, ਭਾਈ ਕਸ਼ਮੀਰ ਸਿੰਘ, ਸਰਪੰਚ ਕੁਲਦੀਪ ਸਿੰਘ, ਹਰਦੀਪ ਸਿੰਘ ਲੱਕੀ, ਰਾਜਿੰਦਰ ਸਿੰਘ, ਗੁਰਪ੍ਰਤਾਪ ਸਿੰਘ ਘੁੰਮਣ ਕੈਨੇਡਾ, ਰਿੰਕੂ ਬੇਦੀ, ਨਰਿੰਦਰ ਸਿੰਘ ਹੀਰ ਤੋਂ ਇਲਾਵਾ ਸਮੂਹ ਮੈਂਬਰ ਦਸਵੰਧ ਨੌਜਵਾਨ ਸਭਾ ਪਿੰਡ ਚੱਕ ਸਿੰਘਾਂ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ ।ਇਸ ਮੌਕੇ ਗੁਰੂ ਲੰਗਰ ਵੀ ਅਤੁੱਟ ਵਰਤਾਇਆ ਗਿਆ ।





# 'ਸਰਕਾਰ ਤੁਹਾਡੇ ਦੁਆਰ' ਕੈਂਪ ਲਗਾਉਣ 'ਤੇ ਧੰਨਵਾਦ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਰਪੰਚ ਪਿੰਡ ਚੂਹੜ ਦੇ ਰਜਨੀਸ਼ ਗੌਤਮ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਸਰਕਾਰ ਹੁਣ ਪਿੰਡਾਂ ਦੀਆਂ ਸੱਥਾਂ ਤੋਂ ਚੱਲਿਆ ਕਰੇਗੀ, ਅਫ਼ਸਰ ਆਮ ਲੋਕਾਂ ਦੇ ਕੰਮਾਂ ਲਈ ਪਿੰਡ ਪਿੰਡ ਆਉਣਗੇ, ਜਿਸ 'ਚ ਆਮ ਲੋਕਾਂ, ਅਫ਼ਸਰਸ਼ਾਹੀ ਅਤੇ ਸਰਕਾਰ 'ਚ ਵਧੀਆ ਮੇਲ ਜੋਲ ਬਣਿਆ ਰਹੇਗਾ। ਇਹ ਗੱਲ ਅੱਜ ਸੱਚ ਹੋ ਗਈ, ਜਦੋਂ ਪਿੰਡ ਉੱਗੀ ਦੀ ਦਾਣਾ ਮੰਡੀ ਵਿੱਚ ਪੰਜਾਬ ਸਰਕਾਰ ਦੇ ਸਰਕਾਰ ਤੁਹਾਡੇ ਦੁਆਰ ਕੈਂਪ ਦੌਰਾਨ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ, ਜਿਸ ਵਿੱਚ ਨਕੋਦਰ ਦੇ ਪੁਲਸ, ਪ੍ਰਸ਼ਾਸਨ ਅਤੇ ਅਲੱਗ-ਅਲੱਗ ਮਹਿਕਮਿਆਂ ਦੇ ਸਾਰੇ ਅਧਿਕਾਰੀ ਮੌਜੂਦ ਰਹੇ ਜਿਹਨਾਂ ਆਮ ਜਨਤਾ ਦੇ ਰੁਕੇ ਹੋਏ ਕੰਮ ਤੁਰੰਤ ਮੌਕੇ 'ਤੇ ਕੀਤੇ।

# ਦੁੱਧ ਦਾ ਲੰਗਰ ਲਗਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਵਿਚ ਮੋਤੀ ਰਾਮ ਮਹਿਰਾ ਦੀ ਯਾਦ ਵਿਚ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਲੰਗਰ ਦੀ ਸੇਵਾ ਧਰਮਿੰਦਰ ਕੁਮਾਰ ਮਹਿਰਾ ਦੇ ਪਰਿਵਾਰ ਅਤੇ ਸੰਗਤ ਵੱਲੋਂ ਕੀਤੀ ਗਈ। ਇਸ ਮੌਕੇ ਪਰਵਾਰ ਵੱਲੋਂ ਦੱਸਿਆ ਗਿਆ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੇ ਬਦਲੇ ਬਾਬਾ ਮੋਤੀ ਰਾਮ ਦੇ ਪਰਵਾਰ ਨੂੰ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਅੱਜ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਬੌਬੀ ਮਹਿਰਾ, ਸਨੀ ਮਹਿਰਾ, ਹਰਸ਼ ਗਹੀਰ, ਕਰਨ ਮਹਿਰਾ, ਗਨੇਸ਼, ਕਾਕਾ, ਬਿੱਟੂ ਕੁਮਾਰ, ਸ਼ਿਵ ਕੁਮਾਰ ਆਦਿ ਨੇ ਲੰਗਰ ਵਿਚ ਆਪਣਾ ਯੋਗਦਾਨ ਪਾਇਆ।

# ਦੁੱਧ ਤੇ ਬਿਸਕੁਟਾਂ ਦਾ ਲੰਗਰ ਲਗਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਮੋਤੀ ਰਾਮ ਮਹਿਰਾ, ਮਾਤਾ ਗੁਜਰੀ ਜੀ,ਚਾਰ ਸਾਹਿਬਜ਼ਾਦਿਆਂ ਅਤੇ ਸਮੂਹ ਸਿੰਘਾਂ, ਸਿੰਘਣੀਆਂ ਦੀਆਂ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਯੂਥ ਵੈਲਫੇਅਰ ਕਲੱਬ (ਰਜਿ) ਭੋਗਪੁਰ ਵੱਲੋਂ ਸੈਣੀ ਫਿਲਿੰਗ ਸਟੇਸ਼ਨ ਭੋਗਪੁਰ 'ਤੇ ਦੁੱਧ, ਬਿਸਕੁਟਾਂ ਦਾ ਲੰਗਰ ਲਗਾਇਆ ਗਿਆ।ਮੈਨੇਜਰ ਕੁਲਦੀਪ ਸਿੰਘ ਤੇ ਪੰਪ ਮਾਲਿਕ ਗੁਰਵਿੰਦਰ ਸਿੰਘ ਨੇ ਕਿਹਾ ਕਿ ਮਾਤਾ ਗੁਜਰੀ ਜੀ, ਦਸਮ ਪਿਤਾ ਜੀ ਦੇ ਚਾਰੇ ਸਾਹਿਬਜ਼ਾਦਿਆਂ ਅਤੇ ਸਮੂਹ ਸਿੰਘਾਂ ਸਿੰਘਣੀਆਂ ਨੇ ਧਰਮ ਦੀ ਆਨ-ਬਾਨ-ਸ਼ਾਨ ਨੂੰ ਬਰਕਰਾਰ ਰੱਖਣ ਲਈ ਆਪਣੀਆਂ ਜ਼ਿੰਦਗੀਆਂ ਕੁਰਬਾਨ ਕੀਤੀਆਂ।। ਇਹਨਾਂ ਲਾਸਾਨੀ ਸ਼ਹਾਦਤਾਂ ਨੂੰ ਯਾਦ ਰੱਖਦੇ ਹੋਏ ਨੌਜਵਾਨ ਪੀੜੀ ਨੂੰ ਜਬਰ ਤੇ ਜ਼ੁਲਮ ਦੇ ਖਿਲਾਫ ਹਮੇਸ਼ਾ ਡਟੇ ਰਹਿਣ ਦੀ ਸੇਧ ਲੈਣੀ ਚਾਹੀਦੀ ਹੈ।ਇਸ ਮੌਕੇ ਇੰਦਰਜੀਤ ਸਿੰਘ, ਗੁਰਪ੍ਰੀਤ ਸਿੰਘ, ਕੁਲਦੀਪ ਸਿੰਘ, ਰਮਨ, ਹਰਦੀਪ ਸਿੰਘ, ਰੁਪਿੰਦਰ ਸਿੰਘ, ਅਮਨ, ਕੋਮਲਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਆਕਾਸ਼, ਗੁਰਵਿੰਦਰ ਸਿੰਘ, ਸੁਖਜਿੰਦਰ ਸਿੰਘ ਆਦਿ ਹਾਜ਼ਰ ਸਨ।

# ਰਾਸ਼ਟਰੀ ਬਾਲ ਸੁਰੱਖਿਆ ਕਮਿਸ਼ਨ ਦੇ ਚੇਅਰਮੈਨ ਨੇ ਵੱਖ-ਵੱਖ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਰਾਸ਼ਟਰੀ ਬਾਲ ਅਧਿਕਾਰ ਰੱਖਿਆ ਕਮਿਸ਼ਨ, ਨਵੀਂ ਦਿੱਲੀ ਦੇ ਚੇਅਰਮੈਨ ਪ੍ਰਿਯੰਕ ਕੰਨਗੂ ਨੇ ਪੰਜਾਬ ਦੇ ਵੱਖ ਵੱਖ ਵਿਭਾਗ ਦੇ ਅਧਿਕਾਰੀਆਂ ਨਾਲ ਬੱਚਿਆਂ ਦੇ ਅਧਿਕਾਰਾਂ ਨਾਲ ਸਬੰਧਤ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਵੱਖ-ਵੱਖ ਸਕੀਮਾਂ ਦੀ ਸਮੀਖਿਆ ਲਈ ਮੀਟਿੰਗ ਕੀਤੀ। ਪੰਜਾਬ ਭਵਨ ਵਿਖੇ ਮੀਟਿੰਗ ਦੌਰਾਨ ਵਿਸ਼ੇਸ਼ ਮੁੱਖ ਸਕੱਤਰ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਸ੍ਰੀਮਤੀ ਰਾਜੀ ਪੀ ਸ੍ਰੀਵਾਸਤਵਾ, ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਟੀ, ਸਕੱਤਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਵਿਸੇਸ ਸਕੱਤਰ ਪੰਜਾਬ ਏਡਜ ਕੰਟਰੋਲ ਸੁਸਾਇਟੀ, ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ, ਸਕੂਲ ਸਿੱਖਿਆ ਵਿਭਾਗ, ਪ੍ਰਸ਼ਾਸਨਿਕ ਸੁਧਾਰ ਤੇ ਲੋਕ ਸ਼ਿਕਾਇਤਾਂ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਿਹਤ ਅਤੇ ਪਰਵਾਰ ਭਲਾਈ ਵਿਭਾਗ, ਸਥਾਨਕ ਸਰਕਾਰਾਂ ਵਿਭਾਗ, ਨੈਸਨਲ ਹੈਲਥ ਮਿਸਨ, ਫੂਡ ਐਂਡ ਡਰੱਗਜ ਐਡਮਿਨਸਟ੍ਰੇਸ਼ਨ ਕਿਰਤ ਵਿਭਾਗ ਦੇ ਅਧਿਕਾਰੀਆਂ ਤੋਂ ਬੱਚਿਆਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਸਬੰਧੀ ਵੱਖ ਵੱਖ ਸਕੀਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਕਮਿਸ਼ਨ ਬਾਲ ਅਧਿਕਾਰਾਂ ਨੂੰ ਨੁਕਸਾਨ ਅਤੇ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ, ਬਾਲ ਸੁਰੱਖਿਆ ਅਤੇ ਵਿਕਾਸ ਹਿਤ ਬਣੇ ਕਾਨੂੰਨਾਂ ਤੇ ਅਮਲ ਨਾ ਕਰਨਾ, ਨੀਤੀ, ਦਿਸ਼ਾ ਨਿਰਦੇਸ਼ਾਂ ਦਾ ਪਾਲਣ ਨਾ ਕਰਨ ਸਬੰਧੀ ਸ਼ਿਕਾਇਤਾਂ ਦੇ ਨਾਲ-ਨਾਲ ਖੁਦ ਮਾਮਲੇ ਦੀ ਪੜਤਾਲ ਕਰਨ ਹਿਤ ਸਿਵਲ ਕੋਰਟ ਦੇ ਅਧਿਕਾਰ ਰੱਖਦਾ ਹੈ। ਬੱਚਿਆਂ ਨਾਲ ਸਬੰਧਤ ਵੱਖ-ਵੱਖ ਕਾਨੂੰਨਾਂ ਅਤੇ ਵਿਧਾਨ ਸਭਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਜਿਵੇਂ ਕਿ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ, 2012, ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2015 ਅਤੇ ਮੁਫਤ ਅਤੇ ਲਾਜਮੀ ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਐਕਟ, 2005 ਅਤੇ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਹੈ। ਚੇਅਰਮੈਨ ਨੇ ਕਿਹਾ ਕਿ ਬਾਲ ਅਧਿਕਾਰਾਂ ਦੀ ਸੁਰੱਖਿਆ ਹਿਤ ਕਿਸੇ ਵੀ ਕਾਨੂੰਨ ਦੁਆਰਾ ਜਾਂ ਕਾਨੂੰਨ ਦੇ ਅਧੀਨ ਮੌਜੂਦਾ ਸਮੇਂ ਵਿਚ ਲਾਗੂ ਸੁਰੱਖਿਆ ਦੀ ਜਾਂਚ ਅਤੇ ਸਮੀਖਿਆ ਅਤੇ ਇਨ੍ਹਾਂ ਦੇ ਪ੍ਰਭਾਵ ਲਾਗੂ ਕੀਤੇ ਜਾਣ। ਇਸ ਸੁਰੱਖਿਆ ਦੀ ਕਾਰਜ ਸ਼ੈਲੀ ਤੇ ਸਾਲਾਨਾ ਅਤੇ ਅਜਿਹੀਆਂ ਹੋਰ ਅਵਧੀਆਂ ਤੇ, ਕਮਿਸਨ ਨੂੰ ਰਿਪੋਟ ਭੇਜਣ ਲਈ ਕਿਹਾ। ਉਨ੍ਹਾਂ ਕਿਹਾ ਕਿ ਬਾਲ ਅਧਿਕਾਰਾਂ ਦੀ ਉਲੰਘਣਾ ਦੀ ਪੜਤਾਲ ਕਰਨਾ ਅਤੇ ਅਜਿਹੇ ਮਾਮਲਿਆਂ ਵਿਚ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਧਿਆਨ ਅਤੇ ਸੁਰੱਖਿਆ ਦੀ ਲੋੜ ਵਾਲੇ ਬੱਚਿਆਂ, ਜਿਨ੍ਹਾਂ ਵਿਚ ਕਮਜੋਰ ਸਥਿਤੀ ਵਿੱਚ ਰਹਿ ਰਹੇ ਬੱਚੇ, ਹਾਸ਼ੀਏ ਤੇ ਜਾਂ ਲਾਭ ਵਿਹੂਣੇ ਬੱਚੇ, ਕਾਨੂੰਨੀ ਵਿਵਾਦ ਵਿੱਚ ਉਲਝੇ ਬੱਚੇ, ਕਿਸ਼ੋਰ, ਬਿਨਾਂ ਪਰਵਾਰ ਦੇ ਬੱਚੇ ਅਤੇ ਕੈਦੀਆਂ ਦੇ ਬੱਚੇ ਸ਼ਾਮਲ ਹਨ, ਨਾਲ ਸਬੰਧਤ ਮਾਮਲਿਆਂ ਨੂੰ ਦੇਖਣਾ ਅਤੇ ਉਚਿਤ ਸਮਾਧਾਨ ਕਰਨ ਦੀ ਜਰੂਰਤ ਹੈ। ਬਾਲ ਅਧਿਕਾਰਾਂ ਤੇ ਮੌਜੂਦਾ ਨੀਤੀਆਂ, ਪ੍ਰੋਗਰਾਮਾਂ ਅਤੇ ਹੋਰ ਗਤੀਵਿਧੀਆਂ ਦੀ ਸਮੇਂ-ਸਮੇਂ ਸਿਰ ਸਮੀਖਿਆ ਕਰਨਾ ਅਤੇ ਬੱਚਿਆਂ ਦੇ ਉੱਤਮ ਹਿਤ ਵਿਚ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਲਾਗੂ ਕਰਨਾ ਜਰੂਰੀ ਹੈ। ਇਸ ਮੌਕੇ ਪੰਜਾਬ ਰਾਜ ਬਾਲ ਅਧਿਕਾਰ ਕਮਿਸਨ ਦੇ ਚੇਅਰਮੈਨ ਕੰਵਰਦੀਪ ਸਿੰਘ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਡਾ. ਸੇਨਾ ਅਗਰਵਾਲ, ਡਿਪਟੀ ਡਾਇਰੈਕਟਰ ਅਮਰਜੀਤ ਸਿੰਘ ਭੁੱਲਰ ਅਤੇ ਰਾਜਵਿੰਦਰ ਸਿੰਘ ਗਿੱਲ ਹਾਜਰ ਸਨ।

# 100 ਪ੍ਰਤੀਸ਼ਤ ਟੀਕਾਕਰਨ ਯਕੀਨੀ ਬਣਾਇਆ ਜਾਵੇ : ਡਾ. ਦਲਜੀਤ ਕੌਰ

**ਭਲਾਣ, (ਹਰਭਜਨ ਢਿੱਲੋਂ)**-ਡਾ. ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ ਦਲਜੀਤ ਕੌਰ ਦੀ ਅਗਵਾਈ ਹੇਠ ਪੀ.ਐਚ.ਸੀ ਕੀਰਤਪੁਰ ਸਾਹਿਬ ਅਧੀਨ ਵੱਖ ਵੱਖ ਹੈਲਥ ਐਂਡ ਵੈਲਨੈਸ ਸੈਂਟਰਾਂ ਤੇ ਮਮਤਾ ਦਿਵਸ ਮਨਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਡਾ. ਦਲਜੀਤ ਕੌਰ ਨੇ ਮਮਤਾ ਦਿਵਸ ਦੇ ਦੌਰੇ ਦੌਰਾਨ ਕਿਹਾ ਕਿ ਬੱਚਿਆਂ ਤੇ ਗਰਭਵਤੀ ਮਾਵਾਂ ਦਾ 100 ਪ੍ਰਤੀਸ਼ਤ ਟੀਕਾਕਰਨ ਯਕੀਨੀ ਬਣਾਇਆ ਜਾਵੇ ਅਤੇ ਯੂਵੀਨ ਰਾਹੀਂ ਕੀਤੇ ਜਾ ਰਹੇ ਕੰਮ ਦੀ ਵੀ ਸਮੀਖਿਆ ਕੀਤੀ ਅਤੇ ਸਟਾਫ ਨੂੰ ਲਾਭਪਾਤਰੀਆਂ ਦਾ ਟੀਕਾਕਰਨ ਦਾ ਕੰਮ ਆਨਲਾਈਨ ਕਰਨ ਲਈ ਵੀ ਹਦਾਇਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਟੀਕਾਕਰਨ ਬੱਚਿਆ ਅਤੇ ਮਾਵਾਂ ਦੀ ਸਿਹਤ ਲਈ ਬਹੁਤ ਲਾਹੇਵੰਦ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਲਾਭਪਾਤਰੀ ਟੀਕਾਕਰਨ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਵਿਸ਼ੇਸ਼ ਕੈਂਪ ਰਾਹੀਂ ਟੀਕਾਕਰਨ ਪੂਰਨ ਕੀਤਾ ਜਾਵੇ। ਉਨ੍ਹਾਂ ਨੇ ਆਮ ਲੋਕਾਂ ਨੂੰ ਵੀ ਸਲਾਹ ਦਿੱਤੀ ਹੈ ਕਿ ਉਹ ਆਪਣੇ ਬੱਚਿਆਂ ਦਾ ਪੂਰਾ ਟੀਕਾਕਰਨ ਕਰਵਾਉਣ।



# ਵਿਦਿਆਰਥਣਾਂ ਦੀ ਇੰਡਸਟਰੀ ਵਿਜ਼ਿਟ ਤੇ ਗੈਸਟ ਲੈਕਚਰ

**ਭਲਾਣ, (ਹਰਭਜਨ ਢਿੱਲੋਂ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ ਵਲੋਂ ਵਿਸ਼ਾ ਅਧਿਆਪਕਾ ਸ੍ਰੀਮਤੀ ਅਨੁਰਾਧਾ ਪਾਠਕ ਵੋਕੇਸ਼ਨਲ ਟਰੇਨਰ ਦੀ ਅਗਵਾਈ ਹੇਠ ਸਕੂਲ ਅਮੇਜ਼ਜ਼ੰਗ ਫੇਸ ਦੀ ਇੰਡਸਟਰੀ ਵਿਜ਼ਿਟ ਆਯੋਜਿਤ ਕੀਤੀ ਗਈ।ਇਸ ਵਿਜ਼ਿਟ ਦੌਰਾਨ ਵਿਦਿਆਰਥਣਾਂ ਵਲੋਂ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਕਿਰਿਆਵਾਂ ਸਬੰਧੀ ਜਾਣਕਾਰੀ ਹਾਸਲ ਕੀਤੀ ਗਈ।ਅਮੇਜ਼ਿੰਗ ਫੇਸ ਦੇ ਮਾਲਕ ਮਨਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਕਿਰਿਆਵਾਂ ਰਾਹੀਂ ਚਾਨਣਾ ਪਾਇਆ।ਇਸ ਤੋਂ ਇਲਾਵਾ ਸਕੂਲ ਵਿਖੇ ਗੈਸਟ ਲੈਕਚਰ ਰਾਹੀਂ ਵਿਦਿਆਰਥੀਆਂ ਨੂੰ ਵਿਸ਼ੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਕਾਰਜਕਾਰੀ ਪ੍ਰਿੰਸੀਪਲ ਪ੍ਰੇਮ ਕੁਮਾਰ ਧੀਮਾਨ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਪੰਜਾਬੀ ਲੇਖਕ ਅਮਰੀਕ ਸਿੰਘ ਦਿਆਲ, ਗੁਰਵਿੰਦਰ ਸਿੰਘ,ਅੰਜਨਾ ਕੁਮਾਰੀ ਸਪਨਾ ਰਾਣਾ, ਪ੍ਰਿਅੰਕਾ ਐਰੀ,ਬਲਵਿੰਦਰ ਕੌਰ,ਰਜੇਸ਼ ਰਾਣਾ,ਮੀਤਕ ਸ਼ਰਮਾ,ਅਰਵਿੰਦ ਸ਼ਰਮਾ ਸਮੂਹ ਐਸਐਮਸੀ ਕਮੇਟੀ ਦੇ ਮੈਂਬਰ ਹਾਜ਼ਰ ਸਨ।



# ਸਿੱਧੂ ਪਰਵਾਰ ਵੱਲੋਂ ਸੂਮਹਿਕ ਵਿਆਹ ਸਮਾਗਮ 31 ਨੂੰ

**ਸ਼ਾਹਕੋਟ (ਗਿਆਨ ਸੈਦਪੁਰੀ)**—ਦਰਬਾਰ ਸਯੱਦ ਪੀਰ ਸੈਦਰਾਣਾ ਅਤੇ ਦਰਬਾਰ ਬਾਬਾ ਮਸਤ ਰਾਮ ਲਾਲ ਸੈਦਪੁਰ ਝਿੜੀ ਵਿਖੇ 31 ਦਸੰਬਰ ਦਿਨ ਐਤਵਾਰ ਨੂੰ ਭੂਸ਼ਣ ਸਿੱਧੂ, ਵਿਜੈ ਸਿੱਧੂ ਯੂ.ਕੇ, ਬਿੱਟੂ ਸਿੱਧੂ ਯੂ.ਕੇ. ਅਤੇ ਸਿੱਧੂ ਪਰਵਾਰ ਵੱਲੋਂ ਸੱਤ ਲੋੜਵੰਦ ਪਰਵਾਰਾਂ ਦੇ ਬੱਚਿਆਂ ਦਾ ਸਮੂਹਿਕ ਵਿਆਹ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭੂਸ਼ਣ ਸਿੱਧੂ ਨੇ ਦੱਸਿਆ ਕਿ ਵਿਆਹ ਸਮਾਗਮ ਦੌਰਾਨ ਪੰਜਾਬ ਦੀ ਪ੍ਰਸਿੱਧ ਦੋਗਾਣਾ ਜੋੜੀ ਬਲਕਾਰ ਅਣਖੀਲਾ ਤੇ ਬੀਬਾ ਮਨਜਿੰਦਰ ਗੁਲਸ਼ਨ ਅਤੇ ਪੰਜਾਬ ਦੇ ਹੋਰ ਪ੍ਰਸਿੱਧ ਕਲਾਕਾਰ ਸੱਭਿਆਚਾਰਿਕ ਪ੍ਰੋਗਰਾਮ ਪੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਦਰਬਾਰ ਬਾਬਾ ਮਸਤ ਰਾਮ ਲਾਲ ਦੇ ਮੁੱਖ ਸੇਵਾਦਾਰ ਸੱਚਖੰਡ ਵਾਸੀ ਸਾਂਈ ਮਹਿੰਦਰ ਸ਼ਾਹ ਦੀ ਯਾਦ ਨੂੰ ਸਮਰਪਿਤ 31 ਦੀ ਰਾਤ ਨੂੰ ਮਹਿਫਲ- ਏ- ਕਵਾਲ ਵੀ ਕਰਵਾਈ ਜਾ ਰਹੀ ਹੈ। ਜਿਸ ਵਿੱਚ ਹਿੰਦੋਸਤਾਨ ਦੇ ਪ੍ਰਸਿੱਧ ਕਾਵੱਲ ਸਰਦਾਰ ਅਲੀ ਮਲੇਰ ਕੋਟਲਾ ਵਾਲੇ ਅਤੇ ਹੋਰ ਪ੍ਰਸਿੱਧ ਕਾਵੱਲ ਸੂਫੀ ਪ੍ਰੋਗਰਾਮ ਪੇਸ਼ ਕਰਨਗੇ।

# ਪੰਡਤ ਭੜੋਲੀਆਂ ਦੀ 49ਵੀਂ ਬਰਸੀ ਮਨਾਉਣ ਲਈ ਕੀਤਾ ਫੰਡ ਇਕੱਠਾ



**ਨੰਗਲ (ਸੁਰਜੀਤ ਸਿੰਘ ਢੇਰ)**

ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਜ਼ਿਲ੍ਹਾ ਕਮੇਟੀ ਰੋਪੜ ਵੱਲੋਂ 7 ਜਨਵਰੀ ਦਿਨ ਐਤਵਾਰ ਨੂੰ ਮਹਾਨ ਦੇਸ਼ ਭਗਤ ਸਾਬਕਾ ਐਮਐਲਏ ਪੰਡਿਤ ਰਾਮ ਕਿਸਨ ਭੜੋਲੀਆਂ ਦੀ 49ਵੀਂ ਬਰਸੀ ਅੱਡਾ ਮਾਰਕੀਟ ਵਿਖੇ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਦੱਸਿਆ ਕਿ ਸ਼ਹਿਰ ਦੇ ਲੋਕਾਂ ਵੱਲੋਂ ਬਰਸੀ ਮਨਾਉਣ ਲਈ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਦੁਕਾਨਦਾਰ ਵੀਰ ਤਨ ਮਨ ਧਨ ਨਾਲ ਮਦੱਦ ਕਰ ਰਹੇ ਹਨ। ਉਹਨਾਂ ਨੇ ਦੱਸਿਆ ਕਿ ਪੰਡਿਤ ਜੀ ਨੇ ਆਪਣਾ ਸਮੁੱਚਾ ਜੀਵਨ ਲੋਕ ਘੋਲਾਂ ਦੇ ਲੇਖੇ ਲਾ ਦਿੱਤਾ। ਦੇਸ਼ ਦੀ ਆਜਾਦੀ ਵਿੱਚ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਅਤੇ ਉਸ ਤੋਂ ਬਾਅਦ ਦੇਸ਼ ਆਜਾਦ ਹੋਣ ਤੋਂ ਬਾਅਦ ਅਨੇਕਾਂ ਮੋਰਚਿਆਂ ਵਿੱਚ ਭਾਗ ਲਿਆ। ਸਾਲਾਂ ਬੱਧੀ ਜੇਲ੍ਹਾਂ ਕੱਟੀਆਂ ਅੱਜ ਉਹਨਾਂ ਦੇ ਰਾਹ 'ਤੇ ਚੱਲਣਾ ਪੀੜੀ ਦਾ ਮੁੱਖ ਫਰਜ ਬਣ ਜਾਂਦਾ ਹੈ। ਇਸ ਲਈ ਪਾਰਟੀ ਬਹੁਤ ਵੱਡਾ ਮਾਣ ਮਹਿਸੂਸ ਉਹਨਾਂ ਦੀ ਬਰਸੀ ਮਨਾ ਕੇ ਕਰ ਰਹੀ ਹੈ। ਇੰਨੇ ਵੱਡੇ ਦੇਸ਼ ਭਗਤ ਜਿਨਾਂ ਨੇ ਦੇਸ ਦੀ ਸੇਵਾ ਬਗੈਰ ਕਿਸੇ ਲੋਭ ਲਾਲਚ ਤੋਂ ਕੀਤੀ। ਅੱਜ ਵੀ ਪੰਡਿਤ ਜੀ ਦੇ ਨਾਂਅ ਦਾ ਲੋਕ ਪਾਰਟੀ ਦੀ ਹਰ ਪ੍ਰਕਾਰ ਸਹਾਇਤਾ ਕਰ ਰਹੇ ਹਨ। ਇਸ ਮੌਕੇ ਉਹਨਾਂ ਦੇ ਨਾਲ ਬਜਿੰਦਰ ਪੰਡਤ, ਜਸਵਿੰਦਰ ਸਿੰਘ ਭੰਗਲ, ਸਤਨਾਮ ਸਿੰਘ ਸ਼ੇਰਾ, ਸੁਖਦੇਵ ਸਿੰਘ,ਤਰਸੇਮ ਲਾਲ ਅਜੌਲੀ,ਰਕੇਸ਼ ਕੁਮਾਰ, ਬਾਲੀ ਕੁਲਸੇੜਾ, ਕਾਮਰੇਡ ਕੇਵਲ ਕ੍ਰਿਸ਼ਨ,ਮਹਿੰਦਰ ਸਿੰਘ ਸੰਗਤਪੁਰ, ਰਣ ਬਹਾਦਰ ਸਿੰਘ ਵੀ ਹਾਜ਼ਰ ਸਨ।

# ਨੰਬਰਦਾਰ ਯੂਨੀਅਨ ਦੀ ਮੀਟਿੰਗ ਭਲਕੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਮਿਤੀ 30 ਦਸੰਬਰ ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਹੋਵੇਗੀ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੰਬਰਦਾਰਾਂ ਦਾ ਮਾਣ-ਭੱਤਾ ਜਾਰੀ ਕਰਨ ਲਈ ਦੇਰ ਸਵੇਰ ਕਰਨ, ਲਟਕ ਰਹੀਆਂ ਜ਼ਰੂਰੀ ਮੰਗਾਂ, ਨੂਰਮਹਿਲ ਦੇ ਨਿਰਮਾਣ ਅਧੀਨ ਸਰਕਾਰੀ ਸਕੂਲ ਨੂੰ ਮੁਕੰਮਲ ਕਰਵਾਉਣ ਸੰਬੰਧੀ ਆਦਿ ਏਜੰਡਿਆਂ ਉੱਪਰ ਖਾਸ ਵਿਚਾਰਾਂ ਕੀਤੀਆਂ ਜਾਣਗੀਆਂ। ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਵਿੱਚ ਜਿਨ੍ਹਾਂ ਨੰਬਰਦਾਰਾਂ ਨੂੰ ਮੁਕੰਮਲ ਤੌਰ 'ਤੇ ਮਾਣ ਭੱਤਾ ਨਹੀਂ ਮਿਲਿਆ ਉਹ ਮੀਟਿੰਗ ਵਿੱਚ ਆਪਣੇ ਦਸਤਾਵੇਜ ਜ਼ਰੂਰ ਲੈ ਕੇ ਆਉਣ।

# ਹੜ੍ਹ ਪੀੜਤਾਂ ਨੂੰ ਗਰਮ ਕੱਪੜੇ ਤੇ ਹੋਰ ਸਮਾਨ ਤਕਸੀਮ



**ਮਹਿਤਪੁਰ (ਰਾਜਾ)**-ਇੱਕ ਅਰਦਾਸ ਚੈਰੀਟੇਬਲ ਸੋਸਾਇਟੀ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਹੜ੍ਹ ਪੀੜਤਾਂ ਲਈ ਗਰਮ ਕੱਪੜੇ, ਰਜਾਈਆਂ, ਦਵਾਈਆਂ ਅਤੇ ਬੱਚਿਆਂ ਦੇ ਖਾਣ ਲਈ ਬਿਸਕੁਟ ਦਿੱਤੇ ਗਏ। ਇਹ ਕਲੱਬ ਪਹਿਲਾਂ ਵੀ ਹੜ੍ਹ ਪੀੜਤਾਂ ਦੀ ਸੇਵਾ ਕਰਦਾ ਆ ਰਿਹਾ ਹੈ। ਇਹ ਸੇਵਾ ਕਲੱਬ ਦੇ ਸਾਰੇ ਮੈਂਬਰਾਂ ਦੀ ਨੇਕ ਕਮਾਈ ਦੇ ਦਸਵੰਧ ਵਿੱਚੋਂ ਇਲਾਕਾ ਨਿਵਾਸੀ ਅਤੇ ਹੋਰ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੀਤੀ ਗਈ। ਇਸ ਮੌਕੇ ਡਾਕਟਰ ਜਸਪ੍ਰੀਤ ਸਿੰਘ, ਡਾਕਟਰ ਬਲਵੀਰ, ਡਾਕਟਰ ਕਸ਼ਮੀਰ, ਦਿਨੇਸ਼ ਕੁਮਾਰ, ਡਾਕਟਰ ਗਗਨ, ਹਰਮੇਸ਼ ਸਿੰਘ, ਸੁਰਿੰਦਰ ਸਿੰਘ, ਰਣਜੋਧ ਸਿੰਘ, ਡਾਕਟਰ ਜਤਿਨ ਕੋਹਲੀ, ਡਾਕਟਰ ਅਨੀਤਾ, ਹਰਜਿੰਦਰ ਆਦਿ ਹਾਜਰ ਸਨ।

# ਦੁੱਧ ਤੇ ਪਕੌੜਿਆਂ ਦਾ ਲੰਗਰ ਲਾਇਆ



**ਆਦਮਪੁਰ (ਪਰਮਜੀਤ ਸਿੰਘ)**

ਨਜਦੀਕੀ ਪਿੰਡ ਕਡਿਆਣਾ ਵਿਖੇ ਗਿਆਨੀ ਰਾਜਵੀਰ ਸਿੰਘ ਦੇ ਉਪਰਾਲੇ ਸਦਕਾ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦੁੱਧ ਤੇ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤੱਖਤ ਚੱਕਰਵਰਤੀ ਵਹੀਰ ਸਿੰਘ ਸਾਹਿਬ ਜੱਥੇਦਾਰ ਬਾਬਾ ਮਾਨ ਸਿੰਘ ਜੀ 96 ਕਰੋੜੀ ਦੀ ਫੌਜ, ਅਭਿਸ਼ੇਕ ਬਖਸ਼ੀ ਪ੍ਰਧਾਨ ਗਊ ਧਾਮ ਲਾਂਬੜਾ,ਵਿਕਾਸ ਜਲੰਧਰ, ਕੰਨੂ ਕੋਟ ਸਦੀਕ, ਜਸਵਿੰਦਰ ਸਿੰਘ ਜੋਹਲੀ ਅੰਬੇਡਕਰ ਸੈਨਾ ਯੂਨੀਟਿਡ ਪ੍ਰਧਾਨ, ਅਮਰੀਕ ਸਿੰਘ, ਸ਼ੇਰ ਸਿੰਘ, ਸੰਜੂ, ਹੰਸ ਰਾਜ, ਰਾਜਵੀਰ ਸਿੰਘ, ਬੂਟਾ ਸਿੰਘ, ਰਾਹੁਲ ਸਿੰਘ, ਕਿਰਪਾਲ ਸਿੰਘ,ਅਕਾਸ਼ਦੀਪ ਸਿੰਘ, ਮੇਜਰ ਸਿੰਘ, ਰਣਜੋਤ ਸਿੰਘ, ਗੁਰਵਿੰਦਰ ਸਿੰਘ ਕਿਸਨ ਪੁਰ ਤਰਨਾ ਦਲ, ਗੁਰਜੀਤ ਸਿੰਘ ਸਰਪੰਚ ਡੀਂਗਰੀਆਂ, ਹਰਜੋਤ ਸਿੰਘ ਕਡਿਆਣਾ ਸਰਪੰਚ ਰਵੀ ਵਾਲੀਆ, ਮੋਨੂ ਆਦਿ ਹਾਜਰ ਸਨ।

# ਲਾਸਾਨੀ ਸ਼ਹਾਦਤਾਂ ਨੂੰ ਸਮਰਪਤ ਧਾਰਮਕ ਸਮਾਗਮ ਕਰਵਾਏ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤੇ ਜਿਗਰ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਬਾਬਾ ਮੋਤੀ ਰਾਮ ਮਹਿਰਾ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਿੰਡ ਕੁਰਾਲਾ ਕਲਾਂ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਵਾਸੀ ਭਾਰਤੀਆਂ ਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਰਾਗੀ ਢਾਡੀ ਜੱਥਾ ਭਾਈ ਤਰਲੋਚਨ ਸਿੰਘ ਭਮਦੀ ਤੇ ਸਾਥੀਆਂ ਨੇ ਸਮੂਹ ਸੰਗਤਾਂ ਨੂੰ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ ਤੇ ਲਸਾਨੀ ਸ਼ਹਾਦਤਾਂ 'ਤੇ ਚਾਨਣਾ ਪਾਉਂਦੇ ਹੋਏ ਸਮੂਹ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਮਲਕੀਤ ਸਿੰਘ ਸੋਢੀ ਨੇ ਸਮੂਹ ਸੰਗਤ ਨੌਜਵਾਨਾਂ ਅਤੇ ਬੱਚਿਆਂ ਨੂੰ ਕੌਮ ਦੀ ਖਾਤਰ ਸ਼ਹੀਦ ਹੋਣ ਵਾਲੇ ਚਾਰ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਅਤੇ ਬਾਬਾ ਮੋਤੀ ਰਾਮ ਮਹਿਰਾ ਦੇ ਜੀਵਨ ਅਤੇ ਲਾਸਾਨੀ ਸ਼ਹਾਦਤਾਂ ਤੋਂ ਪ੍ਰੇਰਨਾ ਲੈਣ ਲਈ ਆਖਿਆ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ, ਪਰਵਿੰਦਰ ਸਿੰਘ ਕੁਰਾਲਾ, ਪ੍ਰਧਾਨ ਮਲਕੀਤ ਸਿੰਘ,ਸੁਖਦੇਵ ਸਿੰਘ ਕਰਾਲਾ, ਦਲਜੀਤ ਸਿੰਘ, ਓਂਕਾਰ ਸਿੰਘ, ਬਲਜਿੰਦਰ ਸਿੰਘ, ਸਿਮਰਜੀਤ ਸਿੰਘ, ਬਲਬੀਰ ਸਿੰਘ, ਇੰਦਰਜੀਤ ਸਿੰਘ ਇਟਲੀ, ਜਸਵੀਰ ਸਿੰਘ ,ਤਰਸੇਮ ਸਿੰਘ ,ਚਰਨ ਸਿੰਘ ਸਰਬਜੀਤ ਸਿੰਘ, ਪਰਵਿੰਦਰ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਵੀ ਮੌਜੂਦ ਸਨ। ਇਸੇ ਤਰ੍ਹਾਂ ਹੀ ਗੁਰਮਤਿ ਸਮਾਗਮ ਸ੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਵਿਖੇ ਕਰਵਾਇਆ ਗਿਆ। ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿੱਚ ਸਭ ਤੋਂ ਪਹਿਲਾਂ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ । ਇਸ ਮੌਕੇ ਭਾਈ ਜਸਵੀਰ ਸਿੰਘ,ਭਾਈ ਨਰਿੰਦਰ ਸਿੰਘ ਦਸ਼ਮੇਸ਼ ਨਗਰ ਟਾਂਡੇ ਵਾਲਿਆਂ ਦੇ ਰਾਗੀ ਜਥੇ ਤੇ ਛੋਟੇ ਬੱਚਿਆਂ ਨੇ ਸ਼ਬਦ ਕੀਰਤਨ ਦੁਆਰਾ ਸਮੂਹ ਸੰਗਤ ਨੂੰ ਨਿਹਾਲ ਕੀਤਾ ਤੇ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਜਗਦੀਸ਼ ਕੁਮਾਰ, ਰਿੰਕਾ,ਸੋਮ ਪ੍ਰਕਾਸ ਤਰਸੇਮ ਲਾਲ,ਜਸਪਾਲ ਰਾਏ, ਸੁਰਜੀਤ ਸਿੰਘ ਕੁਲਦੀਪ ਸਿੰਘ, ਅਮਰੀਕ ਸਿੰਘ, ਮਨਦੀਪ ਸਿੰਘ, ਸੋਮ ਪ੍ਰਕਾਸ਼, ਕਸ਼ਮੀਰ ਸਿੰਘ, ਬਲਵਿੰਦਰ ਸਿੰਘ, ਕਰਮਜੀਤ ਸਿੰਘ ਕਾਲੂ, ਜਸਪਾਲ ਸਿੰਘ ਕਾਕਾ, ਚਮਨ ਲਾਲ, ਜਤਿਨ ਤਰਸੇਮ ਲਾਲ, ਇੰਦਰਜੀਤ ਸਿੰਘ, ਰਿੰਕੂ ਭਾਟੀਆ,ਗਗਨਦੀਪ,ਗੁਰਵਿੰਦਰਪਾਲ,ਪਰਗਟ ਲਾਲ ,ਮਨੀ, ਜਸਪਾਲ ਸਿੰਘ ਕਾਕਾ ਪਵਨ ਕੁਮਾਰ ਵੀ ਮੌਜੂਦ ਸਨ।



29-Dec-PAGE-9.qxd 12/28/2023 11:07 PM Page 1



# ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਲਈ ਜ਼ਿਲ੍ਹੇ ’ਚ 384 ਲੱਖ ਰੁਪਏ ਖਰਚ ਕੀਤੇ : ਡੀ ਸੀ

**ਮੋਹਾਲੀ, (ਗੁਰਜੀਤ ਬਿੱਲਾ)**

ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਇੱਥੇ ਦੱਸਿਆ ਕਿ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ 384 ਲੱਖ ਰੁਪਏ ਦੇ ਫੰਡ ਖਰਚ ਕੀਤੇ ਗਏ ਹਨ। ਉਨ੍ਹਾਂ ਜ਼ਿਲ੍ਹੇ ਵਿੱਚ ਚੱਲ ਰਹੇ ਬੁਨਿਆਦੀ ਢਾਂਚੇ ਦੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਸਿੱਖਿਆ ਅਧਿਕਾਰੀਆਂ ਨੂੰ ਚਾਲੂ ਵਿੱਤੀ ਸਾਲ ਵਿੱਚ ਫੰਡਾਂ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਤੇ ਬਾਕੀ ਰਹਿੰਦੇ ਕੰਮਾਂ ਵਿੱਚ ਤੇਜੀ ਲਿਆਉਣ ਲਈ ਕਿਹਾ। ਜੈਨ ਨੇ ਅੱਗੇ ਦੱਸਿਆ ਕਿ ਸਮਗਰ ਸਿੱਖਿਆ ਅਭਿਆਨ ਤਹਿਤ ਛੋਟੇ-ਮੋਟੇ ਮੁਰੰਮਤ ਦੇ ਕੰਮਾਂ ’ਤੇ 80.12 ਲੱਖ ਰੁਪਏ ਖਰਚ ਕੀਤੇ ਗਏ ਹਨ। ਇਸੇ ਤਰ੍ਹਾਂ 18.54 ਲੱਖ ਰੁਪਏ ਦੀ ਰਾਸ਼ੀ ਨਾਲ 12 ਨੰਬਰ ਸੀ ਡਬਲਯੂ ਐਸ ਐਨ ਪਖਾਨੇ ਤਿਆਰ ਕੀਤੇ ਗਏ ਹਨ। ਸਕੂਲਾਂ ਵਿੱਚ ਲੜਕਿਆਂ ਅਤੇ ਲੜਕੀਆਂ ਲਈ ਵੱਖਰੇ ਪਖਾਨੇ ਮੁਹੱਈਆ ਕਰਵਾਉਣ ਲਈ 49 ਲੱਖ ਰੁਪਏ ਦੀ ਲਾਗਤ ਨਾਲ ਲੜਕਿਆਂ ਦੇ ਪਖਾਨੇ ਦੇ 70 ਯੂਨਿਟ ਜਦਕਿ ਲੜਕੀਆਂ ਦੇ 55 ਯੂਨਿਟ 38.50 ਲੱਖ ਰੁਪਏ ਦੀ ਲਾਗਤ ਨਾਲ ਬਣ ਚੁੱਕੇ ਹਨ। ਇਸ ਤੋਂ ਇਲਾਵਾ ਸਕੂਲਾਂ ਚ ਹੋਰ ਕੰਮਾਂ ਲਈ 198 ਯੂਨਿਟਾਂ ਲਈ ਨਾਬਾਰਡ ਅਧੀਨ 774 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਨ੍ਹਾਂ ਵਿੱਚੋਂ 173 ਯੂਨਿਟਾਂ ਦੇ ਮੁਕੰਮਲ ਹੋਣ ’ਤੇ 699 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਜਦਕਿ 25 ਅਜੇ ਵੀ 37.9 ਲੱਖ ਰੁਪਏ ਦੀ ਲਾਗਤ ਨਾਲ ਚੱਲ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਦੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਕੁੱਲ 926583 ਲੱਖ ਕਿਤਾਬਾਂ ਮੁਫਤ ਵੰਡੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਪ੍ਰਾਇਮਰੀ ਸੈਕਸਨ ਨੂੰ 295752 ਕਿਤਾਬਾਂ ਮਿਲੀਆਂ ਹਨ ਜਦੋਂਕਿ ਅੱਪਰ ਪ੍ਰਾਇਮਰੀ ਨੂੰ 630831 ਕਿਤਾਬਾਂ ਮਿਲੀਆਂ ਹਨ। ਇਸੇ ਤਰ੍ਹਾਂ 37910 ਵਿਦਿਆਰਥਣਾਂ, 11499 ਅਨੁਸੂਚਿਤ ਜਾਤੀ ਦੇ ਵਿਦਿਆਰਥੀ ਅਤੇ 1061 ਬੀਪੀਐਲ (ਪਾਵਰਟੀ ਲਾਈਨ ਤੋਂ ਹੇਠਾਂ) ਵਿਦਿਆਰਥੀਆਂ ਸਮੇਤ ਕੁੱਲ 50470 ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕਰਵਾਉਣ ਲਈ 302.82 ਲੱਖ ਰੁਪਏ ਦੀ ਗ੍ਰਾਂਟ ਖਰਚ ਕੀਤੀ ਗਈ। ਉਨ੍ਹਾਂ ਕਿਹਾ ਕਿ ਸਕੂਲ ਤੋਂ ਬਾਹਰ ਰਹਿ ਗਏ ਬੱਚਿਆਂ ਦੇ ਸਰਵੇਖਣ ਦੌਰਾਨ ਸਾਲ ਦੌਰਾਨ ਕੁੱਲ 299 ਵਿਦਿਆਰਥੀਆਂ ਨੂੰ ਸਕੂਲ ਲਿਆਂਦਾ ਗਿਆ। ਐਮਿਨੇਂਸ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਖਰੜ ਨੇ 90 ਫੀਸਦੀ ਟੀਚਾ ਹਾਸਲ ਕਰ ਲਿਆ ਹੈ ਜਦਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਰਾਬੱਸੀ ਦਾ ਹੁਣ ਤੱਕ 40 ਫੀਸਦੀ ਕੰਮ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਨੂੜ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ 3ਬੀ-1 ਮੋਹਾਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੱਲਾਂਪੁਰ ਗਰੀਬਦਾਸ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਕਰਪੁਰ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦਾ ਕੰਮ ਡਰਾਇੰਗਾਂ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਮਿਡ ਡੇ ਮੀਲ ਸਕੂਲ ਸਕੀਮ ਦੀ ਸਮੀਖਿਆ ਕਰਦਿਆਂ ਉਨ੍ਹਾਂ ਦੱਸਿਆ ਕਿ ਸਾਲ ਦੌਰਾਨ ਪ੍ਰੀ-ਪ੍ਰਾਇਮਰੀ ਵਿੰਗ ਦੇ 9248, ਪ੍ਰਾਇਮਰੀ ਵਿੰਗ ਦੇ 55138 ਅਤੇ ਅੱਪਰ ਪ੍ਰਾਇਮਰੀ ਵਿੰਗ ਦੇ 26059 ਵਿਦਿਆਰਥੀ ਇਸ ਦਾ ਲਾਭ ਲੈ ਰਹੇ ਹਨ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੋਨਮ ਚੌਧਰੀ, ਐਸ ਡੀ ਐਮਜ ਹਿਮਾਂਸ਼ੂ ਮਹਾਜਨ, ਚੰਦਰਜੋਤੀ ਸਿੰਘ, ਗੁਰਮੰਦਰ ਸਿੰਘ, ਏ ਸੀ (ਯੂ ਟੀ) ਡੇਵੀ ਗੋਇਲ, ਡੀ ਈ ਓ (ਸੈਕੰਡਰੀ) ਡਾ: ਗਿੰਨੀ ਦੁੱਗਲ, ਡਿਪਟੀ ਡੀ ਈ ਓ ਅੰਗਰੇਜ ਸਿੰਘ ਵੀ ਹਾਜਰ ਸਨ।

# ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੇ ਦਰਸਾਏ ਮਾਰਗ ’ਤੇ ਚੱਲੇ : ਐੱਸ ਡੀ ਐੱਮ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ ਅਤੇ ਤਹਿਸੀਲ ਸਟਾਫ਼ ਵੱਲੋਂ ਸਾਂਝੇ ਤੌਰ ’ਤੇ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਅਰਦਾਸ ਕੀਤੀ ਗਈ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਐਸ. ਡੀ. ਐਮ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਾਹਿਬਜ਼ਾਦਿਆਂ ਨੂੰ ਮਨੁੱਖਤਾ ਦੀ ਭਲਾਈ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਦਾ ਜਜ਼ਬਾ ਵਿਰਸੇ ਵਿੱਚ ਮਿਲਿਆ ਹੈ। ਅੱਜ ਉਨ੍ਹਾਂ ਦੀ ਕੁਰਬਾਨੀ ਅੱਗੇ ਪੂਰੀ ਦੁਨੀਆ ਸਿਰ ਝੁਕ ਰਹੀ ਹੈ, ਉਨ੍ਹਾਂ ਕਿਹਾ ਕਿ ਇਹ ਇਤਿਹਾਸ ਭੁੱਲਣ ਵਾਲਾ ਨਹੀਂ, ਅੱਜ ਦੀ ਨਵੀਂ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ ’ਤੇ ਚੱਲਣ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ।ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਵਿਕਾਸਦੀਪ ਨੱਢਾ, ਐਡਵੋਕੇਟ ਕੇਹਰ ਸਿੰਘ, ਐਡਵੋਕੇਟ ਜਸਪਾਲ ਸਿੰਘ ਧੰਜੂ, ਐਡਵੋਕੇਟ ਪਰਮਿੰਦਰ ਸਿੰਘ, ਐਡਵੋਕੇਟ ਗੁਰਮੀਤ ਸਿੰਘ, ਐਡਵੋਕੇਟ ਰਜਿੰਦਰ ਸਿੰਘ, ਸਟੈਨੋ ਜਗਦੀਸ਼ ਲਾਲ, ਰੀਡਰ ਰਣਜੀਤ ਸਿੰਘ ਸੈਣੀ, ਏ.ਐਸ.ਆਈ ਬਲਵਿੰਦਰ ਸਿੰਘ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।

# ਅਵਾਰਾ ਪਸ਼ੂਆਂ ਦੇ ਗਲ਼ਾਂ ’ਚ ਰੇਡੀਅਮ ਰਿਫਲੈਕਟਰ ਟੇਪ ਬੈਂਡ ਪਾਉਣ ਦੀ ਮੁਹਿੰਮ ਸ਼ੁਰੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਸੀਤ ਲਹਿਰ ਅਤੇ ਧੁੰਦ ਬਾਰੇ ਜਾਰੀ ਕੀਤੀ ਅਡਵਾਇਜ਼ਰੀ ਦੇ ਮੱਦੇਨਜ਼ਰ ਆਰ. ਟੀ. ਓ ਰਵਿੰਦਰ ਸਿੰਘ ਗਿੱਲ ਵੱਲੋਂ ਐਨ. ਜੀ. ਓ ‘ਵਾਇਸਲੈਸ ਸੈਕਿੰਡ ਇਨਿੰਗ ਹੋਮ’ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਵਿਖੇ ਅਵਾਰਾ ਪਸ਼ੂਆਂ ਦੇ ਗਲ਼ਾਂ ਵਿਚ ਰੇਡੀਅਮ ਰਿਫਲੈਕਟਰ ਟੇਪ ਦੇ ਪਟੇ ਪਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ, ਤਾਂ ਜੋ ਧੁੰਦ ਦੌਰਾਨ ਅਤੇ ਰਾਤ ਸਮੇਂ ਟੇਪ ਦੇ ਚਮਕਣ ਨਾਲ ਪਸ਼ੂਆਂ ਨੂੰ ਦੇਖਿਆ ਜਾ ਸਕੇ ਅਤੇ ਸੜਕ ਹਾਦਸਿਆਂ ਨੂੰ ਰੋਕ ਕੇ ਬੇਸ਼ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਆਰ. ਟੀ. ਓ ਰਵਿੰਦਰ ਸਿੰਘ ਗਿੱਲ ਨੇ ਇਸ ਮੌਕੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਕਰੀਬ 400 ਪਸ਼ੂਆਂ ਦੇ ਗਲ਼ਾਂ ਵਿਚ ਰੇਡੀਕਮ ਰਿਫਲੈਕਟਰ ਟੇਪ ਬੈਂਡ ਪਾਏ ਜਾਣਗੇ। ਉਨ੍ਹਾਂ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਧੁੰਦ ਦੌਰਾਨ ਆਪਣੇ ਵਾਹਨਾਂ ਦੀ ਗਤੀ ਘੱਟ ਰੱਖਣ ਅਤੇ ਲਾਈਟਾਂ ਨੂੰ ਵੀ ਲੋਅ-ਬੀਮ ’ਤੇ ਰੱਖਣ, ਤਾਂ ਜੋ ਸਾਹਮਣੇ ਤੋਂ ਆ ਰਹੇ ਵਾਹਨ ਜਲਦੀ ਨਜ਼ਰ ਆ ਜਾਣ ਅਤੇ ਦੂਰ ਤੋਂ ਆਉਣ ਵਾਲੇ ਵਾਹਨ ਦੀ ਸੜਕ ’ਤੇ ਰੋਸ਼ਨੀ ਨਜ਼ਰ ਆਵੇ। ਉਨ੍ਹਾਂ ਕਿਹਾ ਕਿ ਧੁੰਦ ਸਮੇਂ ਹਮੇਸ਼ਾ ਵਾਹਨ ਦੇ ਇੰਡੀਕੇਟਰਾਂ ਦਾ ਪ੍ਰਯੋਗ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਵਾਹਨ ਚਲਾਉਂਦੇ ਸਮੇਂ ਮੋਬਾਇਲ ਅਤੇ ਹੋਰ ਕਿਸੇ ਸਾਮਾਨ ਦੀ ਵਰਤੋਂ ਨਾ ਕਰਕੇ ਹਮੇਸ਼ਾ ਸੜਕ ਵੱਲ ਧਿਆਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਹਾਦਸਿਆਂ ਤੋਂ ਬਚਣ ਲਈ ਹਮੇਸ਼ਾ ਵਾਹਨ ਦੀਆਂ ਖਿੜਕੀਆਂ ਸਾਫ਼ ਰੱਖੀਆਂ ਜਾਣ ਅਤੇ ਵਾਹਨਾਂ ਦਰਮਿਆਨ ਲੋੜ ਅਨੁਸਾਰ ਦੂਰੀ ਯਕੀਨੀ ਬਣਾਈ ਜਾਵੇ, ਤਾਂ ਜੋ ਜਾਨ-ਮਾਲ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਇਸ ਦੌਰਾਨ ‘ਵਾਇਸਲੈਸ ਸੈਕਿੰਡ ਇਨਿੰਗ ਹੋਮ’ ਦੇ ਨੁਮਾਇੰਦਿਆਂ ਤੋਂ ਇਲਾਵਾ ਸੀਨੀਅਰ ਸਹਾਇਕ ਕੁਲਦੀਪ ਸਿੰਘ, ਜੂਨੀਅਰ ਸਹਾਇਕ ਰਵਿੰਦਰ ਸ਼ਰਮਾ ਅਤੇ ਹੋਰ ਹਾਜ਼ਰ ਸਨ।



# ਦੁੱਧ ਦਾ ਲੰਗਰ ਲਗਾਇਆ



**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪਿੰਡ ਦੁਰਗਾਪੁਰ ਗੁਰੂ ਰਵਿਦਾਸ ਮਹਾਰਾਜ ਨੌਜਵਾਨ ਸਭਾ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪਿੰਡ ਦੁਰਗਾਪੁਰ ਵਿੱਚ ਮੋੜ ’ਤੇ ਦੁੱਧ ਦਾ ਲੰਗਰ ਲਗਾਇਆ ਗਿਆ। ਲੰਗਰਾਂ ਦੀ ਅਰੰਭਤਾ ਅੰਮ੍ਰਿਤ ਵੇਲੇ ਨਾਮ ਸਿਮਰਨ ਉਪਰੰਤ ਅਰਦਾਸ ਬੇਨਤੀ ਕਰਕੇ ਕੀਤੀ ਗਈ । ਦੁਰਗਾ ਪੁਰ ਸੰਗਤ ਪਿੰਡ ਵਾਸੀਆਂ ਨੇ ਸਾਹਿਬ ਸ੍ਰੀ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਵਾਰ ਵਲੋਂ ਦਿੱਤੀਆਂ ਗਈਆਂ ਲਾਸਾਨੀ ਸ਼ਹਾਦਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਸਾਰ ਭਰ ਦੇ ਇਤਿਹਾਸ ਵਿਚ ਕਿਤੇ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਕਿ ਨੌਂ ਅਤੇ ਸੱਤ ਸਾਲ ਦੇ ਮਾਸੂਮ ਬੱਚਿਆਂ ਨੂੰ ਜਿਉਂਦੇ ਨੀਹਾਂ ਵਿੱਚ ਚਿਣਿਆ ਗਿਆ ਹੋਵੇ। ਉਨਾਂ ਕਿਹਾ ਕਿ ਇਨਾਂ ਸ਼ਹਾਦਤਾਂ ਨੇ ਦੇਸ਼ ਨੂੰ ਮੁਗਲ ਸਾਮਰਾਜ ਤੋਂ ਅਜਾਦ ਕਰਵਾਉਣ ਦਾ ਮੁੱਢ ਬੰਨ੍ਹਿਆ ਸੀ। ਜੁਲਮ ਅਤੇ ਜਬਰ ਵਿਰੁੱਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਇਕ ਹਫਤੇ ਦੇ ਵਕਫੇ ਦੌਰਾਨ ਆਪਣੀ ਮਾਤਾ ਗੁਜਰੀ ਜੀ ਅਤੇ ਆਪਣੇ ਚਾਰ ਪੁੱਤਰਾਂ ਦੀਆਂ ਸ਼ਹਾਦਤਾਂ ਦਿੱਤੀਆਂ।

# ਰੈਕੋਗਨਾਈਜ਼ਡ ਐਂਡ ਐਫੀਲੀਏਟਿਡ ਸਕੂਲ ਐਸੋਸੀਏਸ਼ਨ (ਰਾਸਾ) ਪੰਜਾਬ ਦੀ ਬੋਰਡ ਚੇਅਰਮੈਨ ਨਾਲ ਵਿਸ਼ੇਸ਼ ਮੀਟਿੰਗ

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪ੍ਰਾਈਵੇਟ ਸਕੂਲਾਂ ਦੀ ਜਥੇਬੰਦੀ ਰੈਕੋਗਨਾਈਜਡ ਐਂਡ ਐਫੀਲੀਏਟਿਡ ਸਕੂਲ ਐਸੋਸੀਏਸਨ (ਰਾਸਾ) ਪੰਜਾਬ ਦੀ ਗਵਰਨਿੰਗ ਕੌਂਸਲ ਦੀ ਬੋਰਡ ਚੇਅਰਪਰਸਨ ਡਾਕਟਰ ਸਤਿਬੀਰ ਬੇਦੀ ਨਾਲ ਅਹਿਮ ਮੀਟਿੰਗ ਹੋਈ। ਰਾਸਾ ਪੰਜਾਬ ਪ੍ਰਧਾਨ ਪ੍ਰਿੰਸੀਪਲ ਸਕੱਤਰ ਸਿੰਘ ਸੰਧੂ ਨੇ ਦੱਸਿਆ ਕਿ ਰਾਸਾ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਬੋਰਡ ਚੇਅਰਪਰਸਨ ਨਾਲ ਇਹ ਪਲੇਠੀ ਮੀਟਿੰਗ ਸੀ। ਜਿਸ ਵਿੱਚ ਰਾਸਾ ਨੁਮਾਇੰਦਿਆਂ ਵਲੋਂ ਸਭ ਤੋਂ ਪਹਿਲਾਂ ਚੇਅਰਪਰਸਨ ਡਾਕਟਰ ਸਤਿਬੀਰ ਬੇਦੀ ਨੂੰ ਗੁਲਦਸਤਾ ਭੇਟ ਕੀਤਾ ਗਿਆ। ਇਸ ਉਪਰੰਤ ਇਸ ਮੀਟਿੰਗ ਦੀ ਕਾਰਵਾਈ ਬਹੁਤ ਹੀ ਸੁਚਾਰੂ ਢੰਗ ਨਾਲ ਸ਼ੁਰੂ ਹੋਈ। ਆਰੰਭ ਵਿਚ ਰਾਸਾ ਦੇ ਨੁਮਾਇੰਦਿਆਂ ਵਲੋਂ ਆਪਣੀ ਸਵੈ ਜਾਣ-ਪਹਿਚਾਣ ਕਰਵਾਈ ਗਈ। ਇਸ ਉਪਰੰਤ ਮੈਡਮ ਚੇਅਰਪਰਸਨ ਡਾਕਟਰ ਸਤਿਬੀਰ ਬੇਦੀ ਨੇ ਸਕੂਲਾਂ ਤੇ ਸਕੂਲ ਸਿੱਖਿਆ ਤੇ ਖੁੱਲ ਕੇ ਵਿਚਾਰਾਂ ਕੀਤੀਆਂ ਤੇ ਵਿਸ਼ਵਾਸ ਦਿੰਦਿਆਂ ਕਿਹਾ ਕਿਹਾ ਕਿ ਬੋਰਡ ਵਲੋਂ ਰਾਸਾ ਦੇ ਨੁਮਾਇੰਦਿਆਂ ਨੂੰ ਬੋਰਡ ਆਫ ਡਾਇਰੈਕਟਰਜ, ਅਕਾਦਮਿਕ ਕੌਂਸਲ ਤੇ ਹੋਰ ਕਮੇਟੀਆਂ ਵਿਚ ਢੁਕਵੀਂ ਪ੍ਰਤੀਨਿਧਤਾ ਦਿੱਤੀ ਜਾਵੇਗੀ ਤਾਂ ਜੋ ਬੋਰਡ ਦੀ ਹਰ ਕਾਰਜਸ਼ੈਲੀ ਵਿਚ ਰਾਸਾ ਦੇ ਪ੍ਰਤੀਨਿਧਾਂ ਦਾ ਸਹਿਯੋਗ ਲਿਆ ਜਾ ਸਕੇ। ਇਸ ਸਹਿਯੋਗ ਤੇ ਤਾਲਮੇਲ ਨਾਲ ਸਿੱਖਿਆ ਬੋਰਡ ਪੰਜਾਬ ਦੀ ਸਿੱਖਿਆ ਦਾ ਪੱਧਰ ਉੱਚਾ ਚੁੱਕ ਕੇ ਸਿੱਖਿਆ ਦੀ ਨੁਹਾਰ ਬਦਲ ਦੇਵੇਗਾ। ਮੈਡਮ ਨੇ ਰਾਸਾ ਨੁਮਾਇੰਦਿਆਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿਹਾ ਕਿ ਪੰਜਾਬ ਬੋਰਡ ਸਕੂਲ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਰਾਸਾ ਦੇ ਸਹਿਯੋਗ ਨਾਲ ਟ੍ਰੇਨਿੰਗ ਕੈਂਪ ਤੇ ਸੈਮੀਨਾਰ ਲਗਾਉਣ ਦਾ ਪ੍ਰਬੰਧ ਵੀ ਕਰੇਗਾ। ਮੈਡਮ ਵਲੋਂ ਰਾਸਾ ਦੇ ਪ੍ਰਤੀਨਿਧਾਂ ਨੂੰ ਅਗਲੇ ਸੈਸ਼ਨ ਲਈ ਦਾਖਲਿਆਂ, ਰਜਿਸਟ੍ਰੇਸ਼ਨ ਤੇ ਹੋਰ ਕਾਰਵਾਈਆਂ ਲਈ ਕੈਲੰਡਰ ਬਣਾ ਕੇ ਦੇਣ ਦੀ ਵੀ ਪੇਸ਼ਕਸ਼ ਕੀਤੀ ਤਾਂ ਜੋ ਰਾਸਾ ਦੇ ਤਾਲਮੇਲ ਨਾਲ ਬੋਰਡ ਇੱਕ ਢੁਕਵਾਂ ਕੈਲੰਡਰ ਬਣਾ ਸਕੇ। ਬੋਰਡ ਚੇਅਰਪਰਸਨ ਵਲੋਂ ਸਕੂਲ ਸਿੱਖਿਆ ਨੂੰ ਕਿੱਤਾਮੁਖੀ ਬਣਾਉਣ ਲਈ,ਪਾਠਕ੍ਰਮ, ਤੇ ਪ੍ਰੀਖਿਆਵਾਂ ਸਬੰਧੀ ਵੀ ਵਿਚਾਰਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਨਸ਼ਾਖੋਰੀ ਨੂੰ ਠੱਲ ਪਾਉਣ ਲਈ ਵੀ ਰਾਸਾ ਪ੍ਰਤੀਨਿਧਾਂ ਕੋਲੋਂ ਸੁਝਾਅ ਮੰਗੇ। ਬੋਰਡ ਚੇਅਰਪਰਸਨ ਨੇ ਉਪਰੋਕਤ ਵਿਸ਼ਿਆਂ ਤੇ ਉਪ ਸਕੱਤਰ ਗੁਰਤੇਜ ਸਿੰਘ ਨੂੰ ਆਦੇਸ਼ ਦਿੱਤਾ ਕਿ ਜਲਦ ਹੀ ਸਮੂਹ ਉੱਚ ਅਧਿਕਾਰੀਆਂ ਨਾਲ ਰਾਸਾ ਪ੍ਰਤੀਨਿਧਾਂ ਦੀ ਇੱਕ ਹੋਰ ਮੀਟਿੰਗ ਕੀਤੀ ਜਾਵੇ। ਇਸ ਮੀਟਿੰਗ ਵਿੱਚ ਰਾਸਾ ਪੰਜਾਬ ਦੇ ਸੀਨੀਅਰ ਆਗੂ ਡਾਕਟਰ ਰਵਿੰਦਰ ਸਿੰਘ ਮਾਨ, ਡਾਕਟਰ ਰਵਿੰਦਰ ਸ਼ਰਮਾ, ਸੂਬਾ ਪ੍ਰਧਾਨ ਪ੍ਰਿੰਸੀਪਲ ਸਕੱਤਰ ਸਿੰਘ ਸੰਧੂ, ਸੂਬਾ ਜਨਰਲ ਸਕੱਤਰ ਪ੍ਰਿੰਸੀਪਲ ਰਜਨੀਸ਼ ਕੁਮਾਰ ਮੋਹਾਲੀ, ਸੂਬਾ ਵਿੱਤ ਸਕੱਤਰ ਪ੍ਰਿੰਸੀਪਲ ਸੁਖਜਿੰਦਰ ਸਿੰਘ ਗਿੱਲ, ਡਾਇਰੈਕਟਰ ਐਸ ਐਸ ਬੇਦੀ ਪਟਿਆਲਾ,ਪ੍ਰਿੰਸੀਪਲ ਹਰਜੀਤ ਸਿੰਘ ਬਰਾੜ ਮੁਕਤਸਰ, ਪ੍ਰਿੰਸੀਪਲ ਸੁਖਮਿੰਦਰ ਸਿੰਘ ਗਿੱਲ ਮੋਗਾ ਤੇ ਪ੍ਰਿੰਸੀਪਲ ਅਲੋਕ ਮੁਖੀਜਾ ਨਾਭਾ ਆਦਿ ਹਾਜਰ ਸਨ।



# ਜੋਤਸ਼ੀ ਪੰਡਤ ਰਾਹੁਲ ਸ਼ਾਸਤਰੀ ਜੋਤਿਸ਼ ਗੌਰਵ ਐਵਾਰਡ ਨਾਲ ਸਨਮਾਨਤ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਇਥੋਂ ਦੇ ਵਿਦਵਾਨ ਤੇ ਨੌਜਵਾਨ ਜੋਤਸ਼ੀ ਅਤੇ ਵਾਸਤੂ ਮਾਹਿਰ ਪੰਡਿਤ ਰਾਹੁਲ ਸ਼ਾਸਤਰੀ ਨੂੰ ਉਦੈਪੁਰ (ਰਾਜਸਥਾਨ) ਵਿਖੇ ਆਯੋਜਿਤ ਸਮਾਗਮ ਦੌਰਾਨ ਜੋਤਿਸ਼ ਗੌਰਵ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਸ਼ਾਸਤਰੀ ਨੇ ਦੱਸਿਆ ਕਿ ਅਖਿਲ ਭਾਰਤੀ ਪ੍ਰਾਚਯ ਰਿਸਰਚ ਇੰਸਟੀਚਿਊਟ, ਜੈਪੁਰ ਵੱਲੋਂ ਸਿਟੀ ਪੈਲੇਸ, ਉਦੈਪੁਰ (ਰਾਜਸਥਾਨ) ਵਿਖੇ ਕਰਵਾਏ ਗਏ ਤਿੰਨ ਰੋਜ਼ਾ ਰਾਸ਼ਟਰੀ ਜੋਤਿਸ਼ ਖੋਜ ਸੈਮੀਨਾਰ ’ਚ ਸ਼ਿਰਕਤ ਕਰਦਿਆਂ ਉਨ੍ਹਾਂ ਨੇ ਮੈਡੀਕਲ-ਜੋਤਿਸ਼, ਪਿਤਰ-ਦੋਸ਼ ਅਤੇ ਵਾਸਤੂ ਸ਼ਾਸਤਰ ਵਿਸ਼ੇ ’ਤੇ ਖੋਜ ਪੱਤਰ ਪੇਸ਼ ਪੜ੍ਹਿਆ। ਜਿਸਦੀ ਸ਼ਲਾਘਾ ਕਰਦੇ ਹੋਏ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਜੋਤਿਸ਼ ਗੌਰਵ ਅਵਾਰਡ ਦੇ ਨਾਲ ਜੋਤਿਸ਼ ਧਰਮ ਸ਼ਾਸਤਰੀਯ ਸੰਸਕ੍ਰਿਤ-ਸਾਹਿਤ ਵਿੱਚ ਕੀਤੇ ਸ਼ਾਨਦਾਰ ਖੋਜ ਕਾਰਜ ਲਈ ਸਨਮਾਨ ਵਜੋਂ ਪ੍ਰਮਾਣ ਪੱਤਰ ਵੀ ਭੇਂਟ ਕੀਤਾ ਹੈ। ਉਨ੍ਹਾਂ ਇਸ ਸਨਮਾਨ ਲਈ ਜੋਤਿਸ਼ ਖੋਜ ਸੰਸਥਾ ਦੇ ਪ੍ਰਧਾਨ ਚੰਦਰਸ਼ੇਖਰ ਸ਼ਰਮਾ, ਸਕੱਤਰ ਡਾ: ਰਵੀ ਸ਼ਰਮਾ ਦੇ ਨਾਲ-ਨਾਲ ਪ੍ਰੋਗਰਾਮ ਦੇ ਆਯੋਜਨ ਵਿਚ ਅਹਿਮ ਯੋਗਦਾਨ ਪਾਉਣ ਵਾਲੀ ਮਹਾਰਾਣਾ ਮੇਵਾੜ ਚੈਰੀਟੇਬਲ ਫਾਊਂਡੇਸ਼ਨ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਸਨਮਾਨ ਨਿਸ਼ਚਿਤ ਤੌਰ ’ਤੇ ਹੋਰ ਵਧੀਆ ਕਾਰਗੁਜਾਰੀ ਲਈ ਉਤਸ਼ਾਹ ਪੈਦਾ ਕਰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਜੋਤਿਸ਼ ਦੇ ਇਸ ਅਦਭੁਤ ਵਿਗਿਆਨ ਨੂੰ ਫੈਲਾਉਣ ਵਿੱਚ ਹਮੇਸ਼ਾ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿਣਗੇ। ਜ਼ਿਕਰਯੋਗ ਹੈ ਕਿ ਪੰਡਿਤ ਰਾਹੁਲ ਸ਼ਾਸਤਰੀ ਪਹਿਲਾਂ ਵੀ ਵੱਖ-ਵੱਖ ਪੁਰਸਕਾਰਾਂ ਨਾਲ ਸਨਮਾਨਿਤ ਹੋ ਚੁੱਕੇ ਹਨ।



# ਸਿਹਤ ਸਭ ਤੋਂ ਵੱਡੀ ਦੌਲਤ : ਤਿਵਾੜੀ



**ਮੋਹਾਲੀ, (ਗੁਰਜੀਤ ਬਿੱਲਾ)**

ਸਿਹਤ ਸਭ ਤੋਂ ਵੱਡੀ ਦੌਲਤ ਹੈ ਅਤੇ ਸਾਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਰੋਜਾਨਾ ਕਸਰਤ ਕਰਨੀ ਚਾਹੀਦੀ ਹੈ। ਇਹ ਸ਼ਬਦ ਸ੍ਰੀ ਆਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਸੈਕਟਰ-91 ਸਥਿਤ ਮਲਟੀਟੈਕ ਸੁਸਾਇਟੀ ਵਿੱਚ ਓਪਨ ਏਅਰ ਜਿੰਮ ਸਥਾਪਤ ਕਰਨ ਲਈ ਇਲਾਕਾ ਵਾਸੀਆਂ ਨੂੰ ਆਪਣੇ ਸੰਸਦੀ ਕੋਟੇ ਵਿੱਚੋਂ ਜਾਰੀ ਕੀਤੀ 3 ਲੱਖ ਰੁਪਏ ਦੀ ਗਰਾਂਟ ਭੇਟ ਕਰਨ ਮੌਕੇ ਕਹੇ। ਸੰਸਦ ਮੈਂਬਰ ਤਿਵਾੜੀ ਨੇ ਕਿਹਾ ਕਿ ਵਿਅਕਤੀ ਆਪਣੇ ਪਰਿਵਾਰ ਅਤੇ ਸਮਾਜ ਦੀ ਜਿੰਮੇਵਾਰੀ ਉਦੋਂ ਹੀ ਸੰਭਾਲ ਸਕਦਾ ਹੈ, ਜਦੋਂ ਉਹ ਖੁਦ ਸਿਹਤਮੰਦ ਹੋਵੇ। ਉਨ੍ਹਾਂ ਕਿਹਾ ਕਿ ਸਿਹਤ ਸਭ ਤੋਂ ਵੱਡੀ ਦੌਲਤ ਹੈ ਅਤੇ ਸਾਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ। ਇਹ ਨੌਜਵਾਨਾਂ ਨੂੰ ਨਸ਼ਿਆਂ ਦੀ ਸਮੱਸਿਆ ਤੋਂ ਦੂਰ ਰੱਖਣ ਵਿੱਚ ਵੀ ਸਹਾਈ ਹੁੰਦੀ ਹੈ। ਸੰਸਦ ਮੈਂਬਰ ਤਿਵਾੜੀ ਨੇ ਕਿਹਾ ਕਿ ਇਸ ਰਾਸੀ ਨਾਲ ਸਥਾਪਿਤ ਹੋਣ ਵਾਲਾ ਓਪਨ ਏਅਰ ਜਿਮ ਹਰ ਉਮਰ ਵਰਗ ਦੇ ਲੋਕਾਂ ਲਈ ਲਾਹੇਵੰਦ ਸਾਬਤ ਹੋਵੇਗਾ। ਇਸ ਦੌਰਾਨ ਉਨ੍ਹਾਂ ਕੇਂਦਰ ਦੀ ਭਾਜਪਾ ਸਰਕਾਰ ’ਤੇ ਵੀ ਵਰ੍ਹੇ ਜੋ ਦੇਸ ਦੀਆਂ ਲੋਕਤੰਤਰੀ ਸੰਸਥਾਵਾਂ ਨੂੰ ਤਬਾਹ ਕਰਨ ’ਤੇ ਤੁਲੀ ਹੋਈ ਹੈ। ਸੰਸਦ ਮੈਂਬਰ ਨੇ ਕਿਹਾ ਕਿ ਸਰਕਾਰ ਦੇਸ ਦੇ ਸੰਵਿਧਾਨ ਰਾਹੀਂ ਇਸਦੇ ਨਿਰਮਾਤਾ ਡਾ ਭੀਮ ਰਾਓ ਅੰਬੇਡਕਰ ਦੀ ਸੋਚ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਜਿਸਦਾ ਜਵਾਬ ਦੇਸ ਦੇ ਲੋਕ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਦੇਣਗੇ। ਜਿੱਥੇ ਹੋਰਨਾਂ ਤੋਂ ਇਲਾਵਾ, ਮਲਟੀਟੈਕ ਰੈਜੀਡੈਂਟਸ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਰੁਣਦੀਪ ਸਿੰਘ ਭੰਮਰਾ, ਜਨਰਲ ਸਕੱਤਰ ਸੰਦੀਪ ਸਿੰਘ ਬੱਲ, ਡਿਪਟੀ ਮੇਅਰ ਮੁਹਾਲੀ ਕੁਲਜੀਤ ਸਿੰਘ ਬੇਦੀ, ਸੀਨੀਅਰ ਕਾਂਗਰਸੀ ਆਗੂ ਮਨਜੋਤ ਸਿੰਘ, ਬ੍ਰਿਗੇਡੀਅਰ ਬਲਦੇਵ ਸਿੰਘ, ਹਰਜਾਪ ਸਿੰਘ ਔਜਲਾ, ਨਰਿੰਦਰ ਸਿੰਘ ਮੱਲੀ, ਅਮਰਜੀਤ ਸਿੰਘ, ਪ੍ਰਦੀਪ ਕੁਮਾਰ, ਵਾਸੂ ਭੋਗਲ ਵੀ ਹਾਜਰ ਸਨ।

# ਮਨਰੇਗਾ ਵਰਕਰਜ ਯੂਨੀਅਨ ਨੇ ਦੀਪਕ ਹੁਸ਼ਿਆਰਪੁਰ ਨੂੰ ਚੁਣਿਆ ਸੂਬਾ ਕਨਵੀਨਰ



**ਜਲੰਧਰ (ਰਾਜੇਸ਼ ਥਾਪਾ, ਕੇਸਰ)**

ਮਨਰੇਗਾ ਵਰਕਰਾਂ ਨੂੰ ਦਰਪੇਸ਼ ਮਸਲਿਆਂ ’ਤੇ ਗੰਭੀਰ ਵਿਚਾਰ ਚਰਚਾ ਕਰਕੇ ਸੰਘਰਸ਼ ਉਲੀਕਣ ਦੇ ਮਕਸਦ ਨਾਲ ‘ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ’ ਵਲੋਂ ਪਰਮਜੀਤ ਕੌਰ ਹੁਸ਼ਿਆਰਪੁਰ, ਗਗਨਦੀਪ ਕੌਰ ਫਰੀਦਕੋਟ, ਜਰਨੈਲ ਸਿੰਘ ਤਰਨ ਤਾਰਨ ਅਤੇ ਸਤਪਾਲ ਸਹੋਤਾ ਜਲੰਧਰ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਪ੍ਰਭਾਵਸ਼ਾਲੀ ਸੂਬਾਈ ਜੱਥੇਬੰਦਕ ਕਨਵੈਂਸ਼ਨ ਸੱਦੀ ਗਈ। ਇਸ ਮੌਕੇ ਜਮਹੂਰੀ ਲਹਿਰ ਦੇ ਕੌਮੀ ਆਗੂ ਸਾਥੀ ਪ੍ਰਗਟ ਸਿੰਘ ਜਾਮਾਰਾਏ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਸਾਥੀ ਗੁਰਨਾਮ ਸਿੰਘ ਦਾਊਦ, ਸੀਟੀਯੂ ਪੰਜਾਬ ਦੇ ਸੂਬਾ ਪ੍ਰਧਾਨ ਸਾਥੀ ਦੇਵ ਰਾਜ ਵਰਮਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਜਨ ਸਕੱਤਰ ਧਰਮਿੰਦਰ ਸਿੰਘ ਨੇ ਆਪੋ-ਆਪਣੇ ਭਰਾਤਰੀ ਸੰਦੇਸ਼ ਵਿਚ ਮਨਰੇਗਾ ਵਰਕਰਾਂ ਦੀਆਂ ਮੁਸ਼ਕਲਾਂ-ਮੰਗਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਅਤੇ ਮੰਗਾਂ ਦੀ ਪ੍ਰਾਪਤੀ ਲਈ ਤਿੱਖੇ, ਬੱਝਵੇਂ ਸੰਘਰਸ਼ ਆਰੰਭਣ ਦਾ ਸੱਦਾ ਦਿੱਤਾ। ਹਾਜਰ ਪ੍ਰਤੀਨਿਧੀਆਂ ਵਲੋਂ ਭਖਵਾਂ ਵਿਚਾਰ-ਵਟਾਂਦਰਾ ਕਰਨ ਉਪਰੰਤ ਜ਼ਿਲ੍ਹਾ ਕਮੇਟੀਆਂ ਗਠਿਤ ਕਰਨ ਅਤੇ ਪਿੰਡ ਪੱਧਰ ਤੋਂ ਤਿੱਖੇ ਸੰਘਰਸ਼ ਵਿੱਢਣ ਦਾ ਮਤਾ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਤੇ ਦੀਪਕ ਹੁਸ਼ਿਆਰਪਰ, ਬਲਵਿੰਦਰ ਕੌਰ ਹਾਜ਼ੀਪੁਰ, ਸੋਹਣ ਲਾਲ ਤਲਵਾੜਾ, ਰਕਸ਼ਾ ਦੇਵੀ ਦਸੂਹਾ, ਕਮਲੇਸ਼ ਕੌਰ ਟਾਂਡਾ, ਵਰਿੰਦਰ ਕੌਰ ਭੂੰਗਾ, ਪਰਮਜੀਤ ਕੌਰ ਬਰਨਾਲਾ, ਮੀਨਾ ਕੌਰ ਚੀਮਾ, ਜਰਨੈਲ ਸਿੰਘ ਤਰਨ ਤਾਰਨ, ਬਲਦੇਵ ਸਿੰਘ ਪੰਡੋਰੀ, ਸੁੱਚਾ ਸਿੰਘ ਪਟਿਆਲਾ, ਕੇਸਰ ਸਿੰਘ ਧਾਂਦਰਾ ’ਤੇ ਆਧਾਰਿਤ ਸੂਬਾਈ ਜਥੇਬੰਦਕ ਕਮੇਟੀ ਚੁਣੀ ਗਈ। ਦੀਪਕ ਹੁਸ਼ਿਆਰਪੁਰ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ।

# ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਨੇਤਰਦਾਨ ਸੰਬੰਧੀ ਕੀਤਾ ਜਾਗਰੂਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਸਕੂਲ ਆਫ ਐਮੀਨੈਂਸ ਪੁਰਹੀਰਾਂ ਦੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਨੇਤਰਦਾਨ ਐਸੋਸੀਏਸਨ ਹੁਸ਼ਿਆਰਪੁਰ ਰਜਿ: ਦੇ ਦਫਤਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਸੰਸਥਾ ਦੀ ਟੀਮ ਦੇ ਸਰਪ੍ਰਸਤ ਪ੍ਰੋ: ਬਹਾਦਰ ਸਿੰਘ ਸਮੇਤ ਵੱਲੋਂ ਨੇਤਰਦਾਨ ਅਤੇ ਖੂਨ ਦਾਨ ਸਬੰਧੀ ਜਾਣਕਾਰੀ ਦਿੱਤੀ ਅਤੇ ਉਹਨਾਂ ਵੱਲੋਂ ਬੱਚਿਆਂ ਨੂੰ ਆਖਿਆ ਕਿ ਉਹ ਆਪਣੇ ਘਰ ਜਾ ਕੇ ਆਪਣੇ ਮਾਤਾ ਪਿਤਾ, ਰਿਸ਼ਤੇਦਾਰਾਂ ਅਤੇ ਪੜੋਸੀਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਪ੍ਰੇਰਤ ਕਰਨ। ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਇੰਜੀ: ਬਲਜੀਤ ਸਿੰਘ ਪਨੇਸਰ ਵੱਲੋਂ ਨੇਤਰਦਾਨ ਕਰਨ ਦੀ ਪੂਰੀ ਪ੍ਰਕਿਰਿਆ ਅਤੇ ਧਿਆਨ ਰੱਖਣ ਯੋਗ ਸਾਵਧਾਨੀਆਂ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ: ਗੁਰਬਖਸ਼ ਸਿੰਘ ਸੀਨੀਅਰ ਮੀਤ ਪ੍ਰਧਾਨ ਵੱਲੋਂ ਸੰਸਥਾ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਤਫਸੀਲ ਨਾਲ ਜਾਣਕਾਰੀ ਦਿੱਤੀ ਅਤੇ ਪੁਤਲੀ ਦੀ ਹਿਫਾਜਤ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਸਰਕਾਰ ਵੱਲੋਂ ਚਲਾਈ ਜਾ ਰਹੀ ਫਰਿਸ਼ਤੇ ਸਕੀਮ ਦਾ ਖੂਨ ਲਈ ਲੋੜਵੰਦ ਵਿਅਕਤੀਆਂ ਨੂੰ ਵੱਧ ਤੋਂ ਵੱਧ ਫਾਇਦਾ ਲੈਣ ਲਈ ਕਿਹਾ। ਸਕੂਲ ਦੀ ਕਮਿਸਟਰੀ ਲੈਕਚਰਰ ਸ੍ਰੀਮਤੀ ਮੀਨਾਕਸ਼ੀ ਵੱਲੋਂ ਵੀ ਨੇਤਰਦਾਨ ਸਬੰਧੀ ਆਪਣੇ ਵਿਚਾਰ ਰੱਖੇ ਅਤੇ ਸੰਸਥਾ ਦਾ ਨੇਤਰਦਾਨ ਸਬੰਧੀ ਬੱਚਿਆਂ ਨੂੰ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਕਮਰਸ ਦੀ ਲੈਕਚਰਰ ਮੈਡਮ ਸੀਲਾ ਅਤੇ ਬਾਇਓ ਦੀ ਟੀਚਰ ਸੰਦੀਪ ਹਾਜਰ ਸਨ। ਇਸ ਵਿਜਿਟ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਨੇਤਰਦਾਨ ਸਬੰਧੀ ਸਵਾਲ ਵੀ ਪੁੱਛੇ ਗਏ। ਸਵਾਲਾਂ ਦੇ ਜਵਾਬ ਦੇਣ ਵਾਲੇ ਤਿੰਨ ਵਿਦਿਆਰਥੀਆਂ ਸਾਰਾ ਸ਼ਰਮਾ, ਅਨਮੋਲ ਬੈਂਸ ਅਤੇ ਲੁਕੇਸ਼ ਨੂੰ ਸੰਸਥਾ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

# ਵਿਦਿਆਰਥੀ ਜੀਵਨ ’ਚ ਰਿਸਕ ਲੈਣ ਤੋਂ ਨਾ ਡਰਨ : ਧਨਖੜ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਭਾਰਤ ਦੇ ਉੱਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਮਹਾਰਿਸ਼ੀ ਦਿਆਨੰਦ ਯੂਨੀਵਰਸਿਟੀ ਰੋਹਤਕ ਵਿਚ ਪ੍ਰਬੰਧਿਤ 18ਵੇਂ ਕਨਵੋਕੇਸ਼ਨ ਸਮਾਰੋਹ ਵਿਚ ਖੋਜਕਾਰਾਂ ਨੂੰ ਪੀਐਚਡੀ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਜੀਵਨ ਵਿਚ ਸਫਲ ਹੋਣ ਅਤੇ ਬਜੁਰਗਾਂ ਦੀ ਸੇਵਾ ਤੇ ਦੇਸ਼ ਦੇ ਪ੍ਰਤੀ ਸਨਮਾਨ ਭਾਵ ਰੱਖਦੇ ਹੋਏ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉੱਪ-ਰਾਸ਼ਟਰਪਤੀ ਦੀ ਧਰਮਪਤਨੀ ਡਾ. ਸੁਦੇਸ਼ ਧਨਖੜ, ਹਰਿਆਣਾ ਦੇ ਰਾਜਪਾਲ ਅਤੇ ਮਹਾਰਿਸ਼ੀ ਦਿਆਨੰਦ ਯੂਨੀਵਰਸਿਟੀ ਦੇ ਚਾਂਸਲਰ ਬੰਡਾਰੂ ਦੱਤਾਤ੍ਰੇਅ, ਸੁਪਰੀਮ ਕੋਰਟ ਦੇ ਜੱਜ ਜਸਟਿਸ ਸ੍ਰੀ ਸੂਰਿਆਕਾਂਤ , ਉੱਚੇਰੀ ਸਿਖਿਆ ਮੰਤਰੀ ਸ੍ਰੀ ਮੂਲਚੰਦ ਸ਼ਰਮਾ ਵੀ ਮੌਜੂਦ ਰਹੇ। ਇਸ ਮੌਕੇ ’ਤੇ ਸੁਪਰੀਮ ਕੋਰਟ ਦੇ ਜੱਜ ਯੂਰਿਆਕਾਂਤ ਨੂੰ ਵਿਸ਼ੇਸ਼ ਤੌਰ ’ਤੇ ਡਾਕਟਰੇਟ ਦੀ ਉਪਾਧੀ ਦਿੱਤੀ ਗਈ।

ਉੱਪ ਰਾਸ਼ਟਰਪਤੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੇ ਜੀਵਨ ਵਿਚ ਰਿਸਕ ਲੈਣ ਤੋਂ ਨਾ ਡਰਨ, ਵਿਫਲਤਾ ਤੋਂ ਨਾ ਡਰਨ, ਕੁੱਝ ਵੀ ਨਵਾਂ ਕਰਨ ਲਈ ਸਦਾ ਤਿਆਰ ਰਹਿਣ ਕਿਉਂਕਿ ਵਿਫਲਤਾ ਸੱਭ ਤੋਂ ਵੱਡਾ ਗੁਰੂ ਹੈ, ਜੋ ਸਫਲ ਹੋਣਾ ਸਿਖਾਉਂਦੀ ਹੈ। ਇਸ ਮੌਕੇ ’ਤੇ ਆਪਣੇ ਸੰਬੋਧਨ ਵਿਚ ਹਰਿਆਣਾ ਦੇ ਰਾਜਪਾਲ ਅਤੇ ਮਹਾਰਿਸ਼ੀ ਦਿਆਨੰਦ ਯੂਨੀਵਰਸਿਟੀ ਦੇ ਚਾਂਸਲਰ ਬੰਡਾਰੂ ਦੱਤਾਤ੍ਰੇਅ ਨੇ ਕਿਹਾ ਕਿ ਇਹ ਬਹੁਤ ਖੁਸ਼ੀ ਦਾ ਵਿਸ਼ਾ ਹੈ ਕਿ ਇਸ ਯੂਨੀਵਰਸਿਟੀ ਦਾ 18ਵਾਂ ਕਨਵੋਕੇਸ਼ਨ ਸਮਾਰੋਹ ਹੈ ਅਤੇ ਪੀਐਚਡੀ ਕੋਰਸ ਦੇ ਲਗਭਗ 1200 ਤੋਂ ਵੱਧ ਖੋਜਕਾਰਾਂ ਪੀਐਚਡੀ ਉਪਾਧੀ ਨਾਲ ਸਨਮਾਨਿਤ ਹੋਏ ਹਨ। 12 ਖੋਜਕਾਰਾਂ ਨੂੰ ਬੇਸਟ ਥੀਸਿਸ ਅਵਾਰਡ ਅਤੇ 3 ਖੋਜਕਾਰਾਂ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ।

ਉਨ੍ਹਾਂ ਨੇ ਸਾਰੇ ਖੋਜਕਾਰਾਂ ਨੂੰ ਵਧਾਈ ਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਤੁਹਾਡੀ ਮਿਹਨਤ, ਲਗਨ ਅਤੇ ਜਿਮੇਵਾਰੀ ਦਾ ਸਿੱਧਾ ਨਤੀਜਾ ਇਹ ਮਾਣ ਮਈ ਪੀਐਚਡੀ ਉਪਾਧੀ ਹੈ। ਤੁਹਾਡੇ ਮਾਤਾ-ਪਿਤਾ, ਪਰਿਜਨਾਂ ਅਤੇ ਗੁਰੂਜਨਾਂ ਨੂੰ ਵੀ ਵਧਾਈ, ਜਿਨ੍ਹਾਂ ਦਾ ਸਾਥ ਮਾਰਗਦਰਸ਼ਨ, ਸ਼ੁਭਕਾਮਨਾਵਾਂ ਇਸ ਕਨਵੋਕੇਸ਼ਨ ਯਾਤਰਾ ਵਿਚ ਤੁਹਾਡੀ ਤਾਕਤ ਬਣੀ ਹੈ। ਕਨਵੋਕੇਸ਼ਨ ਸਮਾਰੋਹ ਵਿਚ ਲੋਕ ਸਭਾ ਸਾਂਸਦ ਡਾ. ਅਰਵਿੰਦ ਸ਼ਰਮਾ, ਰਾਜ ਸਭਾ ਸਾਂਸਦ ਰਾਮਚੰਦਰ ਜਾਂਗੜਾ, ਉੱਚੇਰੀ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਨੰਦ ਮੋਹਨ ਸ਼ਰਨ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਰਾਜਬੀਰ ਸਿੰਘ ਸਮੇਤ ਹੋਰ ਮਾਣਯੋਗ ਮਹਿਮਾਨ ਅਤੇ ਖੋਜਕਾਰ ਵਿਦਿਆਰਥੀ ਮੌਜੂਦ ਸਨ।

# ਪੀ ਸੀ ਐਮ ਐਸ ਡੀ ਕਾਲਜ ਵੱਲੋਂ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ

**ਜਲੰਧਰ ( ਇਕਬਾਲ ਸਿੰਘ ਉੱਭੀ)**

ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਨੇ ਆਈਕਿਊਏਸੀ ਦੇ ਸਹਿਯੋਗ ਨਾਲ ਇੱਕ ਵਿਆਪਕ ਪੰਜ-ਦਿਨ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ (ਐੱਫ.ਡੀ.ਪੀ.) ਦਾ ਸੰਸਥਾ ਦੇ ਨਾਨ ਟੀਚਿੰਗ ਸਟਾਫ ਲਈ ਆਯੋਜਨ ਕੀਤਾ ਗਿਆ। ਜਿਸਦਾ



ਥੀਮ “ਸਰੀਰਕ ਅਤੇ ਮਾਨਸਿਕ ਤੰਦਰੁਸਤੀ ਪ੍ਰਾਪਤ ਕਰਨਾ” ਸੀ। ਵਿਸ਼ੇਸ਼ ਤੌਰ ’ਤੇ ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਗੈਰ-ਅਧਿਆਪਨ ਸਟਾਫ ਮੈਂਬਰਾਂ ਨੂੰ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਤੰਦਰੁਸਤੀ ਦੀ ਡੂੰਘੀ ਸਮਝ ਨਾਲ ਲੈਸ ਕਰਨਾ ਸੀ । ਐੱਫ.ਡੀ.ਪੀ. ਦਾ ਉਦੇਸ਼ ਤਣਾਅ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ, ਸੰਤੁਲਿਤ ਖੁਰਾਕ ਦਾ ਗਿਆਨ ਪੈਦਾ ਕਰਨ, ਯੋਗਾ ਅਭਿਆਸਾਂ ਨੂੰ ਅਪਣਾਉਣ, ਸਫਾਈ ਜਾਗਰੂਕਤਾ ਪੈਦਾ ਕਰਨ ਅਤੇ ਸਿਹਤਮੰਦ ਆਦਤਾਂ ਨੂੰ ਅਪਣਾਉਣ ਲਈ ਸੰਦਾਂ ਨਾਲ ਭਾਗੀਦਾਰਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ। ਗੈਰ-ਅਧਿਆਪਕ ਸਟਾਫ ਸਮੇਤ, ਆਪਣੇ ਸਮੁੱਚੇ ਭਾਈਚਾਰੇ ਦੀ ਭਲਾਈ ਲਈ ਕਾਲਜ ਦੀ ਵਚਨਬੱਧਤਾ ਦੇ ਅਨੁਸਾਰ, ਇਹ ਐੱਫ. ਡੀ. ਪੀ. ਸੰਸਥਾ ਨਾਲ ਜੁੜੇ ਹਰੇਕ ਵਿਅਕਤੀ ਦੀ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਇੱਕ ਸੰਪੂਰਨ ਪਹੁੰਚ ਨੂੰ ਦਰਸਾਉਂਦਾ ਹੈ। ਕਾਲਜ ਸੰਸਥਾ ਦੇ ਵਿਕਾਸ ਦੇ ਸਫਰ ਵਿੱਚ ਗੈਰ-ਅਧਿਆਪਕ ਸਟਾਫ ਦੁਆਰਾ ਨਿਭਾਈ ਜਾਣ ਵਾਲੀ ਮਹੱਤਵਪੂਰਨ ਭੂਮਿਕਾ ਨੂੰ ਮਾਨਤਾ ਦਿੰਦਾ ਹੈ ਅਤੇ ਇੱਕ ਸੰਪੰਨ ਵਿਦਿਅਕ ਮਾਹੌਲ ਨੂੰ ਬਣਾਈ ਰੱਖਣ ਲਈ ਉਹਨਾਂ ਦੇ ਯੋਗਦਾਨ ਦੀ ਕਦਰ ਕਰਦਾ ਹੈ। ਇਸ ਤੋਂ ਇਲਾਵਾ, ਐੱਫ.ਡੀ.ਪੀ. ਇਹ ਯਕੀਨੀ ਬਣਾ ਕੇ ਲਿੰਗ ਸਮਾਨਤਾ ਲਈ ਕਾਲਜ ਦੇ ਸਮਰਪਣ ਦੇ ਨਾਲ ਮੇਲ ਖਾਂਦਾ ਹੈ ਕਿ ਕਾਲਜ ਭਾਈਚਾਰੇ ਦੇ ਸਾਰੇ ਹਿੱਸਿਆਂ, ਲਿੰਗ ਜਾਂ ਭੂਮਿਕਾ ਦੀ ਪਰਵਾਹ ਕੀਤੇ ਬਿਨਾਂ, ਨਿੱਜੀ ਅਤੇ ਪੇਸ਼ੇਵਰ ਵਿਕਾਸ ਦੇ ਮੌਕੇ ਪ੍ਰਾਪਤ ਕਰਦੇ ਹਨ। ਕਾਲਜ ਦਾ ਪੱਕਾ ਵਿਸ਼ਵਾਸ ਹੈ ਕਿ ਤਣਾਅ-ਮੁਕਤ ਜੀਵਨ, ਸਰੀਰਕ ਤੰਦਰੁਸਤੀ ਦੇ ਨਾਲ, ਪ੍ਰੇਰਣਾ ਦੇ ਪੱਧਰਾਂ ਨੂੰ ਵਧਾਉਂਦਾ ਹੈ, ਅੰਤ ਵਿੱਚ ਇਸਦੇ ਸਟਾਫ ਦੇ ਸਰਵਪੱਖੀ ਵਿਕਾਸ ਵਿੱਚ ਯੋਗਦਾਨ ਪਾਉਂਦਾ ਹੈ। ਇਸ ਮੌਕੇ ’ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. ਡਾ. ਪੂਜਾ ਪਰਾਸ਼ਰ ਨੇ ਇਸ ਐਫਡੀਪੀ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਕੀਤੇ ਗਏ ਠੋਸ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।

# ਵਿਦਿਆਰਥੀਆਂ ਨੂੰ ਸੁਨਹਿਰੇ ਭਵਿੱਖ ਦੀਆਂ ਸੰਭਾਵਨਾਵਾਂ ਤਲਾਸ਼ ਕਰਨ ਲਈ ਐਕਪੋਜ਼ਰ ਵਿਜ਼ਿਟ ਜ਼ਰੂਰੀ : ਮਨਦੀਪ ਢਿੱਲੋਂ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**

ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਵੱਲੋਂ ਵਿਦਿਆਰਥੀਆਂ ਨੂੰ ਸੁਨਹਿਰੇ ਭਵਿੱਖ ਦੀਆਂ ਸੰਭਾਵਨਾਵਾਂ ਤਲਾਸ਼ ਕਰਨ ਲਈ ਵੱਖ-ਵੱਖ ਸੰਸਥਾਂਵਾਂ ਦੇ ਐਕਪੋਜ਼ਰ ਵਿਜ਼ਿਟ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਵੱਖ-ਵੱਖ ਪੰਜ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਰਾਸਤ ਏ ਖਾਲਸਾ, ਦਫਤਰ ਉਪ ਮੰਡਲ ਮੈਜਿਸਟਰੇਟ, ਸ਼੍ਰੀ ਦਸ਼ਮੇਸ਼ ਅਕੈਡਮੀ, ਸ਼੍ਰੀ ਦਸਮੇਸ਼ ਮਾਰਸ਼ਲ ਆਰਟਸ ਐਂਡ ਸਪੋਰਟਸ ਅਕੈਡਮੀ ਦਾ ਦੌਰਾ ਕੀਤਾ। ਉਹਨਾਂ ਦੀ ਇਹ ਐਕਪੋਜ਼ਰ ਵਿਜ਼ਿਟ ਵਿੱਦਿਅਕ ਦੌਰੇ ਦੇ ਨਾਲ-ਨਾਲ ਵੱਖ-ਵੱਖ ਅਦਾਰਿਆਂ ਦੀ ਕਾਰਜਸ਼ੈਲੀ, ਇਤਿਹਾਸ ਅਤੇ ਵਿਰਾਸਤ ਬਾਰੇ ਜਾਣਕਾਰੀ, ਖੇਡਾਂ ਦੇ ਜੀਵਨ ਵਿੱਚ ਮਹੱਤਵ ਅਤੇ ਖੇਡਾਂ ਲਈ ਜਰੂਰੀ ਖੇਡ ਦੇ ਮੈਦਾਨਾਂ ਬਾਰੇ ਜਾਣਕਾਰੀ ਅਤੇ ਐਨ.ਡੀ.ਏ ਦੀ ਟਰੇਨਿੰਗ ਲਈ ਜਰੂਰੀ ਨਿਯਮਾਂ ਅਤੇ ਯੋਗਤਾਵਾਂ ਬਾਰੇ ਜਾਣਕਾਰੀ ਲੈਣ ਲਈ ਸੀ। ਜਿਸ ਦਾ ਇਹਨਾਂ ਵਿਦਿਆਰਥੀਆਂ ਨੇ ਭਰਪੂਰ ਲਾਭ ਲਿਆ। ਮਨਦੀਪ ਸਿੰਘ ਢਿੱਲੋਂ ਐੱਸ.ਡੀ.ਐਮ ਨੇ ਦੱਸਿਆ ਕਿ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਅਤੇ ਪ੍ਰਿੰਸੀਪਲ ਸ਼ਰਨਜੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੀਰਤਪੁਰ ਸਾਹਿਬ ਦੀ ਅਗਵਾਈ ਵਿੱਚ ਇਹ ਵਿਦਿਆਰਥੀ ਵਿੱਦਿਅਕ ਦੌਰੇ ’ਤੇ ਹਨ। ਉਹਨਾਂ ਵੱਲੋਂ ਸਰਕਾਰੀ ਵਿਭਾਗਾਂ ਦੀ ਕਾਰਗੁਜਾਰੀ ਦੇ ਨਾਲ-ਨਾਲ ਉੱਚ ਮੁਕਾਮ ’ਤੇ ਪਹੁੰਚੇ ਅਦਾਰਿਆਂ ਦੀ ਕਾਰਜਸ਼ੈਲੀ ਬਾਰੇ ਵੀ ਜਾਣਕਾਰੀ ਲਈ ਗਈ। ਉਹਨਾਂ ਨੇ ਦੱਸਿਆ ਕਿ ਅੱਜ ਦੇ ਦੌਰੇ ਦੌਰਾਨ ਵਿਦਿਆਰਥੀਆਂ ਤੋਂ ਵੀ ਜਾਣਕਾਰੀ ਲਈ ਗਈ ਕਿ ਵਿਦਿਆਰਥੀ ਭਵਿੱਖ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਰੋਲ ਮਾਡਲ ਅਪਨਾਉਣ ਤੇ ਇਸ ਦੇ ਲਈ ਮਾਪਦੰਡ ਤੈਅ ਕਰਨ ਤਾਂ ਜੋ ਉਹਨਾਂ ਨੂੰ ਸੁਨਹਿਰਾ ਭਵਿੱਖ ਤੈਅ ਕਰਨ ਵਿੱਚ ਮੁਸ਼ਕਿਲ ਨਾ ਹੋਵੇ। ਇਸ ਮੌਕੇ ਵਿਦਿਆਰਥੀਆਂ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਪੱਧਰ ’ਤੇ ਬੁਨਿਆਦੀ ਢਾਂਚਾ ਮਜਬੂਤ ਹੋਇਆ ਹੈ। ਸਾਡੇ ਪ੍ਰਿੰਸੀਪਲ ਵਿਦੇਸ਼ਾਂ ਤੋਂ ਸਿਖਲਾਈ ਪ੍ਰਾਪਤ ਕਰਕੇ ਆਏ ਹਨ ਅਤੇ ਵਿਦਿਆਰਥੀ ਵੱਡੀਆਂ ਸੰਸਥਾਵਾਂ ਦੇ ਵਿੱਦਿਅਕ ਟੂਰ ਲਗਾ ਰਹੇ ਹਨ ਜਿਸ ਨਾਲ ਹੁਣ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕਾਨਵੈਂਟ ਅਤੇ ਮਾਡਲ ਸਕੂਲਾਂ ਦੇ ਮੁਕਾਬਲੇ ਦੀ ਵਿੱਦਿਆ ਹਾਸਲ ਕਰ ਰਹੇ ਹਨ।



# ਬਾਬਾ ਓਂਕਾਰ ਸਿੰਘ ਖਾਲਸਾ ਐਕਸੀਲੈਂਸੀ ਐਵਾਰਡ ਨਾਲ ਸਨਮਾਨਤ



**ਅੱਡਾ ਸਰਾਂ (ਜਸਵੀਰ ਕਾਜਲ)**-ਲੰਮੇ ਸਮੇਂ ਤੋਂ ਸਮਾਜਿਕ, ਧਾਰਮਿਕ, ਸਾਹਿਤਿਕ ਸੇਵਾਵਾਂ, ਗਰੀਬਾਂ ਲਈ ਖੜਨ ਵਾਲੇ ਬਾਬਾ ਓਂਕਾਰ ਸਿੰਘ ਖਾਲਸਾ ਨੂੰ ਭਾਰਤੀ ਗ੍ਰਾਮੀਣ ਪੱਤਰਕਾਰ ਟਰੱਸਟ ਵਲੋਂ ਐਕਸੀਲੈਂਸੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਸੰਸਥਾ ਦੇ ਪ੍ਰਧਾਨ ਰਾਕੇਸ਼ ਸ਼ਰਮਾ ਵੱਲੋਂ ਉਚੇਚੇ ਤੌਰ ’ਤੇ ਭੇਟ ਕੀਤਾ ਗਿਆ । ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਬਾਬਾ ਖਾਲਸਾ ਨੇ ਦੱਸਿਆ ਮੇਰੇ ਦਾਦਾ ਜੀ ਨੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ, ਮੇਰੇ ਪਿਤਾ ਜੀ ਸ਼ਾਇਰ ਏ ਇਨਕਲਾਬ ਅਰਦਮਨ ਸਿੰਘ ਦਿਲਬਰ ਜੋ ਭਾਸ਼ਾ ਵਿਭਾਗ ਅਵਾਰਡ ਜੇਤੂ ਸਨ ਪੰਜਾਬੀ ਸੂਬੇ ਲਈ ਜੇਲ੍ਹ ਕੱਟੀ , ਉਹ ਸਭ ਕੁਝ ਮੇਰੀਆਂ ਰਗਾਂ ਵਿੱਚ ਹੈ। ਆਪਣੀ ਸਮਰੱਥਾ ਮੁਤਾਬਕ ਲੋਕ ਹਿੱਤ ਵਿੱਚ ਧਾਰਮਿਕ ਖੇਤਰ ਵਿੱਚ ਗਰੀਬਾਂ ਲਈ ਹਮੇਸ਼ਾ ਖੜਨ ਲਈ ਤਿਆਰ ਰਹਿੰਦਾ ਹਾਂ । ਇਸ ਸਨਮਾਨ ਨੇ ਮੈਨੂੰ ਹੋਰ ਤਕੜੇ ਹੋ ਕੇ ਕੰਮ ਕਰਨ ਲਈ ਪ੍ਰੇਰਿਆ ਹੈ । ਮੈਂ ਹਮੇਸ਼ਾ ਸਮਾਜਿਕ ਖੇਤਰ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦਾ ਰਹਾਂਗਾ। ਅੰਤ ਵਿੱਚ ਸੰਸਥਾ ਦਾ ਮੈਂ ਇਸ ਐਵਾਰਡ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

# ‘ਤੁਮ ਜਬ ਯਾਦ ਆਏ ਬਹੁਤ ਯਾਦ ਆਏ’

## ਮੁਹੰਮਦ ਰਫ਼ੀ ਕਲਚਰਲ ਐਂਡ ਚੈਰੀਟੇਬਲ ਸੋਸਾਇਟੀ ਨੇ ਮਹਾਨ ਫ਼ਨਕਾਰ ਦਾ ਮਨਾਇਆ 99ਵਾਂ ਜਨਮ ਦਿਵਸ

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )**

ਮੁਹੰਮਦ ਰਫ਼ੀ ਕਲਚਰਲ ਐਂਡ ਚੈਰੀਟੇਬਲ ਸੋਸਾਇਟੀ ਹੁਸ਼ਿਆਰਪੁਰ ਵੱਲੋਂ ਸਰਕਾਰੀ ਕਾਲਜ ਦੇ ਸੰਗੀਤ ਵਿਭਾਗ ਦੇ ਸਹਿਯੋਗ ਨਾਲ ਮਹਾਨ ਫ਼ਨਕਾਰ ਮੁਹੰਮਦ ਰਫ਼ੀ ਦਾ 99ਵਾਂ ਜਨਮ ਦਿਵਸ ਮਨਾਇਆ ਗਿਆ। ਇਸ ਮੌਕੇ ਸੰਗੀਤ ਪ੍ਰੇਮੀਆਂ ਤੇ ਪਤਵੰਤਿਆਂ ਨੇ ਹੁੰਮ-ਹੁੰਮਾ ਕੇ ਹਾਜ਼ਰੀ ਭਰੀ। ਵਿਸ਼ੇਸ਼ ਮਹਿਮਾਨਾਂ ਤੇ ਪਤਵੰਤਿਆਂ ਵਲੋਂ ਸ਼ਮ੍ਹਾਂ ਰੋਸ਼ਨ ਕਰਕੇ ਸਮਾਗਮ ਦਾ ਆਗਾਜ਼ ਕੀਤਾ ਗਿਆ। ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ (ਪ੍ਰਬੰਧਕੀ ਅਫ਼ਸਰ) ਨੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਮੁਹੰਮਦ ਰਫ਼ੀ ਦੇ ਜੀਵਨ ਅਤੇ ਸਫ਼ਲ ਸੰਗੀਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਰਫ਼ੀ ਸਾਹਿਬ ਮੌਸੀਕੀ ਦੇ ਥੰਮ ਅਤੇ ਸੰਗੀਤਕਾਰਾਂ ਲਈ ਚਾਨਣ ਮੁਨਾਰਾ ਹਨ। ਮਾਸਟਰ ਕੁਲਵਿੰਦਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੁਹੰਮਦ ਰਫ਼ੀ ਆਉਣ ਵਾਲੀਆਂ ਪੀੜ੍ਹੀਆਂ ਲਈ ਮਧੁਰ ਸੰਗੀਤ ਦਾ ਅਨਮੋਲ ਖ਼ਜ਼ਾਨਾ ਛੱਡ ਗਏ ਹਨ। ਅਸ਼ਵਨੀ ਦੱਤਾ ਨੇ ਕਿਹਾ ਕਿ ਰਫ਼ੀ ਵਰਗਾ ਲਾਸਾਨੀ ਫ਼ਨਕਾਰ ਜੁੱਗਾਂ-ਜੁੱਗਾਂਤਰਾਂ ਬਾਅਦ ਧਰਤੀ ਪੈਦਾ ਹੁੰਦਾ ਹੈ। ਸਰਕਾਰੀ ਕਾਲਜ ਦੇ ਸੰਗੀਤ ਵਿਭਾਗ ਮੁਖੀ ਪ੍ਰੋ: ਹਰਜਿੰਦਰ ਅਮਨ ਨੇ ਕਿਹਾ ਕਿ ਸਦਾਬਹਾਰ ਫ਼ਨਕਾਰ ਮੁਹੰਮਦ ਰਫ਼ੀ ਇਕ ਨੇਕ ਇਨਸਾਨ ਸਨ, ਜੋ ਸੰਗੀਤ ਦੀਆਂ ਬੁਲੰਦੀਆਂ ਛੋਹ ਕੇ ਦੁਨੀਆਂ ਵਿਚ ਭਾਰਤ ਦੀ ਪਛਾਣ ਅਤੇ ਆਵਾਜ਼ ਬਣੇ। ਸੋਸਾਇਟੀ ਦੇ ਸੰਸਥਾਪਕ ਗੁਲਜ਼ਾਰ ਸਿੰਘ ਕਾਲਕੱਟ ਨੇ ਮਹਿਮਾਨਾ ਸਮੇਤ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਜੰਮਪਲ ਮੁਹੰਮਦ ਰਫ਼ੀ ਦੀ ਨਾਯਾਬ ਆਵਾਜ਼ ਨਾਲ ਮਨੁੱਖੀ ਹਿਰਦਿਆਂ ਵਿਚ ਸਕੂਨ ਭਰ ਜਾਂਦਾ ਹੈ। ਇਸ ਮੌਕੇ ਸੰਗੀਤ ਦਾ ਮਨਮੋਹਕ ਦੌਰ ਚੱਲਿਆ ਅਤੇ ਸੁਰੀਲੇ ਕਲਾਕਾਰਾਂ ਨੇ ਮੁਹੰਮਦ ਰਫ਼ੀ ਦੇ ਸਦਾਬਹਾਰ ਨਗਮੇ ਪੇਸ਼ ਕਰਕੇ ਸਮਾਗਮ ਨੂੰ ਮੁਹੰਮਦ ਰਫ਼ੀ ਦੇ ਰੰਗ ਵਿਚ ਰੰਗ ਦਿੱਤਾ। ‘ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ’ ਇਲਾਹੀ ਸ਼ਬਦ ਦੇ ਨਾਲ ਪ੍ਰੋਗਰਾਮ ਦਾ ਆਗਾਜ਼ ਹੋਇਆ। ਉਪਰੰਤ ਬੇਹਤਰੀਨ ਕਲਾਕਾਰ ਪ੍ਰੋ: ਹਰਜਿੰਦਰ ਅਮਨ, ਡਾ. ਵਿਜੇ ਸ਼ਰਮਾ, ਮਾਸਟਰ ਸੁਖਵਿੰਦਰ ਸਿੰਘ, ਡਾ. ਹਰਜਿੰਦਰ ਓਬਰਾਏ, ਮਨਜਿੰਦਰ ਸਿੰਘ, ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀ ਕਲਾਕਾਰਾਂ ਸਮੇਤ ਹੋਰਨਾਂ ਨੇ ਰਫ਼ੀ ਸਾਹਿਬ ਦੇ ਗਾਏ ਧਾਰਮਿਕ, ਅਧਿਆਤਮਕ, ਸਮਾਜਿਕ ਤੇ ਨਿਰੋਲ ਸਭਿਆਚਾਰਕ ਨਗਮੇ ਭਾਵਪੂਰਨ ਢੰਗ ਨਾਲ ਪੇਸ਼ ਕੀਤੇ। ਨਿਪੁੰਨ ਤਬਲਾ ਵਾਦਕ ਮਨਜਿੰਦਰ ਸਿੰਘ ਨੇ ਕਲਾਕਾਰਾਂ ਦੀ ਬਾਖੂਬੀ ਸੰਗਤ ਕੀਤੀ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜੰਗਲਾਤ ਅਫ਼ਸਰ ਜੀਵਨ ਲਾਲ, ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ, ਡਾ. ਮਨੋਹਰ ਲਾਲ ਜੌਲੀ, ਐਡਵੋਕੇਟ ਹਨੀ ਕੁਮਾਰ ਆਜ਼ਾਦ, ਸੁਖਚੈਨ ਸਿੰਘ ਰਾਏ, ਹੰਸ ਰਾਜ ਮੈਨੇਜਰ, ਕੁਲਵੰਤ ਸਿੰਘ, ਡਾ. ਵਿਜੇ ਸ਼ਰਮਾ, ਪ੍ਰੋ. ਪੰਕਜ ਸ਼ਰਮਾ, ਪ੍ਰੋ. ਨਵੀਨ ਕੁਮਾਰ, ਪ੍ਰੋ. ਰਵਿੰਦਰ ਸਿੰਘ, ਡਾ. ਹਰਮਿੰਦਰ ਸਿੰਘ ਧਾਮੀ, ਸੁਖਵਿੰਦਰ ਸਿੰਘ ਅਤੇ ਜਸਪਾਲ ਸਿੰਘ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ।



# ਸ਼ਹੀਦ ਊਧਮ ਸਿੰਘ ਦਾ ਜਨਮ ਦਿਨ ਮਨਾਇਆ



**ਸੁਲਤਾਨਪੁਰ ਲੋਧੀ, (ਰਾਜਵੀਰ ਸਿੰਘ/ਬਲਵਿੰਦਰ ਸਿੰਘ ਧਾਲੀਵਾਲ)**

ਸ਼੍ਰੋਮਣੀ ਸ਼ਹੀਦ ਊਧਮ ਸਿੰਘ ਦਾ ਜਨਮ ਦਿਨ ਭਗਤ ਸਿੰਘ ਹੈਲਪਿੰਗ ਹੈਂਡ ਸੋਸਾਇਟੀ ਤਲਵੰਡੀ ਚੌਧਰੀਆਂ ਵੱਲੋਂ ਮਨਾਇਆ ਗਿਆ। ਊਧਮ ਸਿੰਘ ਦੇ ਆਦਮ ਕੱਦ ਬੁੱਤ ’ਤੇ ਫੁੱਲ ਮਾਲਾਵਾਂ ਪਾਈਆਂ ਅਤੇ ਊਧਮ ਸਿੰਘ ਜਿੰਦਾਬਾਦ, ਮਾਰਕਸਵਾਦ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਮਨਜੀਤ ਸਿੰਘ ਬੱਬ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਈਸਵੀ ਨੂੰ ਹੋਇਆ, ਬਚਪਨ ਵਿਚ ਮਾਤਾ ਪਿਤਾ ਦੀ ਮੌਤ ਹੋਣ ਕਾਰਨ ਅਨਾਥ ਆਸ਼ਰਮ ਅੰਮ੍ਰਿਤਸਰ ਵਿਖੇ ਰਹਿਣਾ ਪਿਆ, ਜਿਥੇ ਉਨ੍ਹਾਂ ਨੇ ਦੱਸਵੀਂ ਦੀ ਪੜਾਈ ਕੀਤੀ। ਊਧਮ ਸਿੰਘ ਭਾਰਤ ਵਿਚੋਂ ਅੰਗਰੇਜ਼ਾਂ ਵੱਲੋਂ ਹੋ ਰਹੀ ਲੁੱਟ-ਖਸੁੱਟ ਅਤੇ ਕਿਸਾਨ ਮਜ਼ਦੂਰਾਂ ਉੱਪਰ ਹੋ ਰਹੇ ਅੱਤਿਆਚਾਰ ਤੋਂ ਬਹੁਤ ਪ੍ਰਭਾਵਿਤ ਸੀ। ਜਲ੍ਹਿਆਂ ਵਾਲਾ ਬਾਗ 13 ਅਪ੍ਰੈਲ 1919 ’ਚ ਵਾਪਰੇ ਦੁਖਾਂਤ ਦਾ ਬਦਲਾ ਲੈਣ ਲਈ ਊਧਮ ਸਿੰਘ ਲੰਡਨ ਪੁੱਜ ਗਿਆ, ਜਿਥੇ ਉਨ੍ਹਾਂ ਨੇ ਮਾਈਕਲ ਉਡਵਾਇਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਭਾਰਤ ਵਾਸੀਆਂ ਨੂੰ ਊਧਮ ਸਿੰਘ ਵਰਗੇ ਸੂਰਬੀਰ ਯੋਧਿਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।ਭਗਤ ਸਿੰਘ ਹੈਲਪਿੰਗ ਹੈਂਡ ਦੇ ਮੈਂਬਰ ਅਤੇ ਮਨਜੀਤ ਸਿੰਘ ਬੱਬ ਨੇ ਦੇਸ਼ ਵਾਸੀਆਂ ਨੂੰ ਊਧਮ ਸਿੰਘ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ।

# ਕਿਸਾਨ ਯੂਨੀਅਨ ਵੱਲੋਂ ਐੱਸ ਡੀ ਐੱਮ ਦਾ ਘਿਰਾਓ




**ਤਲਵੰਡੀ ਸਾਬੋ (ਜਗਦੀਪ ਗਿੱਲ)**-ਕਿਸਾਨਾਂ ਨੂੰ ਗੈਸ ਪਾਈਪ ਲਾਈਨ ਦੇ ਮੁਆਵਜ਼ੇ ਸਬੰਧੀ ਕੀਤੇ ਸਮਝੌਤੇ ਨੂੰ ਲਾਗੂ ਨਾ ਕਰਨ ਲਈ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਪੋਹ ਦੇ ਮਹੀਨੇ ਦੀ ਕੜਾਕੇ ਦੀ ਠੰਡ ਵਿੱਚ ਐੱਸ ਡੀ ਐੱਮ ਤਲਵੰਡੀ ਸਾਬੋ ਦਾ ਘਿਰਾਓ ਕੀਤਾ ਗਿਆ। ਇਸ ਤੋਂ ਪਹਿਲਾਂ ਕਿਸਾਨਾਂ ਨੇ ਰਾਮਾ ਤਲਵੰਡੀ ਸਾਬੋ ਸੜਕ 'ਤੇ ਜੋਧਪੁਰ ਰਜਵਾਹੇ ਦੇ ਪੁਲ 'ਤੇ ਸੜਕ ਜਾਮ ਕੀਤਾ ਸੀ, ਜਦੋਂ ਐੱਸ.ਡੀ.ਐੱਮ. ਤਲਵੰਡੀ ਸਾਬੋ ਆਪਣੇ ਦਫਤਰ ਵਿੱਚ ਪਹੁੰਚ ਗਏ ਤਾਂ ਕਿਸਾਨਾਂ ਨੇ ਸੜਕ ਜਾਮ ਛੱਡ ਕੇ ਉਸ ਦਾ ਘੇਰਾਓ ਕਰ ਲਿਆ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਤੇ ਜ਼ਿਲ੍ਹਾ ਕਮੇਟੀ ਮੈਂਬਰ ਜਗਦੇਵ ਸਿੰਘ ਜੋਗੇ ਵਾਲਾ ਨੇ ਕਿਹਾ ਕਿ 15 ਮਈ ਨੂੰ ਡੀ ਸੀ ਸਾਹਿਬ ਬਠਿੰਡਾ ਤੇ ਐੱਸ.ਐੱਸ.ਪੀ. ਬਠਿੰਡਾ ਦੀ ਹਾਜ਼ਰੀ ਵਿੱਚ ਲਿਖਤੀ ਸਮਝੌਤਾ ਹੋਇਆ ਸੀ ਕਿ ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਗੈਸ ਪਾਈਪ ਲਾਈਨ ਪਾਈ ਗਈ ਹੈ, ਉਨ੍ਹਾਂ ਨੂੰ 24 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ, ਪਰ ਜਦੋਂ ਸੱਤ ਮਹੀਨੇ ਬੀਤਣ ਦੇ ਬਾਵਜੂਦ ਕੰਪਨੀ ਵਾਲਿਆਂ ਨੇ ਮੁਆਵਜ਼ਾ ਨਾ ਦਿੱਤਾ ਤਾਂ 15 ਦਸੰਬਰ ਨੂੰ ਕੰਪਨੀ ਦੇ ਅਧਿਕਾਰੀਆਂ ਦਾ ਘਿਰਾਓ ਕਰ ਲਿਆ ਸੀ, ਜਿਸ ਦਾ ਤਹਿਸੀਲਦਾਰ ਤਲਵੰਡੀ ਸਾਬੋ ਤੇ ਡੀ.ਐੱਸ.ਪੀ. ਤਲਵੰਡੀ ਸਾਬੋ ਵੱਲੋਂ ਕਿਸਾਨਾਂ ਨੂੰ ਕੀਤੇ ਸਮਝੌਤੇ ਮੁਤਾਬਿਕ ਮੁਆਵਜ਼ਾ ਦੇਣ ਦੇ ਕੀਤੇ ਵਾਅਦੇ ਮੁਤਾਬਕ ਘਿਰਾਓ ਛੱਡ ਦਿੱਤਾ ਸੀ, ਪਰ ਦਸ ਦਿਨ ਬੀਤਨਣ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਝੌਤੇ ਤੋਂ ਟਾਲਾ ਵੱਟਣ ਤੇ ਮਜਬੂਰ ਬਸ ਕਿਸਾਨਾਂ ਨੇ ਐੱਸ.ਡੀ.ਐੱਮ. ਤਲਵੰਡੀ ਸਾਬੋ ਦਾ ਘਿਰਾਓ ਕਰ ਲਿਆ। ਇਸ ਮੌਕੇ ਜਸਵੀਰ ਸਿੰਘ ਬੁਰਜ ਸੇਮਾ, ਬਿੰਦਰ ਸਿੰਘ ਜੋਗੇਵਾਲਾ, ਹਰਪ੍ਰੀਤ ਸਿੰਘ ਕਾਲਾ ਚੱਠੇ ਵਾਲਾ, ਰਾਜਵਿੰਦਰ ਸਿੰਘ ਰਾਮ ਨਗਰ, ਕਲਕੱਤਾ ਸਿੰਘ ਮਾਨਕ ਖਾਨਾ, ਭੋਲਾ ਸਿੰਘ ਮਾੜੀ, ਗੁਰਜੀਤ ਸਿੰਘ ਬੰਗੇਰ, ਭਿੰਦਰ ਸਿੰਘ ਭਾਈ ਬਖਤੌਰ, ਕਲੱਤਰ ਸਿੰਘ ਕਲਾਲਵਾਲਾ, ਗੁਰਦੀਪ ਸਿੰਘ, ਮਾਈਸਰ ਖਾਨਾ, ਸੁਖਪਾਲ ਸਿੰਘ ਮੌੜ ਕਲਾਂ ਆਦਿ ਕਿਸਾਨ ਆਗੂ ਸ਼ਾਮਲ ਸਨ।

# ਬੇਅਬਾਦ ਟੋਲ ਪਲਾਜ਼ਾ ਹਟਾਉਣ ਲਈ ਵੱਡਾ ਐਕਸ਼ਨ ਉਲੀਕੇਗੀ ਭਾਕਿਯੂ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਮਾਨਸਾ-ਸੁਨਾਮ ਰੋਡ 'ਤੇ ਸਥਿਤ ਪਿੰਡ ਹਮੀਰਗੜ੍ਹ ਢੈਪਈ ਨੇੜੇ ਲੱਗੇ ਬੇਅਬਾਦ ਟੋਲ ਪਲਾਜੇ ਨੂੰ ਹਟਾਉਣ ਸਬੰਧੀ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਟੋਲ ਪਲਾਜੇ ਵਾਲੀ ਜਗ੍ਹਾ 'ਤੇ ਜ਼ਿਲ੍ਹਾ ਪੱਧਰੀ ਮੀਟਿੰਗ ਕਰਕੇ ਉਕਤ ਬੇਅਬਾਦ ਟੋਲ ਪਲਾਜਾ ਹਟਾਉਣ ਲਈ ਵੱਡਾ ਐਕਸ਼ਨ ਉਲੀਕਿਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਜ਼ਿਲ੍ਹਾ ਜਰਨਲ ਸਕੱਤਰ ਮਹਿੰਦਰ ਸਿੰਘ ਭੈਣੀ ਬਾਘਾ ਨੇ ਦੱਸਿਆ ਕਿ ਇਸ ਟੋਲ ਪਲਾਜੇ 'ਤੇ ਜਿੱਥੇ ਸੜਕੀ ਹਾਦਸੇ ਵਾਪਰ ਰਹੇ ਹਨ, ਉੱਥੇ ਹੋਰ ਦੁਰਘਟਨਾਵਾਂ ਦਾ ਵੀ ਇਹ ਕਾਰਨ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰੀ ਧੁੰਦ ਦੇ ਚੱਲਦਿਆਂ ਬੀਤੀ ਰਾਤ ਵੀ ਇੱਕ ਕਾਰ ਹਾਦਸਾਗ੍ਰਸਤ ਹੋ ਗਈ, ਪ੍ਰੰਤੂ ਕਿਸਾਨਾਂ ਦੇ ਉੱਥੇ ਹੋਣ ਕਾਰਨ ਕਿਸੇ ਵੀ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਿਸਾਨਾਂ ਨੂੰ ਲਾਮਬੰਦ ਕਰਨ ਲਈ ਪਿੰਡਾਂ ਅੰਦਰ ਮੀਟਿੰਗਾਂ ਦਾ ਦੌਰ ਜਾਰੀ ਹੈ ਤੇ ਭਾਰਤੀ ਕਿਸਾਨ ਯੂਨੀਅਨ ਵੱਲੋਂ ਲਗਾਇਆ ਇਹ ਪੱਕਾ ਮੋਰਚਾ ਅੱਜ 7ਵੇਂ ਦਿਨ ਵਿੱਚ ਸ਼ਾਮਲ ਹੋ ਗਿਆ। ਭਾਵੇਂ ਭਾਰਤੀ ਕਿਸਾਨ ਯੂਨੀਅਨ ਵੱਲੋਂ ਸ਼ਹੀਦੀ ਦਿਹਾੜੇ ਦੇ ਦਿਨ ਚੱਲਦਿਆਂ ਹੋਣ ਕਾਰਨ 27 ਦਸੰਬਰ ਤੱਕ ਸ਼ਾਂਤਮਈ ਕਿਸਾਨ ਮੋਰਚਾ ਲਾਉਣ ਦਾ ਫੈਸਲਾ ਕੀਤਾ ਗਿਆ ਸੀ, ਪ੍ਰੰਤੂ ਉਸ ਦੇ ਟੱਪ ਜਾਣ ਕਾਰਨ ਹੁਣ ਕਿਸਾਨਾਂ ਨੂੰ ਲਾਮਬੰਦ ਕਰਕੇ ਵੱਡੇ ਐਕਸ਼ਨ ਦੀ ਤਿਆਰੀ ਕੀਤੀ ਜਾ ਰਹੀ ਹੈ। ਭਾਵੇਂ ਕਿਸਾਨ ਯੂਨੀਅਨ ਉਕਤ ਟੋਲ ਪਲਾਜਾ ਨੂੰ ਹਟਾਉਣ ਲਈ ਪਹਿਲਾਂ ਵੀ ਧਰਨੇ ਲਗਾ ਚੁੱਕੀ ਹੈ, ਪ੍ਰੰਤੂ ਪ੍ਰਸ਼ਾਸਨ ਨੇ ਇਸ ਨੂੰ ਹਟਾਉਣ ਦੀ ਬਜਾਏ ਕੋਈ ਕਾਰਵਾਈ ਨਹੀਂ ਕੀਤੀ, ਜਿਸ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਨੂੰ ਇਹ ਟੋਲ ਪਲਾਜਾ ਹਟਾਉਣ ਲਈ ਐਕਸ਼ਨ ਉਲੀਕਣਾ ਪਿਆ। ਅੱਜ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਅਗਲੀ ਰਣਨੀਤੀ ਉਲੀਕਣ ਲਈ ਪਿੰਡਾਂ ਅੰਦਰ ਰੈਲੀਆਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਗਿਆ ਤੇ ਇਸ ਨੂੰ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਦੂਜੇ ਪਾਸੇ ਟੋਲ ਪਲਾਜਾ 'ਤੇ ਪੁਲਸ ਅੱਜ ਵੀ ਤਾਇਨਾਤ ਰਹੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਆਗੂ ਮਹਿੰਦਰ ਸਿੰਘ ਭੈਣੀਬਾਘਾ ਤੇ ਰਾਜਪਾਲ ਸਿੰਘ ਚੱਕ ਅਲੀਸ਼ੇਰ ਨੇ ਕਿਹਾ ਕਿ ਉਹ ਇਸ ਟੋਲ ਪਲਾਜੇ ਨੂੰ ਹੋਰ ਟੋਲ ਪਲਾਜਿਆਂ ਵਾਂਗ ਹਟਾ ਕੇ ਹੀ ਇਸ ਸੰਘਰਸ਼ ਨੂੰ ਸਮਾਪਤ ਕਰਨਗੇ। ਉਨ੍ਹਾਂ ਕਿਹਾ ਕਿ ਇਸ ਟੋਲ ਪਲਾਜ਼ੇ ਕਾਰਨ ਆਪਣਾ ਜਾਨੀ ਜਾਂ ਮਾਲੀ ਨੁਕਸਾਨ ਕਰ ਚੁੱਕੇ ਪਰਿਵਾਰਾਂ ਨਾਲ ਸੰਪਰਕ ਕਰਕੇ ਭਾਰਤੀ ਕਿਸਾਨ ਯੂਨੀਅਨ ਵੱਡੇ ਸੰਘਰਸ਼ ਦਾ ਐਲਾਨ ਕਰੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜੇਕਰ ਪ੍ਰਸ਼ਾਸਨ ਨੇ ਕੋਈ ਠੋਸ ਫੈਸਲਾ ਨਾ ਲਿਆ ਤਾਂ ਸੰਘਰਸ਼ ਵੱਡੇ ਪੱਧਰ 'ਤੇ ਲੜਿਆ ਜਾਵੇਗਾ। ਇਸ ਮੌਕੇ ਲਛਮਣ ਸਿੰਘ ਚੱਕ ਅਲੀਸ਼ੇਰ, ਰਾਜ ਸਿੰਘ ਅਕਲੀਆ, ਦਰਸ਼ਨ ਸਿੰਘ ਢੈਪਈ, ਧੰਨਜੀਤ ਸਿੰਘ ਢੈਪਈ, ਜਗਜੀਤ ਸਿੰਘ ਧਲੇਵਾਂ, ਰਾਜ ਸਿੰਘ ਧਲੇਵਾਂ, ਸੁਖਦੇਵ ਸਿੰਘ ਭੀਖੀ, ਹਰਦੇਵ ਸਿੰਘ ਬੁਰਜ ਰਾਠੀ, ਬਾਵਾ ਸਿੰਘ ਮਾਖਾ, ਜਗਜੀਤ ਸਿੰਘ ਧਲੇਵਾ, ਕਾਕਾ ਸਿੰਘ ਠੂਠਿਆਂਵਾਲੀ ਤੋਂ ਇਲਾਵਾ ਕਿਸਾਨ ਆਗੂ ਹਾਜ਼ਰ ਸਨ।

# ਵਿਧਾਇਕ ਦੇਵ ਮਾਨ ਨੇ ਵੱਖ-ਵੱਖ ਪਿੰਡਾਂ ਦੇ ਲੰਗਰਾਂ 'ਚ ਕੀਤੀ ਸੇਵਾ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**-ਹਰ ਇਨਸਾਨ ਨੂੰ ਵੱਧ ਚੜ੍ਹ ਕੇ ਲੰਗਰਾਂ ਵਿੱਚ ਸੇਵਾ ਕਰਨੀ ਚਾਹੀਦੀ ਹੈ ਤੇ ਆਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਦਾਨ ਕਰਨਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵੱਖ ਵੱਖ ਪਿੰਡਾਂ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਲਗਾਏ ਗਏ ਲੰਗਰਾਂ ਵਿੱਚ ਸੇਵਾ ਕਰਨ ਉਪਰੰਤ ਕੀਤਾ। ਵਿਧਾਇਕ ਦੇਵ ਮਾਨ ਵੱਲੋਂ ਰੋਟਰੀ ਕਲੱਬ, ਪਾਰਵਤੀ ਖੋਖਾ ਨੇੜੇ, ਮੈਹਸ ਗੇਟ, ਅਜੀਤ ਨਗਰ, ਜਸਪਾਲ ਕਲੋਨੀ, ਗੋਲਡਨ ਸਿਟੀ ਕਲੋਨੀ, ਰਾਮਗੜ੍ਹ ਬੋੜਾਂ ਕਲਾਂ, ਘਨੂੰੜਕੀ, ਬੋੜਾਂ ਖੁਰਦ, ਕਕਰਾਲਾ, ਬਿਨਾਂਹੇੜੀ, ਅੱਚਲ, ਕੋਟ ਕਲਾਂ, ਫੈਜਗੜ੍ਹ, ਛੀਟਾਂਵਾਲਾ, ਗਲਵੱਟੀ, ਲੱਧਾਹੇੜੀ, ਢੀਂਗੀ, ਦੁਲੱਦੀ, ਕਰਤਾਰ ਕਲੋਨੀ ਦੇ ਲੰਗਰਾਂ ਵਿੱਚ ਸ਼ਾਮਲ ਹੋ ਕੇ ਹਾਜ਼ਰੀ ਲਗਵਾਈ ਤੇ ਸੇਵਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਤੇਜਿੰਦਰ ਸਿੰਘ ਖਹਿਰਾ, ਅਮਨਦੀਪ ਸਿੰਘ ਰਹਿਲ ਪ੍ਰਧਾਨ ਟਰੱਕ ਯੂਨੀਅਨ ਨਾਭਾ, ਧਰਮਿੰਦਰ ਸਿੰਘ ਸੁਖੇਵਾਲ, ਭੁਪਿੰਦਰ ਸਿੰਘ ਕੱਲਰ ਮਾਜਰੀ, ਡਾ. ਸੁਖਦੇਵ ਸਿੰਘ ਸੰਧੂ, ਜਸਵੀਰ ਸਿੰਘ ਵਜੀਦਪੁਰ, ਮਨਜੀਤ ਸਿੰਘ ਤੇ ਹੋਰ ਅਹੁਦੇਦਾਰ ਮੌਜੂਦ ਸਨ।

## ਕਾਤਰਾਂ

### ਕੇਂਦਰੀ ਜੇਲ੍ਹ 'ਚੋਂ 2 ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 2 ਮੋਬਾਇਲ ਫੋਨ ਬਰਾਮਦ ਹੋਏ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 1 ਕੈਦੀ ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 6367 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 25 ਦਸੰਬਰ 2023 ਨੂੰ ਕਰੀਬ 11.45 ਏਐੱਮ ਵਜੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਬਲਾਕ ਨੰਬਰ 1 ਦੀ ਬੈਰਕ ਨੰਬਰ 3 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਕੈਦੀ ਧਵਨ ਪੁੱਤਰ ਬਲਵੀਰ ਸਿੰਘ ਵਾਸੀ ਚੱਕ ਟਾਹਲੀ ਵਾਲਾ ਥਾਣਾ ਸਦਰ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਕੋਲੋਂ 1 ਮੋਬਾਇਲ ਫੋਨ ਨੋਕੀਆ ਸਮੇਤ ਸਿੰਮ ਬਰਾਮਦ ਹੋਇਆ। ਜਾਂਚਕਰਤਾ ਗੁਰਮੇਲ ਸਿੰਘ ਨੇ ਦੱਸਿਆ ਕਿ ਇਕ ਹੋਰ ਪੱਤਰ ਨੰਬਰ 14907 ਰਾਹੀਂ ਗਿਸ਼ਵਪਾਲ ਗੋਇਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 25 ਦਸੰਬਰ 2023 ਨੂੰ ਕਰੀਬ ਸਾਢੇ 12 ਵਜੇ ਪੀ ਐੱਮ ਦੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਪੁਰਾਣੀ ਬੈਰਕ ਨੰਬਰ ਦੀ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ 1 ਮੋਬਾਇਲ ਫੋਨ ਸੈਮਸੰਗ ਬਿਨਾਂ ਸਿੰਮ ਕਾਰਡ ਲਵਾਰਿਸ ਬਰਾਮਦ ਹੋਇਆ।

### ਇਮੀਗਰੇਸ਼ਨ ਪਲੈਨਰ ਨੇ ਲਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਈਲਟਸ ਦੀ ਦੁਨੀਆ ਵਿੱਚ ਆਪਣਾ ਨਾਂਅ ਬਣਾ ਰਹੀ 'ਦਾ ਇੰਮੀਗ੍ਰੇਸ਼ਨ ਪਲੈਨਰ', ਜੋ ਕਿ ਕਾਲੇ ਕੇ ਰੋਡ ਉੱਪਰ ਸਥਿਤ ਹੈ, ਨੇ ਕੁਲਵੰਤ ਕੌਰ ਵਾਸੀ ਬਾਘਾ ਪੁਰਾਣਾ ਦਾ ਰਿਫਿਊਜ਼ਲ ਹੋਣ ਦੇ ਬਾਵਜੂਦ ਕੈਨੇਡਾ ਦਾ ਵਿਜ਼ਟਰ ਵੀਜ਼ਾ ਲਗਵਾਇਆ।ਕੁਲਵੰਤ ਕੌਰ ਨੇ ਸਟਾਫ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਲੱਗਿਆ ਹੈ।ਐੱਮ ਡੀ ਯੋਗੇਸ਼ ਗੋਇਲ ਨੇ ਕੁਲਵੰਤ ਕੌਰ ਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਹੈਰੋਇਨ, ਡਰੱਗ ਮਨੀ ਤੇ ਮੋਟਰਸਾਈਕਲ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨਾਰਕੋਟਿਕ ਕੰਟਰੋਲ ਸੈੱਲ ਫਿਰੋਜ਼ਪੁਰ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 10 ਗ੍ਰਾਮ ਹੈਰੋਇਨ, 10150 ਰੁਪਏ ਡਰੱਗ ਮਨੀ ਤੇ 1 ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਨਾਰਕੋਟਿਕ ਕੰਟਰੋਲ ਸੈੱਲ ਫਿਰੋਜ਼ਪੁਰ ਦੇ ਸਬ ਇੰਸਪੈਕਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਊਧਮ ਸਿੰਘ ਚੌਕ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਰਾਹੁਲ ਪੁੱਤਰ ਮੱਖਣ ਵਾਸੀ ਗੁਰੂ ਹਰਸਹਾਏ ਤੇ ਸੋਨੂੰ ਉਰਫ ਤੋਤੀ ਪੁੱਤਰ ਹਯਾਤਾ ਵਾਸੀ ਪੁਰਾਣੀ ਸਬਜ਼ੀ ਮੰਡੀ, ਬਗਦਾਦੀ ਗੇਟ ਸਿਟੀ ਫਿਰੋਜ਼ਪੁਰ ਹੈਰੋਇਨ ਵੇਚਣ ਦੇ ਆਦੀ ਹਨ ਤੇ ਇਨ੍ਹਾਂ 'ਤੇ ਪਹਿਲਾਂ ਵੀ ਮੁਕੱਦਮੇ ਦਰਜ ਹਨ, ਜੋ ਅੱਜ ਵੀ ਮੋਟਰਸਾਈਕਲ ਹੀਰੋ ਡੀਲਕਸ ਬਿਨਾਂ ਨੰਬਰੀ 'ਤੇ ਸਵਾਰ ਹੋ ਕੇ ਬਗਦਾਦੀ ਗੇਟ ਤੋਂ ਸ਼ਹੀਦ ਊਧਮ ਸਿੰਘ ਚੌਕ ਵੱਲ ਆ ਰਹੇ ਹਨ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀਆਨ ਨੂੰ ਸਮੇਤ ਉਕਤ ਮੋਟਰਸਾਈਕਲ ਦੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 10 ਗ੍ਰਾਮ ਹੈਰੋਇਨ, 10150 ਰੁਪਏ ਡਰੱਗ ਮਨੀ ਬਰਾਮਦ ਹੋਈ। ਪੁਲਸ ਨੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਲੋਕ ਧੁੰਦ ਦੇ ਸੀਜ਼ਨ ਦੌਰਾਨ ਸਫ਼ਰ ਘੱਟ ਕਰਨ : ਮੁਕਤੀਸਰ ਵੈੱਲਫੇਅਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਧਦੀ ਧੁੰਦ ਤੇ ਕੋਰੇ ਤੋਂ ਲੋਕਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਮੁਕਤੀਸਰ ਵੈੱਲਫੇਅਰ ਕਲੱਬ ਨੇ ਪੰਜਾਬ ਵਾਸੀਆਂ ਨੂੰ ਲੰਮੇ ਸਫ਼ਰਾਂ ਤੋਂ ਬਚਣ ਦੀ ਅਪੀਲ ਕੀਤੀ ਹੈ। ਕਲੱਬ ਨੇ ਕਿਹਾ ਕਿ ਰੋਜ਼ਾਨਾ ਸੜਕੀ ਹਾਦਸੇ ਹੋ ਰਹੇ ਹਨ ਤੇ ਲੋਕਾਂ ਦੀਆਂ ਕੀਮਤੀ ਜਾਨਾਂ ਜਾ ਰਹੀਆਂ ਹਨ।ਕਲੱਬ ਮੈਂਬਰਾਂ ਨੇ ਕਿਹਾ ਕਿ ਕੁਝ ਦਿਨਾਂ ਬਾਅਦ ਨਵਾਂ ਸਾਲ ਆ ਰਿਹਾ ਹੈ, ਮੁਕਤੀਸਰ ਵੈੱਲਫੇਅਰ ਕਲੱਬ ਦੀ ਟੀਮ ਲੋਕਾਂ ਦੀ ਤੰਦਰੁਸਤੀ ਲਈ ਅਰਦਾਸ ਕਰਦੀ ਹੈ, ਨਾਲ ਨਾਲ ਹੀ ਨੌਜਵਾਨਾਂ ਨੂੰ ਨਵੇਂ ਸਾਲ ਦੇ ਜਸ਼ਨਾਂ ਲਈ ਪਹਾੜੀ ਏਰੀਏ ਜਾਂ ਦੂਰ ਦੁਰਾਡੇ ਸ਼ਹਿਰਾਂ ਵਿੱਚ ਨਾ ਜਾਣ ਲਈ ਅਪੀਲ ਕਰਦੀ ਹੈ।ਉਨ੍ਹਾਂ ਕਿਹਾ ਕਿ ਇੱਕ ਇੱਕ ਵਿਅਕਤੀ ਦੀ ਜਾਨ ਕੀਮਤੀ ਹੈ, ਸਾਨੂੰ ਸਾਰਿਆਂ ਨੂੰ ਨਵਾਂ ਸਾਲ ਆਪਣੇ ਘਰ ਜਾਂ ਨੇੜੇ ਧਾਰਮਿਕ ਸਥਾਨਾਂ 'ਤੇ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਮਨਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਰਦ ਰੁੱਤ ਤੇ ਧੁੰਦ ਕਾਰਨ ਭਿਆਨਕ ਸੜਕੀ ਹਾਦਸੇ ਵਾਪਰ ਰਹੇ ਹਨ, ਜਿਨ੍ਹਾਂ ਦੇ ਗੰਭੀਰ ਨਤੀਜੇ ਨਿੱਕਲ ਰਹੇ ਹਨ, ਜਿਨ੍ਹਾਂ ਤੋਂ ਸਾਨੂੰ ਬਚਣ ਦੀ ਜ਼ਰੂਰਤ ਹੈ।ਅਸੀਂ ਆਪਣਾ ਖੂਨ ਸੜਕਾਂ 'ਤੇ ਡੋਲ੍ਹਣ ਦੀ ਬਜਾਏ ਲੋੜਵੰਦ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਦਾਨ ਕਰ ਸਕਦੇ ਹਾਂ।

# ਊਧਮ ਸਿੰਘ ਦੇ ਜਨਮ ਦਿਨ ਮੌਕੇ ਏ ਆਈ ਵਾਈ ਐੱਫ ਵੱਲੋਂ ਸ਼ਰਧਾਂਜਲੀ

■ ਸ਼ਹੀਦ ਊਧਮ ਸਿੰਘ ਦਾ ਜੀਵਨ ਫਲਸਫਾ ਬਾਕਮਾਲ ਤੇ ਪ੍ਰੇਰਨਾਦਾਇਕ : ਛਾਂਗਾ ਰਾਏ




**ਗੁਰੂ ਹਰਸਹਾਏ (ਦੀਪਕ ਵਧਾਵਨ)**
ਸਰਬ ਭਾਰਤ ਨੌਜਵਾਨ ਸਭਾ ਵੱਲੋਂ ਸ਼ਹੀਦ ਊਧਮ ਸਿੰਘ ਸੁਨਾਮ ਦੇ ਜਨਮ ਦਿਹਾੜੇ 'ਤੇ ਇਥੇ ਸ਼ਹੀਦ ਦੇ ਬੁੱਤ 'ਤੇ ਫੁੱਲ ਮਲਾਵਾਂ ਭੇਟ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਮਹਾਨ ਸ਼ਹੀਦ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਦਾ ਜੀਵਨ ਫਲਸਫਾ ਬਾਕਮਾਲ ਦਾ ਸੀ ਤੇ ਸਾਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਅਦੁੱਤੀ ਕੁਰਬਾਨੀ ਨੇ ਜਿੱਥੇ ਆਜ਼ਾਦੀ ਦੇ ਸੰਘਰਸ਼ ਨੂੰ ਬਹੁਤ ਵੱਡਾ ਹੁਲਾਰਾ ਦਿੱਤਾ ਅਤੇ ਅੰਗਰੇਜ਼ ਸਰਕਾਰ ਨੂੰ ਮਹਾਨ ਸ਼ਹੀਦਾਂ ਅੱਗੇ ਝੁਕਣਾ ਪਿਆ, ਉਥੇ ਦੇਸ਼ ਵਾਸੀਆਂ ਅੰਦਰ ਸਵੈਮਾਣ ਦੀ ਰੂਹ ਫੂਕੀ ਅਤੇ ਦੇਸ਼ ਆਜ਼ਾਦ ਹੋਇਆ। ਨੌਜਵਾਨਾਂ ਦੇ ਆਗੂ ਨੇ ਅੱਗੇ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀ ਸਦਕਾ ਅਜ਼ਾਦ ਹੋਇਆ ਦੇਸ਼ ਅੱਜ ਫਿਰ ਲੱਖਾਂ ਮੁਸੀਬਤਾਂ ਦਾ ਸਾਹਮਣਾ ਕਰ ਰਿਹਾ ਹੈ। ਸਮੇਂ ਦੀਆਂ ਸਰਕਾਰਾਂ ਨੇ ਸ਼ਹੀਦਾਂ ਦੀ ਸੋਚ ਦੇ ਬਿਲਕੁਲ ਉਲਟ ਨੀਤੀਆਂ ਬਣਾ ਕੇ ਸਾਮਰਾਜੀ ਹਕੂਮਤ ਦਾ ਪੱਖ ਪੂਰਿਆ ਹੈ। ਉਨ੍ਹਾ ਸੱਦਾ ਦਿੰਦਿਆਂ ਕਿਹਾ ਕਿ ਅੱਜ ਦੀ ਜਵਾਨੀ ਨੂੰ ਸ਼ਹੀਦਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਪੰਜਾਬ ਵਿੱਚ ਚਲਾਈ ਰੁਜ਼ਗਾਰ ਪ੍ਰਾਪਤੀ ਮੁਹਿੰਮ ਬਨੇਗਾ ਰਾਹੀਂ ਪੰਜਾਬ ਦੀ ਜਵਾਨੀ ਨੂੰ ਚੇਤਨ ਕਰਕੇ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕੀਤਾ ਜਾ ਰਿਹਾ ਹੈ, ਜਿਸ ਦੀ ਪ੍ਰਾਪਤੀ ਨਾਲ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਮੁੱਢ ਬੱਝੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ ਬਾਹਦਰ ਕੇ, ਪ੍ਰੇਮ ਬਾਹਦਰ ਕੇ, ਮਹਿਬੂਬ ਗੁਰੂ ਹਰਸਹਾਏ, ਵਰਿਆਮ ਸਿੰਘ, ਕੁਲਬੀਰ ਸਿੰਘ ਮਾਹਮੂ ਜੋਇਆ, ਸੰਦੀਪ ਬਾਹਦਰ ਕੇ, ਦਰਸ਼ਨ ਬਾਹਦਰ ਵੀ ਹਾਜ਼ਰ ਸਨ।

# ਡਾ. ਬੰਦਨਾ ਬਾਂਸਲ ਨੇ ਟੀਕਾਕਰਨ ਕੈਂਪਾਂ ਦਾ ਲਿਆ ਜਾਇਜ਼ਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿਹਤ ਵਿਭਾਗ ਵੱਲੋਂ ਡਾ. ਨਵਜੋਤ ਕੌਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿੱਚ ਟੀਕਾਕਰਨ ਪ੍ਰੋਗਰਾਮ ਅਧੀਨ ਜ਼ਿਲ੍ਹੇ ਵਿੱਚ ਹਰ ਬੁੱਧਵਾਰ ਨੂੰ ਵਿਸ਼ੇਸ਼ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ।ਇਸ ਸਬੰਧੀ ਡਾ. ਬੰਦਨਾ ਬਾਂਸਲ ਡਿਪਟੀ ਮੈਡੀਕਲ ਕਮਿਸ਼ਨਰ-ਕਮ-ਜ਼ਿਲ੍ਹਾ ਟੀਕਾਕਰਨ ਅਫਸਰ ਨੇ ਸ੍ਰੀ ਮੁਕਤਸਰ ਸਾਹਿਬ ਵਿੱਚ ਲਗਾਏ ਜਾ ਰਹੇ ਟੀਕਾਕਰਨ ਕੈਂਪਾਂ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾ ਕਿਹਾ ਕਿ ਸਿਹਤ ਵਿਭਾਗ ਵੱਲੋਂ ਬੱਚਿਆਂ ਦੀ ਮੌਤ ਦਰ ਨੂੰ ਘਟਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਵਿੱਚ ਮਾਂ ਦੀ ਗਰਭ ਦੌਰਾਨ ਦੇਖ ਭਾਲ ਦੇ ਨਾਲ ਨਾਲ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫਤ ਜਨੇਪੇ ਕੀਤੇ ਜਾ ਰਹੇ ਹਨ ਤੇ ਬੱਚਿਆਂ ਨੂੰ ਮਾਰੂ ਬੀਮਾਰੀਆਂ ਤੋਂ ਬਚਾਉਣ ਲਈ ਜਨਮ ਤੋਂ ਹੀ ਮੁਫਤ ਟੀਕਾਕਰਨ ਸ਼ੁਰੂ ਕੀਤਾ ਜਾਂਦਾ ਹੈ ਤੇ ਹਰ ਬੁੱਧਵਾਰ ਸਾਰੇ ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਸ਼ੇਸ਼ ਟੀਕਾਕਰਨ ਕੈਂਪ ਲਗਾ ਕੇ ਬੱਚਿਆਂ ਨੂੰ 12 ਮਾਰੂ ਬੀਮਾਰੀਆਂ ਤੋਂ ਬਾਚਅ ਲਈ ਟੀਕਾਕਰਨ ਕੀਤਾ ਜਾਂਦਾ ਹੈ।ਇਸ ਲਈ ਕਿਸੇ ਵੀ ਬੀਮਾਰੀ ਨੂੰ ਜੜ੍ਹੋਂ ਖਤਮ ਕਰਨ ਲਈ ਸਮਾਜ ਦੇ ਸਾਰੇ ਬੱਚਿਆਂ ਦਾ ਮੁਕੰਮਲ ਟੀਕਾਕਰਨ ਜ਼ਰੂਰੀ ਹੈ।ਇਸ ਸਮੇਂ ਉਨ੍ਹਾ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਤੇ ਸ਼ਹਿਰ ਵਿੱਚ ਲਗਾਏ ਜਾ ਰਹੇ ਟੀਕਾਕਰਨ ਕੈਂਪਾਂ ਦਾ ਜਾਇਜ਼ਾ ਲਿਆ ਤੇ ਸਟਾਫ ਨੂੰ ਬੱਚਿਆਂ ਦਾ ਮੁਕੰਮਲ ਟੀਕਾਕਰਨ ਕਰਨ ਲਈ ਕਿਹਾ।

# ਸ਼ਹੀਦੀ ਸਭਾ ਦੇ ਪਹਿਲੇ 24 ਘੰਟੇ ਦੌਰਾਨ 5734 ਮਰੀਜ਼ਾਂ ਨੂੰ ਦਿੱਤੀਆਂ ਸੇਵਾਵਾਂ : ਸਿਵਲ ਸਰਜਨ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਸ਼ਹੀਦੀ ਸਭਾ 'ਤੇ ਨਤਮਸਤਕ ਹੋਣ ਲਈ ਆਉਣ ਵਾਲੀਆਂ ਸੰਗਤਾਂ ਨੂੰ 24 ਘੰਟੇ ਨਿਰਵਿਘਨ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਸਭਾ ਦੇ ਖੇਤਰ ਵਿੱਚ ਸਥਾਪਤ ਕੀਤੀਆਂ 07 ਆਰਜ਼ੀ ਡਿਸਪੈਂਸਰੀਆਂ ਵਿੱਚ ਸਭਾ ਦੇ ਪਹਿਲੇ ਦਿਨ 4138 ਮਰੀਜ਼ਾਂ ਦੀ ਓ ਪੀ ਡੀ ਹੋਈ, ਜਦਕਿ ਰਾਤ ਨੂੰ 1596 ਮਰੀਜ਼ਾਂ ਦੀ ਓ ਪੀ ਡੀ ਕੀਤੀ ਗਈ। ਇਸ ਤਰ੍ਹਾਂ ਪਹਿਲੇ 24 ਘੰਟੇ ਦੌਰਾਨ 5734 ਮਰੀਜ਼ ਓ ਪੀ ਡੀ ਵਿੱਚ ਵੇਖ ਕੇ ਉਨ੍ਹਾਂ ਦਾ ਇਲਾਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਮਰੀਜ਼ ਪੇਟ ਦੀਆਂ ਤਕਲੀਫਾਂ ਤੇ ਸਰੀਰ ਦਰਦ ਨਾਲ ਸੰਬੰਧਤ ਪਾਏ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਮਰੀਜ਼ਾਂ ਨੂੰ ਲੋੜੀਂਦੀਆਂ ਸਾਰੀਆਂ ਦਵਾਈਆਂ ਤੁਰੰਤ ਮੁਫਤ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਡਿਸਪੈਂਸਰੀਆਂ ਵਿੱਚ ਦਵਾਈਆਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਤੇ ਇਸ ਸਬੰਧੀ ਉਹ ਖੁਦ ਤੇ ਪ੍ਰੋਗਰਾਮ ਅਫਸਰਾਂ ਵੱਲੋਂ ਲਗਾਤਾਰ ਸਿਹਤ ਸੇਵਾਵਾਂ ਦੀ ਸੁਪਰਵੀਜ਼ਨ ਕੀਤੀ ਜਾ ਰਹੀ ਹੈ ਅਤੇ ਲੋੜੀਂਦੀਆਂ ਦਵਾਈਆਂ ਸਪੈਸ਼ਲ ਵਹੀਕਲਾਂ ਦੁਆਰਾ ਤੁਰੰਤ ਪਹੁੰਚਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਸਿਹਤ ਸਹੂਲਤਾਂ, ਸਿਹਤ ਸਕੀਮਾਂ ਤੇ ਬਿਮਾਰੀਆਂ ਸਬੰਧੀ ਸੰਗਤਾਂ ਨੂੰ ਜਾਗਰੂਕ ਕਰਨ ਲਈ ਜਾਗਰੂਕਤਾ ਪ੍ਰਦਰਸ਼ਨੀ ਵੀ ਲਗਾਈ ਗਈ ਹੈ, ਜਿਸ ਵਿੱਚ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਦਲਜੀਤ ਕੌਰ, ਡੀ ਪੀ ਐੱਮ ਕਸੀਤਿਜ ਸੀਮਾ, ਬੀਸੀਸੀ ਅਮਰਜੀਤ ਸਿੰਘ ਆਦਿ ਵੱਲੋਂ ਸਿਹਤ ਸਮੱਸਿਆਵਾਂ ਤੇ ਸਿਹਤ ਸਕੀਮਾਂ ਦਾ ਲਾਭ ਲੈਣ ਲਈ ਸੰਗਤਾਂ ਨੂੰ ਪ੍ਰੇਰਿਤ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਚੀਫ ਫਾਰਮੇਸੀ ਅਫਸਰ ਵਰਿੰਦਰਪਾਲ ਸਿੰਘ, ਫਾਰਮੇਸੀ ਅਫਸਰ ਸੰਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਈ ਟੀ ਟੀ ਟੈਟ ਪਾਸ ਅਧਿਆਪਕਾਂ ਦੀਆਂ ਭਰਤੀਆਂ ਨੂੰ ਜਲਦ ਪੂਰਾ ਕੀਤਾ ਜਾਵੇ : ਆਗੂ

**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਈ ਟੀ ਟੀ ਦੀਆਂ 2364, 6635, 5994 (14993) ਆਸਾਮੀਆਂ ਨੂੰ ਤੁਰੰਤ ਭਰਨ ਲਈ ਕਾਰਵਾਈ ਕੀਤੀ ਜਾਵੇ। ਇਸ ਸੰਬੰਧੀ ਮੰਗ ਕਰਦਿਆਂ ਬੇਰੁਜ਼ਗਾਰ ਅਧਿਆਪਕ ਤੇ ਮਾਪੇ ਐਕਸ਼ਨ ਕਮੇਟੀ ਬਰੇਟਾ (ਮਾਨਸਾ) ਵੱਲੋਂ ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਨੂੰ ਆਨਲਾਈਨ ਮੰਗ ਪੱਤਰ ਭੇਜਿਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਮੈਂਬਰ ਗੁਰਮੀਤ ਸਿੰਘ ਬਹਾਦਰਪੁਰ, ਮੇਜਰ ਸਿੰਘ ਕੈਂਥ ਬਰੇਟਾ ਨੇ ਕਿਹਾ ਕਿ ਇਨ੍ਹਾਂ ਭਰਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਆਪਣੇ ਚੋਣਾਂ ਸਮੇਂ ਰੁਜ਼ਗਾਰ ਦੇਣ ਦੇ ਵਾਅਦੇ ਨੂੰ ਪੂਰਾ ਨਾ ਕਰਨ ਦੀ ਟਾਲ ਮਟੋਲ ਨੀਤੀ 'ਤੋਂ ਲ ਰਹੀ ਹੈ। ਇਨ੍ਹਾਂ ਭਰਤੀਆਂ ਸੰਬੰਧੀ ਮਾਣਯੋਗ ਸਰਵਉੱਚ ਅਦਾਲਤਾਂ ਵੱਲੋਂ ਸਪੱਸ਼ਟ ਫੈਸਲਾ ਦਿੰਦਿਆਂ ਕਿਹਾ ਕਿ ਇਨ੍ਹਾਂ ਭਰਤੀਆਂ ਵਿੱਚ ਉਨ੍ਹਾਂ ਉਮੀਦਵਾਰਾਂ ਨੂੰ ਵਿਚਾਰਿਆ ਜਾਵੇ ਜਿਨ੍ਹਾਂ ਕੋਲ ਡੀ ਐੱਲ ਐੱਡ (ਈ.ਟੀ.ਟੀ.) ਦਾ ਦੋ ਸਾਲ ਦਾ ਡਿਪਲੋਮਾ ਪਾਸ ਹੈ, ਕਿਉਂਕਿ 6635 ਅਧਿਆਪਕਾਂ ਦੀ ਭਰਤੀ ਸਮੇਂ ਕੁਝ ਉਮੀਦਵਾਰ ਭਰਤੀ ਬੋਰਡ ਨੇ ਸ਼ਾਮਲ ਕਰ ਲਏ ਸੀ, ਜਿਨ੍ਹਾਂ ਕੋਲ ਸਿਰਫ ਬਰਿਜ ਕੋਰਸ, ਜੋ ਕਿ ਦੋ ਸਾਲਾਂ ਤੋਂ ਘੱਟ ਹੈ। ਸਿੱਖਿਆ ਵਿਭਾਗ ਦੇ ਭਰਤੀ ਸੈੱਲ ਨੇ ਮਾਣਯੋਗ ਸਰਵਉੱਚ ਅਦਾਲਤ ਦੇ ਫੈਸਲੇ ਦਾ ਪਾਲਣ ਕਰਦੇ ਉੱਚ ਵਿੱਦਿਆ ਵਾਲਿਆਂ ਨੂੰ ਇਸ ਭਰਤੀ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ,ਕਿਉਂਕਿ ਮਾਣਯੋਗ ਸਰਵਉੱਚ ਅਦਾਲਤ ਨੇ ਪ੍ਰਾਇਮਰੀ ਅਧਿਆਪਕਾਂ ਲਈ ਮੁੱਢਲੀ ਯੋਗਤਾ ਈ ਟੀ ਟੀ (ਟੈੱਟ ਪਾਸ) ਨੂੰ ਯੋਗ ਮੰਨਿਆ ਹੈ। ਉਪਰੋਕਤ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ 2364 ਦੀ ਕੌਂਸਲਿੰਗ ਕਰਨ ਸਮੇਂ ਉਨ੍ਹਾਂ ਉਮੀਦਵਾਰਾਂ ਤੋਂ ਹਲਫੀਆ ਬਿਆਨ ਲਿਆ ਜਾਵੇ, ਜੋ ਪਹਿਲਾਂ ਹੀ ਸਿੱਖਿਆ ਵਿਭਾਗ ਵਿੱਚ ਬਤੌਰ ਈ ਟੀ ਟੀ ਟੀਚਰ ਦੇ ਤੌਰ 'ਤੇ ਕੰਮ ਕਰ ਰਹੇ ਹਨ, ਉਨ੍ਹਾਂ ਉਮੀਦਵਾਰਾਂ ਨੂੰ ਵਿਚਾਰਨ ਨਾਲ ਬਾਕੀ ਉਮੀਦਵਾਰਾਂ ਨਾਲ ਧੱਕਾ ਹੋਵੇਗਾ ਤੇ ਉਨ੍ਹਾਂ ਉਮੀਦਵਾਰਾਂ ਨੂੰ ਦੁਬਾਰਾ ਉੱਚ ਅਦਾਲਤ ਦੇ ਬੂਹੇ ਖੜਕਾਉਣ ਲਈ ਮਜਬੂਰ ਨਾ ਕੀਤਾ ਜਾਵੇ, ਸਗੋਂ ਉਨ੍ਹਾਂ ਈ ਟੀ ਟੀ ਅਧਿਆਪਕਾਂ ਖਿਲਾਫ ਕਾਨੂੰਨੀ ਕਰਾਵਾਈ ਕੀਤੀ ਜਾਵੇ ਜੋ ਕਿ ਪਹਿਲਾਂ ਹੀ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਹਨ। 6635 ਆਸਾਮੀਆਂ ਦੀ 600 ਦੇ ਕਰੀਬ ਖਾਲੀ ਪਈਆਂ ਪੋਸਟਾਂ ਦੀ ਵੇਟਿੰਗ ਲਿਸਟ ਜਲਦੀ ਪੂਰੀ ਕੀਤੀ ਜਾਵੇ। ਜੋ ਉਮੀਦਵਾਰ 6635 ਜੁਆਇੰਨ ਕਰਨ ਤੋਂ ਬਾਅਦ ਇਸ ਆਸਾਮੀ ਤੋਂ ਰਿਜ਼ਾਇਨ ਦੇ ਕੇ 4161 ਜਾਂ ਕਿਸੇ ਹੋਰ ਵਿਭਾਗ ਵਿੱਚ ਜੁਆਇੰਨ ਕਰ ਚੁੱਕੇ ਹਨ, ਉਹ ਖਾਲੀ ਰਹਿੰਦੀਆਂ ਪੋਸਟਾਂ ਦਾ ਵੀ ਡਾਟਾ ਇੱਕਠਾ ਕਰਕੇ ਅਗਲੇ ਉਮੀਦਵਾਰ, ਜੋ ਵੇਟਿੰਗ ਵਿੱਚ ਹਨ, ਨੂੰ ਨਿਯੁਕਤੀ ਪੱਤਰ ਦਿੱਤੇ ਜਾਣ ਤਾਂ ਜੋ ਵੱਧ ਤੋਂ ਵੱਧ ਬੇਰੁਜ਼ਗਾਰ ਨੌਕਰੀ ਪ੍ਰਾਪਤ ਕਰ ਸਕਣ। ਇਸ ਸਮੇਂ ਸੁਖਦੇਵ ਸਿੰਘ ਬਹਾਦਰਪੁਰ ਤੇ ਮੋਹਨ ਸਿੰਘ ਬਰੇਟਾ ਹਾਜ਼ਰ ਹਨ।

# ਦਿ ਰੌਇਲ ਗਲੋਬਲ ਸਕੂਲ 'ਚ ਮਨਾਇਆ ਕ੍ਰਿਸਮਸ ਦਿਵਸ



**ਭੀਖੀ (ਧਰਮਵੀਰ ਸ਼ਰਮਾ)**-ਦਿ ਰੌਇਲ ਗਲੋਬਲ ਸਕੂਲ ਖਿਆਲਾ ਕਲਾਂ ਵਿਖੇ ਕ੍ਰਿਸਮਸ ਡੇਅ ਮਨਾਇਆ ਗਿਆ। ਛੋਟੇ ਛੋਟੇ ਵਿਦਿਆਰਥੀਆਂ ਵੱਲੋਂ ਸਾਂਤਾ ਕਲਾਜ਼ ਬਣ ਕੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਭੰਗੜਾ, ਕ੍ਰਿਸਮਸ ਨਾਲ ਸੰਬੰਧਤ ਨਾਟਕ, ਗੀਤ ਆਦਿ ਪੇਸ਼ ਕੀਤੇ ਗਏ। ਸਕੂਲ ਦੇ ਕੈਂਪਸ ਅੰਦਰ ਕ੍ਰਿਸਮਸ ਟ੍ਰੀ, ਸੈਲਫੀ ਪੁਆਇੰਟ ਆਦਿ ਬਣਾਇਆ ਗਿਆ। ਸਾਂਤਾ ਕਲਾਜ਼ ਬਣੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਚਾਕਲੇਟ, ਟਾਫੀਆਂ ਵੰਡਦੇ ਹੋਏ ਕ੍ਰਿਸਮਸ ਦਿਹਾੜੇ ਦੀ ਖ਼ੁਸ਼ੀ ਪ੍ਰਗਟ ਕੀਤੀ ਗਈ। ਇਸ ਮੌਕੇ ਕਿੰਡਰਗਾਰਟਨ ਦੇ ਨੰਨ੍ਹੇ-ਮੁੰਨੇ ਬੱਚੇ ਸੈਂਟਾ ਕਲਾਜ ਦੀ ਡਰੈੱਸ ਵਿੱਚ ਸਜੇ ਹੋਏ ਬੜੇ ਹੀ ਸੁੰਦਰ ਲੱਗ ਰਹੇ ਸੀ। ਇਹ ਦਿਨ ਸਕੂਲ ਦੇ ਬੱਚਿਆਂ ਲਈ ਖਾਸ ਰਿਹਾ, ਕਿਉਂਕਿ ਵੱਡੇ ਦਿਨ ਦੇ ਨਾਮ ਨਾਲ ਜਾਣੇ ਜਾਂਦੇ ਇਸ ਤਿਉਹਾਰ ਨੂੰ ਮਨਾਉਣ ਲਈ ਬੱਚਿਆਂ 'ਚ ਇਕ ਵੱਖਰਾ ਹੀ ਜੋਸ਼ ਸੀ। ਸਕੂਲ ਦਾ ਮਾਹੌਲ ਬੱਚਿਆਂ ਦੁਆਰਾ ਪਾਈਆਂ ਪੋਸ਼ਾਕਾਂ ਨਾਲ ਰੰਗਦਾਰ ਬਣਿਆ ਹੋਇਆ ਸੀ। ਧੁੰਦ ਤੇ ਸਰਦੀ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਬੱਚੇ ਕ੍ਰਿਸਮਸ ਮਨਾਉਣ 'ਚ ਵਿਅਸਤ ਦਿਖਾਈ ਦਿੱਤੇ। ਸਕੂਲ 'ਚ ਸਾਰੇ ਪਾਸੇ ਜਿੰਗਲ ਬੈੱਲ, ਜਿੰਗਲ ਬੈੱਲ ਦੀ ਧੁੰਨ ਗੂੰਜ ਰਹੀ ਸੀ। ਸਕੂਲ ਪ੍ਰਿੰਸੀਪਲ ਸ੍ਰੀਮਤੀ ਯੋਗਿਤਾ ਭਾਟੀਆ ਨੇ ਦੱਸਿਆ ਕਿ ਸਕੂਲ ਵਿੱਚ ਹਰ ਧਰਮ ਦੇ ਤਿਉਹਾਰ ਇਸ ਲਈ ਮਨਾਏ ਜਾਂਦੇ ਹਨ ਕਿ ਵਿਦਿਆਰਥੀਆਂ ਨੂੰ ਹਰ ਧਰਮ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ, ਕਿਉਂਕਿ ਹਰ ਧਰਮ ਦਾ ਉਦੇਸ਼ ਮਾਨਵਤਾ ਦਾ ਭਲਾ ਤੇ ਨਸ਼ਿਆਂ ਤੋਂ ਦੂਰੀ ਹੈ।

# ਕਮਿਊਨਿਟੀ ਹੈੱਲਥ ਅਫ਼ਸਰਾਂ ਨੇ ਕੀਤਾ ਆਨਲਾਈਨ ਕੰਮ ਬੰਦ


ਹੈੱਲਥ ਐਂਡ ਵੈੱਲਨੈੱਸ ਸੈਂਟਰਾਂ 'ਤੇ ਕੰਮ ਕਰਦੇ ਕਮਿਊਨਿਟੀ ਹੈੱਲਥ ਅਫ਼ਸਰ ਆਨਲਾਈਨ ਕੰਮ ਬੰਦ ਕਰਕੇ ਅਧਿਕਾਰੀ ਨੂੰ ਮੰਗ ਪੱਤਰ ਦਿੰਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਹੈੱਲਥ ਐਂਡ ਵੈੱਲਨੈੱਸ ਸੈਂਟਰਾਂ 'ਤੇ ਕੰਮ ਕਰਦੇ ਕਮਿਊਨਿਟੀ ਹੈਲਥ ਅਫ਼ਸਰਾਂ ਨੇ ਬੀਤੇ ਕੱਲ੍ਹ ਤੋਂ ਸਾਰੇ ਆਨਲਾਈਨ ਕੰਮ ਬੰਦ ਕਰ ਦਿੱਤੇ ਹਨ।ਪ੍ਰੈੱਸ ਨਾਲ ਗੱਲ ਕਰਦਿਆਂ ਸੀ ਐੱਚ ਓ ਜੁਆਇੰਟ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਅੱਜ ਤੋਂ ਉਨ੍ਹਾਂ ਵੱਲੋਂ ਸਾਰੇ ਆਨਲਾਈਨ ਕੰਮ ਜਿਵੇਂ ਹੈਲਥ ਐਂਡ ਵੈੱਲਨੈੱਸ ਪੋਰਟਲ ਤੇ ਰੋਜ਼ਾਨਾ ਦੀਆਂ ਐਂਟਰੀ, ਟੈਲੀਕੰਸਲਟੇਸ਼ਨ, ਐੱਨਸੀਡੀ ਪੋਰਟਲ, ਵਿਕਸਿਤ ਭਾਰਤ ਸੰਕਲਪ ਯਾਤਰਾ ਦੀ ਆਨਲਾਈਨ ਰਿਪੋਰਟਿੰਗ ਆਦਿ ਬੰਦ ਕਰ ਦਿੱਤੇ ਗਏ ਨੇ, ਜਿਸ ਸਬੰਧੀ ਉਨ੍ਹਾਂ ਵੱਲੋਂ ਇੱਕ ਹਫਤਾ ਪਹਿਲਾਂ ਹੀ ਜ਼ਿਲ੍ਹੇ ਤੇ ਸਿਵਲ ਸਰਜਨ ਅਤੇ ਸਟੇਟ ਤੇ ਐੱਮ ਡੀ ਐੱਨ ਐੱਚ ਐੱਮ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਨੂੰ ਵੀ ਦੇ ਦਿੱਤੀ ਗਈ ਸੀ।ਆਗੂਆਂ ਨੇ ਦੱਸਿਆ ਕਿ ਪਿਛਲੇ ਲੰਮੇਂ ਸਮੇਂ ਤੋਂ ਕਮਿਊਨਿਟੀ ਹੈੱਲਥ ਅਫ਼ਸਰਾਂ ਵੱਲੋਂ ਹੈਲਥ ਐਂਡ ਵੈੱਲਨੈੱਸ ਸੈਂਟਰਾਂ ਉੱਪਰ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਸੀ ਐੱਚ ਓ ਵੱਲੋਂ ਕੋਰੋਨਾ ਕਾਲ ਤੇ ਹੜ੍ਹਾਂ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਗਈ, ਪਰ ਵਿਭਾਗ ਵੱਲੋਂ ਪਿਛਲੇ ਲੰਮੇਂ ਸਮੇਂ ਤੋਂ ਉਨ੍ਹਾਂ ਨਾਲ ਵਧੀਕੀ ਕੀਤੀ ਜਾ ਰਹੀ ਹੈ।ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਉਨ੍ਹਾਂ ਨੂੰ 5000 ਰੁਪਏ ਘੱਟ ਤਨਖਾਹ ਦਿੱਤੀ ਜਾ ਰਹੀ ਹੈ, ਜਿਸ ਦੇ ਸਬੰਧ ਵਿੱਚ ਯੂਨੀਅਨ ਵੱਲੋਂ ਸਿਹਤ ਮੰਤਰੀ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਬਹੁਤ ਵਾਰ ਮੀਟਿੰਗ ਕਰਕੇ ਜਾਣੂ ਕਰਵਾਇਆ ਗਿਆ, ਪਰ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ।ਇਸ ਤੋਂ ਉਲਟ ਸਾਡੇ ਟਾਰਗੇਟ ਵਿੱਚ ਬਦਲਾਅ ਕਰਕੇ ਸਾਡੇ ਕੰਮਾਂ ਨੂੰ ਹੋਰ ਔਖਾ ਕੀਤਾ ਜਾ ਰਿਹਾ ਹੈ ਤੇ ਸਾਰੇ ਕੰਮ ਆਨਲਾਈਨ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਦਕਿ ਆਨਲਾਈਨ ਕੰਮ ਕਰਨ ਲਈ ਨਾ ਤੇ ਹੈਲਥ ਐਂਡ ਵੈੱਲਨੈੱਸ ਸੈਂਟਰਾਂ 'ਤੇ ਕੋਈ ਇੰਟਰਨੈੱਟ ਦੀ ਫੈਸਿਲਟੀ ਹੈ ਤੇ ਨਾ ਹੀ ਕੋਈ ਕੰਪਿਊਟਰ ਆਪਰੇਟਰ ਦੀ ਭਰਤੀ ਕੀਤੀ ਗਈ ਹੈ।ਜੇਕਰ ਸੀ ਐੱਚ ਓ ਵੱਲੋਂ ਇਹ ਸਾਰੇ ਕੰਮ ਆਪਣੇ ਆਪ ਆਨਲਾਈਨ ਕੀਤੇ ਜਾਣਗੇ ਤਾਂ ਲੋਕਾਂ ਨੂੰ ਮਿਲ ਰਹੀਆਂ ਜ਼ਰੂਰੀ ਸਿਹਤ ਸਹੂਲਤਾਂ ਜਿਵੇਂ ਓਪੀਡੀ, ਗੈਰ ਸੰਚਾਰੀ ਬਿਮਾਰੀਆਂ ਦੀ ਸਕਰੀਨਿੰਗ, ਗਰਭਵਤੀ ਔਰਤਾਂ ਤੇ ਬੱਚਿਆਂ ਦੀ ਜਾਂਚ, ਵੱਖ ਵੱਖ ਪਿੰਡਾਂ ਵਿੱਚ ਲਗਾਏ ਜਾਂਦੇ ਮੈਡੀਕਲ ਜਾਂਚ ਕੈਂਪ ਆਦਿ ਪ੍ਰਭਾਵਿਤ ਹੋਣਗੇ।ਉਨ੍ਹਾਂ ਕਿਹਾ ਕਿ ਸਟੇਟ ਯੂਨੀਅਨ ਵੱਲੋਂ ਉੱਚ ਅਧਿਕਾਰੀਆਂ ਨੂੰ ਇਨ੍ਹਾਂ ਮਸਲਿਆਂ ਦੇ ਹੱਲ ਲਈ ਮੀਟਿੰਗ ਲਈ ਪੱਤਰ ਵੀ ਭੇਜਿਆ ਗਿਆ ਸੀ, ਪਰ ਵਿਭਾਗ ਵੱਲੋਂ ਉਸ ਦਾ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ, ਇਸ ਲਈ ਪਹਿਲਾਂ ਦਿੱਤੇ ਮੰਗ ਪੱਤਰ ਅਨੁਸਾਰ 26 ਦਸੰਬਰ ਤੋਂ 31 ਦਸੰਬਰ ਤੱਕ ਸਾਰੇ ਹੈੱਲਥ ਐਂਡ ਵੈੱਲਨੈੱਸ ਸੈਂਟਰਾਂ 'ਤੇ ਆਨਲਾਈਨ ਕੰਮ ਬੰਦ ਕਰ ਦਿੱਤਾ ਗਿਆ ਹੈ।ਜੇਕਰ ਇਸ ਤੋਂ ਬਾਅਦ ਵੀ ਵਿਭਾਗ ਵੱਲੋਂ ਕੋਈ ਜਵਾਬ ਨਹੀਂ ਆਉਂਦਾ ਤਾਂ ਯੂਨੀਅਨ ਦੀ ਕਾਲ 'ਤੇ ਸਾਰੇ ਪੰਜਾਬ ਦੇ ਸੀ ਐੱਚ ਓ ਵੱਲੋਂ ਸਾਰਾ ਕੰਮ ਬੰਦ ਕਰਕੇ ਜ਼ਿਲ੍ਹੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਸੁਣਵਾਈ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ ਹੋਰ ਤੇਜ਼ ਕਰਕੇ ਚੰਡੀਗੜ੍ਹ ਸਿਹਤ ਵਿਭਾਗ ਦੇ ਦਫ਼ਤਰ ਅੱਗੇ ਧਰਨਾ ਲਗਾਇਆ ਜਾਵੇਗਾ, ਜਿਸ ਦੀ ਨਿਰੋਲ਼ ਜ਼ਿੰਮੇਵਾਰੀ ਵਿਭਾਗ ਦੀ ਹੋਵੇਗੀ।

# ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀਆਂ ਦਾ ਡੀ ਸੀ ਦਫ਼ਤਰ 'ਚ ਐਕਸਪੋਜ਼ਰ ਵਿਜ਼ਟ

■ ਡਿਪਟੀ ਕਮਿਸ਼ਨਰ ਤੇ ਐੱਸ ਡੀ ਐੱਮ ਨਾਲ ਕੀਤੀਆਂ ਸਿੱਧੀਆਂ ਗੱਲਾਂ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਵਿੱਦਿਅਕ ਅਨੁਭਵ ਵਿੱਚ ਵਾਧਾ ਕਰਨ ਤੇ ਪ੍ਰਸ਼ਾਸਨਕ ਪ੍ਰਣਾਲੀ ਬਾਰੇ ਚੇਤਨਤਾ ਪੈਦਾ ਕਰਨ ਦੇ ਮਨੋਰਥ ਵਜੋਂ ਐਕਸਪੋਜ਼ਰ ਵਿਜ਼ਟ ਕਰਵਾਏ ਜਾ ਰਹੇ ਹਨ।ਇਸ ਦੀ ਲਗਾਤਾਰਤਾ ਵਿੱਚ ਅੱਜ ਸਕੂਲ ਆਫ਼ ਐਮੀਨੈਂਸ ਬਾਘਾ ਪੁਰਾਣਾ ਤੇ ਨਿਹਾਲ ਸਿੰਘ ਵਾਲਾ ਦੇ ਵਿਦਿਆਰਥੀਆਂ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਮੋਗਾ, ਐੱਸ ਡੀ ਐੱਮ ਦਫ਼ਤਰ ਮੋਗਾ ਤੇ ਇਸ ਦੀਆਂ ਵੱਖ ਵੱਖ ਮਹੱਤਵਪੂਰਨ ਸ਼ਾਖਾਵਾਂ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਦਫ਼ਤਰ ਐਲੀਮੈਂਟਰੀ ਤੇ ਸੈਕੰਡਰੀ ਦਾ ਵਿਜ਼ਟ ਕਰਵਾਇਆ ਗਿਆ।ਇਸ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਖੁਦ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਤੇ ਦਫ਼ਤਰ ਦੀਆਂ ਵੱਖ ਵੱਖ ਸ਼ਾਖਾਵਾਂ ਦਾ ਦੌਰਾ ਕਰਵਾਇਆ।ਇਸ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨਾਲ ਦਿਲ ਖੋਲ੍ਹ ਕੇ ਮਹੱਤਵਪੂਰਨ ਤੇ ਉਨ੍ਹਾਂ ਦੇ ਭਵਿੱਖ ਵਿੱਚ ਕੰਮ ਆਉਣ ਵਾਲੀਆਂ ਗੱਲਾਂ ਸਾਂਝੀਆਂ ਕੀਤੀਆਂ।ਪ੍ਰਸ਼ਾਸਨ ਵੱਲੋਂ ਕਿਵੇਂ ਲੋਕਾਂ ਨੂੰ ਪ੍ਰਸ਼ਾਸਨਕ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਅੱਜ ਦੀ ਨੌਜਵਾਨ ਪੀੜ੍ਹੀ ਪੰਜਾਬ ਵਿੱਚ ਆਪਣਾ ਭਵਿੱਖ ਬਣਾਉਣ ਦੀ ਬਿਜਾਏ ਵਿਦੇਸ਼ਾਂ ਵਿੱਚ ਜਾਣ ਨੂੰ ਤਰਜੀਹ ਦੇ ਰਹੀ ਹੈ, ਜਿਹੜੀ ਕਿ ਚਿੰਤਾ ਦਾ ਵਿਸ਼ਾ ਹੈ।ਉਨ੍ਹਾ ਦੱਸਿਆ ਕਿ ਨੌਜਵਾਨਾਂ ਨੂੰ ਪੰਜਾਬ ਵਿੱਚ ਹੀ ਰਹਿ ਕੇ ਆਪਣੀ ਕੜੀ ਮਿਹਨਤ ਨਾਲ ਉੱਚ ਪੱਧਰੀ ਅਹੁਦੇ ਪ੍ਰਾਪਤ ਕਰਨ, ਵਧੀਆ ਕਾਰੋਬਾਰ ਚਲਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਸੌਖੀ ਹੋਣ ਦੇ ਨਾਲ ਨਾਲ ਪੰਜਾਬ ਨੂੰ ਤਰੱਕੀ ਵੱਲ ਤੋਰਿਆ ਜਾ ਸਕੇਗਾ ਅਤੇ ਉਹ ਆਪਣੇ ਮਾਤਾ-ਪਿਤਾ ਦਾ ਬੁਢਾਪੇ ਵਿੱਚ ਚੰਗਾ ਆਸਰਾ ਬਣ ਸਕਣਗੇ।ਡਿਪਟੀ ਕਮਿਸ਼ਨਰ ਨੇ ਆਪਣੀਆਂ ਮਹੱਤਵਪੂਰਨ ਗੱਲਾਂ ਨਾਲ ਵਿਦਿਆਰਥੀਆਂ ਵਿੱਚ ਪੰਜਾਬ 'ਚ ਹੀ ਰਹਿ ਕੇ ਕੁਝ ਵੱਖਰਾ ਕਰਨ ਦਾ ਜਜ਼ਬਾ ਭਰਿਆ।ਵਿਦਿਆਰਥੀਆਂ ਨੇ ਡਿਪਟੀ ਕਮਿਸ਼ਨਰ ਨਾਲ ਵਾਅਦਾ ਵੀ ਕੀਤਾ ਕਿ ਉਹ ਵਿਦੇਸ਼ ਜਾਣ ਦੀ ਬਿਜਾਏ ਆਪਣੇ ਪੰਜਾਬ ਲਈ ਕੁਝ ਵੱਖਰਾ ਕਰਨਗੇ ਤੇ ਇਧਰ ਰਹਿ ਕੇ ਹੀ ਪੜ੍ਹਾਈ ਵਿੱਚ ਮੱਲਾਂ ਮਾਰ ਕੇ ਉੱਚ ਪੱਧਰੀ ਪ੍ਰਸ਼ਾਸਨਕ ਅਹੁਦੇ ਪ੍ਰਾਪਤ ਕਰਨ ਵੱਲ ਜ਼ੋਰ ਦੇਣਗੇ। ਇਸ ਤੋਂ ਇਲਾਵਾ ਅੱਜ ਸਕੂਲ ਆਫ਼ ਐਮੀਨੈਂਸ ਲੰਢੇਕੇ ਤੇ ਕੈਲਾ ਦੇ ਵਿਦਿਆਰਥੀਆਂ ਨੇ ਸਿਵਲ ਹਸਪਤਾਲ ਮੋਗਾ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਡੀ ਈ ਓ (ਸੈਕੰਡਰੀ) ਮੋਗਾ ਗੁਰਦਿਆਲ ਸਿੰਘ ਵੀ ਮੌਜੂਦ ਸਨ।

## ਵਿਧਾਇਕ ਰਾਏ ਨੇ ਸ਼ਹੀਦੀ ਜੋੜ ਮੇਲ 'ਚ ਘੁੰਮ ਕੇ ਲਿਆ ਸਫਾਈ ਦਾ ਜਾਇਜ਼ਾ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼ਹੀਦੀ ਜੋੜ ਮੇਲ ਦੇ ਦੂਸਰੇ ਦਿਨ ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਘੁੰਮ ਕੇ ਸਫਾਈ ਦਾ ਜਾਇਜ਼ਾ ਲਿਆ ਗਿਆ, ਉਨ੍ਹਾਂ ਜਿੱਥੇ ਵੱਖ-ਵੱਖ ਸਮਾਧਾਨ ਕੇਂਦਰਾਂ ਦਾ ਜਾਇਜ਼ਾ ਲਿਆ, ਉੱਥੇ ਹੀ ਸਾਫ ਸਫਾਈ ਦਾ ਵੀ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦੀ ਜੋੜ ਮੇਲ ਦੇ ਦੂਜੇ ਦਿਨ ਵੱਖ-ਵੱਖ ਥਾਵਾਂ 'ਤੇ ਜਾ ਕੇ ਦੇਖਿਆ ਕਿ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਸ਼ਰਧਾਲੂਆਂ ਦੇ ਨਾਲ ਵਿਵਹਾਰ ਕੀਤਾ ਜਾ ਰਿਹਾ ਸੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਬੰਧਾਂ ਤੋਂ ਸੰਗਤਾਂ ਸੰਤੁਸ਼ਟ ਨਜ਼ਰ ਆ ਰਹੀਆਂ ਸਨ। ਸ਼ਹੀਦੀ ਜੋੜ ਮੇਲ ਦੌਰਾਨ ਸਫਾਈ ਦਾ ਕੰਮ ਕਰਨ ਵਾਲੀਆਂ ਸੰਗਤਾਂ ਤੋਂ ਇਲਾਵਾ ਨਗਰ ਕੌਂਸਲ ਸਰਹਿੰਦ, ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਮੁਲਾਜ਼ਮਾਂ ਵੱਲੋਂ ਵੀ ਸਫਾਈ ਦਾ ਕੰਮ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ। ਅਸੀਂ ਸਫਾਈ ਕਰਮਚਾਰੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸ਼ਹੀਦੀ ਜੋੜ ਮੇਲ ਦੌਰਾਨ ਸਫਾਈ ਵਿਵਸਥਾ ਨੂੰ ਬਣਾਈ ਰੱਖਣ ਵਿੱਚ ਪੂਰਾ ਯੋਗਦਾਨ ਪਾਇਆ ਹੈ। ਉਨ੍ਹਾ ਕਿਹਾ ਕਿ ਸ਼ਹੀਦੀ ਜੋੜ ਮੇਲ ਦੌਰਾਨ ਹਲਕੇ ਦੇ ਵੱਖ-ਵੱਖ ਪਿੰਡਾਂ ਵੱਲੋਂ ਵੀ ਲੰਗਰ ਲਗਾਏ ਗਏ ਸਨ, ਉੱਥੇ ਜਾ ਕੇ ਸੇਵਾ ਕਰਨ ਦਾ ਮੌਕਾ ਮਿਲਿਆ।

# ਫੱਤਣਵਾਲਾ ਤੋਂ ਕਾਲਾ ਸਿੰਘ ਵਾਲਾ ਨੂੰ ਮਿਲਾਉਂਦਾ ਪੁਲ ਕਿਸੇ ਵੱਡੇ ਹਾਦਸੇ ਦੀ ਉਡੀਕ 'ਚ!

■ ਪੁਲ ਨੂੰ ਜਲਦੀ ਨਾ ਬਣਾਇਆ ਤਾਂ ਤਿੱਖਾ ਸੰਘਰਸ਼ ਵਿੱਢਾਂਗੇ : ਹਨੀ ਫੱਤਣਵਾਲਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਫੱਤਣਵਾਲਾ ਤੇ ਪਿੰਡ ਕਾਲਾ ਸਿੰਘ ਵਾਲਾ ਨੂੰ ਆਪਸ ਵਿੱਚ ਮਿਲਾਉਂਦਾ ਈਸਟਰਨ ਕੈਨਾਲ ਨਹਿਰ ਦਾ ਪੁਲ ਬੀਤੇ ਲੰਮੇ ਸਮੇਂ ਤੋਂ ਖਸਤਾ ਹਾਲ ਵਿੱਚ ਹੈ।ਇਹ ਪੁੱਲ ਪਿੰਡ ਫੱਤਣਵਾਲਾ ਤੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਵਾਇਆ ਕਾਲੇਵਾਲਾ ਅੱਗੋਂ ਗੁਰੂ ਹਰਸਹਾਏ ਮੁੱਖ ਮਾਰਗ ਨਾਲ ਜੋੜਦਾ ਹੈ। ਪੁਲ ਦੀ ਹੁਣ ਹਾਲਤ ਇਹ ਹੈ ਕਿ ਇਹ ਪੁਲ ਕਿਸੇ ਵੀ ਸਮੇਂ ਡਿੱਗ ਸਕਦਾ ਹੈ।ਸਬੰਧਤ ਵਿਭਾਗ ਨੇ ਕਰੀਬ 6 ਸਾਲ ਪਹਿਲਾਂ ਇਸ ਨੂੰ ਖਸਤਾ ਐਲਾਨ ਦਿੱਤਾ ਹੈ, ਪਰ ਇਸ ਦੇ ਬਾਵਜੂਦ ਇਹ ਪੁਲ ਅਜੇ ਤੱਕ ਨਹੀਂ ਬਣਿਆ।ਅੱਜ ਪਿੰਡ ਵਾਸੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਦੀ ਅਗਵਾਈ ਵਿੱਚ ਇਸ ਪੁਲ 'ਤੇ ਰੋਸ ਪ੍ਰਦਰਸ਼ਨ ਕੀਤਾ।ਇਸ ਦੌਰਾਨ ਹਨੀ ਫੱਤਣਵਾਲਾ ਤੇ ਪਿੰਡ ਵਾਸੀਆਂ ਨੇ ਕਿਹਾ ਕਿ ਈਸਟਰਨ ਕੈਨਾਲ ਨਹਿਰ 'ਤੇ ਇਹ ਪੁਲ 1927 ਵਿੱਚ ਬਣਿਆ ਤੇ ਹੁਣ ਇਸ ਦੀ ਹਾਲਤ ਬਿਲਕੁਲ ਖਸਤਾ ਹੋ ਚੁੱਕੀ ਹੈ।ਪੁਲ ਦੇ ਦੋਵਾਂ ਪਾਸਿਆਂ ਦੀਆਂ ਗਰਿੱਲਾਂ ਟੁੱਟ ਚੁੱਕੀਆਂ ਹਨ।ਵਿਚਕਾਰ ਤੋਂ ਪੁਲ ਟੁੱਟਣ ਕਾਰਨ ਵੱਡੇ ਟੋਏ ਪੈ ਗਏ ਹਨ। ਫਸਲ ਦੇ ਦਿਨਾਂ ਵਿੱਚ ਇਸ ਜਗ੍ਹਾ ਤੋਂ ਹੀ ਕਿਸਾਨਾਂ ਨੇ ਫਸਲ ਦੀਆਂ ਟਰਾਲੀਆਂ ਲੈ ਕੇ ਲੰਘਣਾ ਹੁੰਦਾ ਹੈ ਤੇ ਦੋਵਾਂ ਪਿੰਡ ਦੇ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਤੱਕ ਪਹੁੰਚਾਉਣ ਲਈ ਵੀ ਇਹ ਹੀ ਰਸਤਾ ਹੈ, ਇਸੇ ਰਸਤੇ ਤੋਂ ਸਕੂਲ ਵੈਨਾਂ ਲੰਘਦੀਆਂ ਹਨ ਤੇ ਕਿਸੇ ਵੀ ਸਮੇਂ ਵੱਡਾ ਹਾਦਸਾ ਹੋ ਸਕਦਾ ਹੈ।ਪ੍ਰਸ਼ਾਸਨਕ ਅਧਿਕਾਰੀਆਂ ਨੂੰ ਕਈ ਵਾਰ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ, ਪਰ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਇਸ ਸਬੰਧੀ ਸੁਣਵਾਈ ਨਹੀਂ ਕੀਤੀ ਜਾ ਰਹੀ।ਇਹ ਪੁਲ ਕਿਸੇ ਵੀ ਸਮੇਂ ਵੱਡੇ ਹਾਦਸੇ ਦਾ ਕਾਰਨ ਬਣ ਸਕਦਾ ਹੈ।ਇਸ ਲਈ ਇਸ ਪੁਲ ਨੂੰ ਜਲਦ ਤੋਂ ਜਲਦ ਬਣਾਇਆ ਜਾਵੇ।ਹਨੀ ਫੱਤਣਵਾਲਾ ਨੇ ਕਿਹਾ ਕਿ ਜੇਕਰ ਇਹ ਪੁਲ ਨਾ ਬਣਾਇਆ ਗਿਆ ਤਾਂ ਉਹ ਤਿੱਖਾ ਸੰਘਰਸ਼ ਵਿੱਢਣਗੇ।ਇਸ ਮੌਕੇ ਰਾਜਵਿੰਦਰ ਸਿੰਘ, ਗੁਰਭੇਜ ਸਿੰਘ, ਗੁਰਵਿੰਦਰ ਸਿੰਘ, ਲਖਵੀਰ ਸਿੰਘ, ਜਸਵਿੰਦਰ ਸਿੰਘ, ਹਰਵੀਰ ਸਿੰਘ, ਜਗਤਾਰ ਸਿੰਘ, ਜਿੰਮੀ ਬਰਾੜ, ਬਿੱਟੂ ਸਿੰਘ, ਰਾਜਪ੍ਰੀਤ ਸਿੰਘ, ਲਾਲੀ ਸਿੰਘ, ਕਾਸ਼ ਬਰਾੜ, ਸ਼ਮਿੰਦਰ ਸਿੰਘ, ਇਕਬਾਲ ਸਿੰਘ, ਅਕਾਸ਼ਦੀਪ ਸਿੰਘ, ਉਪਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

# ਘਰ 'ਚ ਦਾਖਲ ਹੋ ਕੇ ਪਰਵਾਰ 'ਤੇ ਕੀਤਾ ਜਾਨਲੇਵਾ ਹਮਲਾ, ਕੀਤੀ ਭੰਨ-ਤੋੜ





ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਜ਼ਿਲ੍ਹਾ ਤਰਨ ਤਾਰਨ ਅਧੀਨ ਆਉਂਦੇ ਪਿੰਡ ਡਲ ਤੋਂ ਭਗਵਾਨ ਸਿੰਘ ਪੁੱਤਰ ਦਾਰਾ ਸਿੰਘ ਨਾਮਕ ਵਿਅਕਤੀ ਦੇ ਘਰ 'ਚ ਦਾਖਲ ਹੋ ਕੇ ਅਣਪਛਾਤੇ ਵਿਅਕਤੀਆਂ ਵੱਲੋਂ ਜਾਨਲੇਵਾ ਹਮਲਾ ਕਰਨ ਅਤੇ ਘਰ ਦੀ ਭੰਨ-ਤੋੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਉਪਰੋਕਤ ਹਮਲਾਵਰਾਂ ਦੀਆਂ ਤਸਵੀਰਾਂ ਸੀ ਸੀ ਟੀ ਵੀ ਵਿੱਚ ਕੈਦ ਹੋ ਗਈਆਂ ਹਨ। ਘਟਨਾ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਗਵਾਨ ਸਿੰਘ ਪੁੱਤਰ ਦਾਰਾ ਸਿੰਘ, ਮਲਕੀਤ ਕੌਰ ਪਤਨੀ ਭਗਵਾਨ ਸਿੰਘ ਅਤੇ ਗੁਰਲਾਲ ਸਿੰਘ ਪੁੱਤਰ ਨਰਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਕੱਲ੍ਹ ਕਰੀਬ 4 ਵਜੇ ਜਦੋਂ ਉਹ ਆਪਣੇ ਘਰ ਵਿੱਚ ਮੌਜੂਦ ਨਹੀਂ ਸਨ, ਤਕਰੀਬਨ 70-75 ਅਣਪਛਾਤੇ ਵਿਅਕਤੀਆਂ ਵੱਲੋਂ ਉਨ੍ਹਾਂ ਦੇ ਘਰ ਅੰਦਰ ਦਾਖਲ ਹੋ ਕੇ ਔਰਤਾਂ 'ਤੇ ਜਾਨਲੇਵਾ ਹਮਲਾ ਕੀਤਾ ਗਿਆ।

ਭਗਵਾਨ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਵੱਲੋਂ ਉਸ ਦੀ ਨੂੰਹ ਸੁਮਨਪ੍ਰੀਤ ਕੌਰ ਜੋ ਗਰਭਵਤੀ ਹੈ, ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸੁਮਨਪ੍ਰੀਤ ਕੌਰ ਇਸ ਵਕਤ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਭਗਵਾਨ ਸਿੰਘ ਨੇ ਕਿਹਾ ਕਿ ਉਪਰੋਕਤ ਹਮਲਾਵਰ ਘਰ ਦੇ ਸਮਾਨ ਦੀ ਬੁਰੀ ਤਰ੍ਹਾਂ ਭੰਨ ਤੋੜ ਕਰਨ ਮਗਰੋਂ ਘਰ ਵਿੱਚ ਪਈ ਨਕਦੀ ਅਤੇ ਸੋਨਾ ਲੈ ਕੇ ਫਰਾਰ ਹੋ ਗਏ। ਇਸ ਮੌਕੇ ਗੁਰਲਾਲ ਸਿੰਘ ਨੇ ਦੱਸਿਆ ਕਿ ਉਕਤ ਹਮਲਾਵਰਾਂ ਵੱਲੋਂ ਕੁਝ ਦਿਨਾਂ ਤੋਂ ਉਨ੍ਹਾਂ ਦੇ ਵਿਦੇਸ਼ ਵਿੱਚ ਰਹਿ ਰਹੇ ਲੜਕੇ ਉੱਪਰ ਇੱਕ ਲੜਕੀ ਨੂੰ ਫੋਨ ਕਰਨ ਦੇ ਇਲਜ਼ਾਮ ਲਗਾਏ ਜਾ ਰਹੇ ਹਨ। ਗੁਰਲਾਲ ਸਿੰਘ ਨੇ ਦੱਸਿਆ ਕਿ ਉਪਰੋਕਤ ਮਾਮਲੇ ਸੰਬੰਧੀ ਉਹ ਦਰਖਾਸਤ ਦੇਣ ਲਈ ਥਾਣਾ ਖਾਲੜਾ ਵਿਖੇ ਗਏ ਸਨ ਤਾਂ ਉਨ੍ਹਾਂ ਦੀ ਗੈਰ-ਮੌਜੂਦਗੀ 'ਚ ਉਕਤ ਹਮਲਾਵਰਾਂ ਨੇ ਉਨ੍ਹਾਂ ਦੇ ਘਰ ਅੰਦਰ ਦਾਖਲ ਹੋ ਕੇ ਘਰ ਦੇ ਸਾਰੇ ਸਮਾਨ ਦੀ ਭੰਨ ਤੋੜ ਕੀਤੀ ਅਤੇ ਨਕਦੀ ਅਤੇ ਸੋਨਾ ਲੈ ਕੇ ਰਫੂ ਚੱਕਰ ਹੋ ਗਏ। ਇਸ ਮੌਕੇ ਪੀੜਤ ਪਰਵਾਰ ਨੇ ਐੱਸ ਐੱਸ ਪੀ ਤਰਨ ਤਾਰਨ ਪਾਸੋਂ ਇਨਸਾਫ ਦੀ ਮੰਗ ਕੀਤੀ ਹੈ।

ਉਧਰ ਇਸ ਮਾਮਲੇ ਸੰਬੰਧੀ ਜਦੋਂ ਸਬ ਡਵੀਜ਼ਨ ਭਿੱਖੀਵਿੰਡ ਦੇ ਡੀ ਐੱਸ ਪੀ ਪ੍ਰੀਤਇੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਦੱਸਿਆ ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਡੀ ਐੱਸ ਪੀ ਭਿੱਖੀਵਿੰਡ ਦਾ ਕਹਿਣਾ ਸੀ ਕਿ ਇਨਵੈਸਟੀਗੇਸ਼ਨ ਵਿੱਚ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਚਾਈਨਾ ਡੋਰ ਵਰਤਣ ਵਿਰੁੱਧ ਸਖਤ ਕਾਰਵਾਈ ਕਰੇ ਜ਼ਿਲ੍ਹਾ ਪ੍ਰਸ਼ਾਸਨ : ਪ੍ਰਬੋਧ ਕਾਲੀਆ

**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਜ਼ਿਲ੍ਹਾ ਗੁਰਦਾਸਪੁਰ ਦੇ ਨੇੜਲਿਆਂ ਇਲਾਕਿਆਂ ਵਿਚ ਧੜੱਲੇ ਨਾਲ ਵਿਕ ਰਹੀ ਚਾਈਨਾ ਡੋਰ ਤੇ ਇਸ ਨਾਲ ਹੋ ਰਹੇ ਹਾਦਸਿਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਬ੍ਰਾਹਮਣ ਸੇਵਾ ਦਲ ਪੰਜਾਬ ਦੇ ਜਨਰਲ ਸਕੱਤਰ ਪ੍ਰਬੋਧ ਕਾਲੀਆ ਨੇ ਜ਼ਿਲ੍ਹਾ ਪ੍ਰਸ਼ਾਸਨ ਕੋਲੋਂ ਚਾਈਨਾ ਡੋਰ ਵੇਚਣ ਤੇ ਪ੍ਰਯੋਗ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪ੍ਰਬੋਧ ਕਾਲੀਆ ਨੇ ਕਿਹਾ ਕਿ ਮਾਣਯੋਗ ਅਦਾਲਤ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਹਿਲਾਂ ਤੋਂ ਪਾਬੰਦੀ ਲਗਾਉਣ ਦੇ ਬਾਵਜੂਦ ਚਾਈਨਾ ਡੋਰ ਵੇਚਣ ਵਾਲੇ ਸਮਾਜ ਵਿਰੋਧੀ ਦੁਕਾਨਦਾਰ ਹੋਰ ਸੂਬਿਆਂ ਤੋਂ ਚਾਈਨਾ ਡੋਰ ਕਿਲੋਗ੍ਰਾਮ ਹਿਸਾਬ ਨਾਲ ਲਿਆ ਕੇ 4-5 ਗੁਣਾ ਜ਼ਿਆਦਾ ਮੁੱਲ 'ਤੇ ਬਿਨਾਂ ਕਿਸੇ ਖੌਫ ਤੋਂ ਵੇਚ ਰਹੇ ਹਨ।

ਉਨ੍ਹਾਂ ਕਿਹਾ ਕਿ ਚਾਈਨਾ ਡੋਰ ਨੂੰ ਵੇਚਣ ਤੇ ਸਟੋਰ ਕਰਨ 'ਤੇ ਚਾਹੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਾਬੰਦੀ ਲਗਾਈ ਗਈ ਹੈ ਪਰ ਫਿਰ ਵੀ ਕੁਝ ਲੋਕ ਥੋੜ੍ਹੇ ਜਿਹੇ ਫਾਇਦੇ ਲਈ ਚਾਈਨਾ ਡੋਰ ਨੂੰ ਵੇਚ ਕੇ ਲੋਕਾਂ ਦੇ ਜੀਵਨ ਨਾਲ ਖਿਲਵਾੜ ਕਰ ਰਹੇ ਹਨ। ਉਨ੍ਹਾਂ ਆਮ ਲੋਕਾਂ ਨੂੰ ਸੱਦਾ ਦਿੱਤਾ ਕਿ ਜੋ ਦੁਕਾਨਦਾਰ ਚਾਈਨਾ ਡੋਰ ਦੀ ਚੋਰ ਮੋਰੀ ਰਾਹੀ ਵਿੱਕਰੀ ਕਰਦਾ ਹੈ ਤਾਂ ਉਸ ਸਬੰਧੀ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਸਮੇਂ ਰਹਿੰਦੇ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਬ੍ਰਾਹਮਣ ਸੇਵਾ ਦਲ ਵੀ ਲੋਕਾਂ ਨੂੰ ਚਾਈਨਾ ਡੋਰ ਦਾ ਪ੍ਰਯੋਗ ਨਾ ਕਰਨ ਸੰਬੰਧੀ ਜਾਗਰੂਕ ਕਰਨ ਲਈ ਆਪਣੇ ਪੱਧਰ 'ਤੇ ਮੁਹਿੰਮ ਸ਼ੁਰੂ ਕਰੇਗਾ।

# ਜਿਨਸੀ ਸ਼ੋਸ਼ਣ ਐਕਟ-2013 ਦੀ ਜਾਗਰੂਕਤਾ ਸੰਬੰਧੀ ਵਿਸ਼ੇਸ਼ ਸੈਮੀਨਾਰ



**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਕੰਮ-ਕਾਜ ਵਾਲੀ ਥਾਂ 'ਤੇ ਔਰਤਾਂ ਦਾ ਜਿਨਸੀ ਸ਼ੋਸ਼ਣ (ਮਨਾਹੀ, ਰੋਕਥਾਮ ਅਤੇ ਨਿਵਾਰਨ) ਐਕਟ-2013 ਦੀ ਜਾਗਰੂਕਤਾ ਸੰਬੰਧੀ ਇਕ ਜਾਗਰੂਕਤਾ ਸੈਮੀਨਾਰ ਸਥਾਨਕ ਪੰਡਿਤ ਮੋਹਨ ਲਾਲ ਐਸ.ਡੀ. ਕਾਲਜ ਫਾਰ ਗਰਲਜ਼ ਵਿਖੇ ਕਰਵਾਇਆ ਗਿਆ, ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸ਼ਿਰਕਤ ਕੀਤੀ ਗਈ। ਬਾਲ ਵਿਕਾਸ ਪ੍ਰੋਜੈਕਟ ਅਫਸਰ ਦੋਰਾਂਗਲਾ ਬਿਕਰਮਜੀਤ ਸਿੰਘ ਨੇ 'ਦੀ ਸੈਕਸੂਅਲ ਹਰਾਸਮੈਂਟ ਆਫ਼ ਵੂਮੈਨ ਐਟ ਵਰਕ ਪਲੇਸ (ਮਨਾਹੀ, ਰੋਕਥਾਮ ਅਤੇ ਨਿਵਾਰਨ) ਐਕਟ-2013' ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਐਕਟ ਅਨੁਸਾਰ ਹਰੇਕ ਦਫਤਰ, ਸੰਸਥਾ, ਸਕੂਲ, ਕਾਲਜ ਪ੍ਰਾਈਵੇਟ ਅਦਾਰੇ, ਸਹਿਕਾਰੀ ਸਰਕਾਰੀ ਅਦਾਰੇ, ਸਪੋਰਟਸ ਕੰਪਲੈਕਸ, ਜਿਮ, ਬੈਂਕ, ਹਸਪਤਾਲ, ਮਾਲ ਇੱਥੋਂ ਤੱਕ ਕਿ ਘਰਾਂ ਵਿੱਚ ਘਰੇਲੂ ਕੰਮ-ਕਾਜ ਕਰਨ ਲਈ ਰੱਖੇ ਗਏ ਸਹਿਕਰਮੀ ਵੀ ਇਸ ਐਕਟ ਦੇ ਦਾਇਰੇ ਵਿੱਚ ਆਉਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਕੰਮ-ਕਾਜ ਵਾਲੀ ਜਗ੍ਹਾ 'ਤੇ ਕਿਸੇ ਵੀ ਔਰਤ ਨਾਲ ਜਿਨਸੀ ਛੇੜਛਾੜ ਹੁੰਦੀ ਹੈ ਅਤੇ ਉਸ ਸ਼ਿਕਾਇਤ ਦੇ ਨਿਵਾਰਨ ਲਈ ਹਰੇਕ ਸੰਸਥਾ ਚਾਹੇ ਉਹ ਕਿਸੇ ਵੀ ਪੱਧਰ 'ਤੇ ਹੋਵੇ, ਜੇਕਰ ਉੱਥੇ ਕੰਮ ਕਰਨ ਵਾਲੇ ਕਰਮਚਾਰੀਆਂ/ ਸਟਾਫ਼ ਦੀ ਗਿਣਤੀ ਦਸ ਜਾਂ 10 ਤੋਂ ਵੱਧ ਹੈ, ਤਾਂ ਉੱਥੇ ਅੰਦਰੂਨੀ ਸ਼ਿਕਾਇਤ ਕਮੇਟੀ ਦਾ ਗਠਨ ਕਰਨਾ ਲਾਜਮੀ ਹੈ।

ਜੇਕਰ ਕੰਮ-ਕਾਜ ਵਾਲੀ ਜਗ੍ਹਾ 'ਤੇ ਕੰਮ ਕਰਨ ਵਾਲੇ ਮੁਲਾਜ਼ਮਾਂ/ਅਧਿਕਾਰੀਆਂ/ਘਰੇਲੂ ਕੰਮ ਕਰਨ ਵਾਲੀ ਔਰਤਾਂ ਦੀ ਗਿਣਤੀ 10 ਤੋਂ ਘੱਟ ਹੈ, ਤਾਂ ਉੱਥੇ ਜ਼ਿਲ੍ਹਾ ਪੱਧਰ 'ਤੇ ਬਣਾਈ ਗਈ ਲੋਕਲ ਸ਼ਿਕਾਇਤ ਕਮੇਟੀ ਨੂੰ ਆਪਣੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਨੂੰ ਐਕਟ ਦੇ ਤਹਿਤ ਜ਼ਿਲ੍ਹਾ ਅਫ਼ਸਰ ਨਾਮਜ਼ਦ ਕੀਤਾ ਗਿਆ ਹੈ ਅਤੇ ਕੋਈ ਵੀ ਪੀੜਤ ਮਹਿਲਾ ਨਾਲ ਜੇਕਰ ਕੰਮ-ਕਾਜ ਵਾਲੀ ਜਗ੍ਹਾ 'ਤੇ ਕੋਈ ਜਿਨਸੀ ਛੇੜਛਾੜ ਹੁੰਦੀ ਹੈ, ਤਾਂ ਉਹ ਆਪਣੀ ਸ਼ਿਕਾਇਤ ਜ਼ਿਲ੍ਹਾ ਪੱਧਰ 'ਤੇ ਸਿੱਧੇ ਤੌਰ 'ਤੇ ਹੀ ਜ਼ਿਲ੍ਹਾ ਅਫਸਰ ਨੂੰ ਐਕਟ ਦੇ ਮੁਤਾਬਕ ਦਰਜ ਕਰਵਾ ਸਕਦੀ ਹੈ। ਉਨ੍ਹਾਂ ਕਿਹਾ ਕਿ ਐਕਟ ਤਹਿਤ ਹਰ ਇੱਕ ਦਫ਼ਤਰ/ਬੋਰਡ/ਕਾਰਪੋਰੇਸ਼ਨ ਚਾਹੇ ਉਹ ਪ੍ਰਾਈਵੇਟ ਜਾਂ ਸਰਕਾਰੀ ਜਿੱਥੇ ਕੋਈ ਵੀ ਵਿਅਕਤੀ ਕੰਮ-ਕਾਜ ਕਰਦਾ ਹੈ ਅਤੇ ਆਪਣੀ ਉਪਜੀਵਕਾ ਕਮਾਉਂਦਾ ਹੈ ਉਹ ਇਸ ਐਕਟ ਦੇ ਦਾਇਰੇ ਵਿੱਚ ਆਉਂਦਾ ਹੈ ਅਤੇ ਇਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਇਸ ਐਕਟ ਦੇ ਤਹਿਤ ਅੰਦਰੂਨੀ ਸ਼ਿਕਾਇਤ ਕਮੇਟੀ ਬਣਾ ਕੇ ਉਸ ਦੇ ਬੋਰਡ ਆਪਣੇ ਦਫ਼ਤਰ/ਸੰਸਥਾ ਉਹ (ਪ੍ਰਾਈਵੇਟ ਜਾਂ ਸਰਕਾਰੀ) ਵਿਖੇ ਲਗਾਉਣੇ ਲਾਜ਼ਮੀ ਹਨ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਆਏ ਐਡਵੋਕੇਟ ਮਿਸ ਰੂਫਸਾ ਸੱਭਰਵਾਲ ਨੇ ਘਰੇਲੂ ਐਕਟ 2005 ਦੀਆਂ ਵੱਖ-ਵੱਖ ਧਾਰਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਸਖੀ ਵਨ ਸਟਾਪ ਸੈਂਟਰ ਗੁਰਦਾਸਪੁਰ ਤੋਂ ਆਏ ਐਡਵੋਕੇਟ ਦਿਕਸ਼ਾ ਮਹਾਜਨ ਜੋ ਕਿ ਇਸ ਵਕਤ ਸਿਵਲ ਹਸਪਤਾਲ ਜੀਵਨਵਾਲ ਬੱਬਰੀ ਗੁਰਦਾਸਪੁਰ ਵਿਖੇ ਔਰਤਾਂ/ਮਹਿਲਾਵਾਂ ਨੂੰ ਔਖੇ ਸਮੇਂ ਵਿੱਚ ਡਾਕਟਰੀ ਸਹਾਇਤਾ/ਲੀਗਲ ਸਹਾਇਤਾ/ਮਨੋਵਿਗਿਆਨਕ ਸਹਾਇਤਾ/ ਅਸਥਾਈ ਰੂਪ ਵਿੱਚ ਸ਼ੈਲਟਰ ਦੇਣ ਦੀਆਂ ਸੇਵਾਵਾਂ ਦੇਣ ਸਬੰਧੀ ਵਿਸਥਾਰ ਬਾਰੇ ਦੱਸਿਆ।

# ਚਾਰ ਸਾਹਿਬਜ਼ਾਦਿਆਂ ਨੂੰ ਸਮਰਪਤ ਧਾਰਮਿਕ ਮੁਕਾਬਲੇ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਸਿੱਖ ਵੈਲਫੇਅਰ ਫਾਊਂਡੇਸ਼ਨ ਧਾਰੀਵਾਲ ਵਲੋਂ 'ਡੁੱਲ੍ਹੇ ਖੂਨ ਦੀ ਇਹੋ ਵੰਗਾਰ' ਸਾਡਾ ਵਿਰਸਾ ਸਾਡਾ ਪਰਵਾਰ ਮੁਹਿੰਮ ਤਹਿਤ ਗੁਰਦੁਆਰਾ ਸਿੰਘ ਸਭਾ ਪਿੰਡ ਲੇਹਲ ਵਿਖੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਕਰਵਾਏ ਧਾਰਮਿਕ (ਕਵਿਤਾ, ਕਵੀਸ਼ਰੀ, ਭਾਸ਼ਣ ਅਤੇ ਪੇਂਟਿੰਗ) ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਇਨਾਮ ਪ੍ਰਾਪਤ ਕੀਤੇ ਹਨ।

ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਉਨ੍ਹਾਂ ਦੇ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਕਿਰਨਦੀਪ ਕੌਰ ਅਤੇ ਉਸ ਦੀਆਂ ਸਾਥਣਾਂ ਨੇ ਕਵੀਸ਼ਰੀ ਮੁਕਾਬਲੇ ਵਿੱਚ ਦੂਸਰਾ ਸਥਾਨ, ਅਨਮੋਲ ਕੌਰ ਜਮਾਤ ਨੌਵੀਂ ਨੇ ਪੇਂਟਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ। ਪ੍ਰਬੰਧਕਾਂ ਵਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਕਿਰਨ ਕੇਸਰ ਨੇ ਸਿੱਖ ਵੈਲਫੇਅਰ ਫਾਊਂਡੇਸ਼ਨ ਵਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲਿਆਂ ਨਾਲ ਵਿਦਿਆਰਥੀਆਂ ਵਿੱਚ ਸਿੱਖ ਧਰਮ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਬੱਚਿਆਂ ਦਾ ਧਾਰਮਿਕ ਵਿਕਾਸ ਹੁੰਦਾ ਹੈ। ਉਨ੍ਹਾਂ ਕਿਹਾ ਸਾਨੂੰ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

# ਤਰਕਸੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀ ਸਨਮਾਨਤ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਤ ਪੰਜਵੀਂ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਜਾ ਰਿਹਾ ਹੈ।

ਇਸੇ ਤਹਿਤ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਧਾਰੀਵਾਲ ਭੋਜਾ ਇਕਾਈ ਵੱਲੋਂ ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਇੱਕ ਸਨਮਾਨ ਸਮਾਰੋਹ ਕੀਤਾ ਗਿਆ। ਇਸ ਸਮਾਰੋਹ ਵਿੱਚ ਸੁਸਾਇਟੀ ਦੇ ਸੂਬਾ ਆਗੂ ਸੰਦੀਪ ਧਾਰੀਵਾਲ ਭੋਜਾ, ਇਕਾਈ ਪ੍ਰਧਾਨ ਡਾਕਟਰ ਦੀਵਾਨ ਸਿੰਘ ਅਤੇ ਲਖਬੀਰ ਸਿੰਘ ਬਸਰਾਵਾਂ ਨੇ ਵਿਸ਼ੇਸ਼ ਤੌਰ 'ਤੇ ਸਮੂਲੀਅਤ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਹਰਪ੍ਰੀਤ ਸਿੰਘ ਹੁੰਦਲ, ਇੰਚਾਰਜ ਲੈਕਚਰਾਰ ਰਵਿੰਦਰ ਸਿੰਘ ਸਮੇਤ ਸਮੂਹ ਸਟਾਫ ਵਲੋਂ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਸੂਬਾ ਆਗੂ ਸੰਦੀਪ ਧਾਰੀਵਾਲ ਭੋਜਾ ਨੇ ਕਿਹਾ ਕਿ ਚੇਤਨਾ ਪ੍ਰੀਖਿਆ ਦਾ ਮੰਤਵ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਪੈਦਾ ਕਰਕੇ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਤੋਂ ਮੁਕਤ ਨਰੋਏ ਸਮਾਜ ਦੀ ਸਿਰਜਣਾ ਕਰਨਾ ਹੈ। ਪ੍ਰਿੰਸੀਪਲ ਡਾਕਟਰ ਹਰਪ੍ਰੀਤ ਸਿੰਘ ਹੁੰਦਲ ਨੇ ਤਰਕਸ਼ੀਲ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਤਰਕਸ਼ੀਲਾਂ ਵੱਲੋਂ ਪ੍ਰੀਖਿਆ ਦੇਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਇਲਾਵਾ ਇੰਚਾਰਜ ਲੈਕਚਰਾਰ ਰਵਿੰਦਰ ਸਿੰਘ, ਅਧਿਆਪਕਾ ਲੈਕਚਰਾਰ ਦਲਜੀਤ ਕੌਰ, ਲੈਕਚਰਾਰ ਮਿਤਾਲੀ, ਅਨਾਮਿਕਾ, ਰਮਨਜੀਤ ਕੌਰ, ਬਲਬੀਰ ਕੌਰ, ਅਮਤੁਲ ਮਤੀਨ, ਪ੍ਰਭਜੋਤ ਕੌਰ, ਰਮਨਜੀਤ ਕੌਰ, ਮਿਸ ਸੁਨਾਵਰ ਮਨੀਰ, ਗਗਨਦੀਪ ਆਦਿ ਹਾਜ਼ਰ ਸਨ।

# ਜੰਗੀ ਪੱਧਰ 'ਤੇ ਕਰਵਾਇਆ ਜਾਵੇਗਾ ਪਿੰਡ ਸੋਹਲ ਦਾ ਵਿਕਾਸ : ਡਾ. ਸੋਹਲ



ਝਬਾਲ ( ਮੱਖਣ ਮਨੋਜ)-ਪਿੰਡ ਪਿੰਡ ਗਲੀ ਗਲੀ ਪ੍ਰੋਗਰਾਮ ਦੇ ਤਹਿਤ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਪਿੰਡ ਸੋਹਲ ਦੇ ਮੋਹਤਬਰ ਵਿਅਕਤੀਆਂ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪਿੰਡ ਵਾਸੀਆਂ ਨੇ ਵਿਧਾਇਕ ਸੋਹਲ ਨੂੰ ਪਿਛਲੇ ਕਈ ਸਾਲਾਂ ਤੋਂ ਰੁਕੇ ਵਿਕਾਸ ਕਾਰਜਾਂ ਤੋਂ ਜਾਣੂ ਵੀ ਕਰਵਾਇਆ। ਮੀਟਿੰਗ ਤੋਂ ਬਾਅਦ ਵਿਧਾਇਕ ਡਾ. ਸੋਹਲ ਵੱਲੋਂ ਪਿੰਡ ਵਾਸੀਆਂ ਦੇ ਨਾਲ ਪਿੰਡ ਦਾ ਦੌਰਾ ਵੀ ਕੀਤਾ ਗਿਆ। ਪਿੰਡ ਵਾਸੀਆਂ ਦੀ ਮੁੱਖ ਮੁਸ਼ਕਲਾਂ ਪਾਣੀ ਦੀ ਨਿਕਾਸੀ, ਛੱਪੜ ਦੀ ਸਫਾਈ, ਕੱਚੀਆਂ ਗਲੀਆਂ ਨਾਲੀਆਂ ਅਤੇ ਪਿੰਡ ਵਿੱਚ ਕਮਿਊਨਿਟੀ ਹੈਲਥ ਸੈਂਟਰ ਬਣਾਉਣਾ ਸ਼ਾਮਲ ਸਨ। ਜਿਨ੍ਹਾਂ ਨੂੰ ਵਿਧਾਇਕ ਸੋਹਲ ਨੇ ਜਲਦ ਹੱਲ ਕਰਵਾਉਣ ਦਾ ਭਰੋਸਾ ਵੀ ਦਿਵਾਇਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵਿਧਾਇਕ ਡਾ. ਸੋਹਲ ਨੇ ਦੱਸਿਆ ਕਿ ਪਿੰਡਾਂ ਦਾ ਵਿਕਾਸ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ ਅਤੇ ਪਿੰਡਾਂ ਨੂੰ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਜਲਦ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿੰਡ ਸੋਹਲ ਦੇ ਜੋ ਵਿਕਾਸ ਕਾਰਜ ਪਿਛਲੇ ਕਈ ਸਾਲਾਂ ਤੋਂ ਬੰਦ ਪਏ ਸਨ ਉਨ੍ਹਾਂ ਨੂੰ ਜਲਦ ਸੁਰੂ ਕਰਵਾ ਕੇ ਪਿੰਡ ਦੀ ਨੁਹਾਰ ਬਦਲ ਦਿੱਤੀ ਜਾਵੇਗੀ। ਪਿੰਡ ਵਾਸੀ ਤਰਸੇਮ ਸਿੰਘ ਸੋਹਲ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦਾ ਵਿਕਾਸ ਪਿਛਲੇ 20 ਸਾਲਾਂ ਤੋਂ ਅਧੂਰਾ ਪਿਆ ਹੈ। ਰਵਾਇਤੀ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਉਨ੍ਹਾਂ ਦੇ ਪਿੰਡ ਦੀ ਕਦੇ ਵੀ ਸਾਰ ਨਹੀਂ ਲਈ ਗਈ ਪਰ ਵਿਧਾਇਕ ਸੋਹਲ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਜਲਦ ਹੱਲ ਕਰਵਾਉਣ ਦਾ ਭਰੋਸਾ ਵੀ ਦਿਵਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਵਿਧਾਇਕ ਸੋਹਲ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੀ ਨੁਹਾਰ ਬਦਲ ਦੇਣਗੇ।

# ਤਰਸਿੱਕਾ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਸਮਾਗਮ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪਿੰਡ ਤਰਸਿੱਕਾ ਵਿਖੇ ਸਾਹਿਬਜ਼ਾਦਿਆਂ ਦੀ ਸਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਰਾਤ 10 ਵਜੇ ਤੱਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਥਾ ਕੀਰਤਨ ਦਾ ਜਾਪ ਪਿੰਡ ਤਰਸਿੱਕਾ ਦੀ ਪਹੁੰਚੀ ਵੱਡੇ ਪੱਧਰ ਤੇ ਸੰਗਤ ਨੇ ਕੀਤਾ। ਇਹ ਸਮਾਗਮ ਬਾਬਾ ਕੇਵਲ ਸਿੰਘ ਦੇ ਗ੍ਰਹਿ ਵਿਖੇ ਹੋਇਆ। ਸਮਾਗਮ ਵਿੱਚ ਵੱਖ ਵੱਖ ਬੁਲਾਰਿਆਂ ਤੋਂ ਇਲਾਵਾ ਬਾਬਾ ਸੁੱਚਾ ਸਿੰਘ ਕੋਰਮ, ਬਾਬਾ ਬੂਟਾ ਸਿੰਘ ਤੇ ਉਨ੍ਹਾਂ ਦੇ ਜਥੇ ਨੇ ਸੰਗਤ ਨੂੰ ਗੁਰੂ ਘਰ ਨਾਲ ਜੋੜਿਆ। ਇਸ ਤੋਂ ਬਾਅਦ ਸਮਾਜ ਸੇਵੀ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਅਨੰਦਪੁਰ ਸਾਹਿਬ ਦੇ ਪੰਜ ਕਿਲ੍ਹਿਆਂ ਦਾ ਸੰਖੇਪ ਇਤਿਹਾਸ ਤੇ ਗੰਗੂ ਬ੍ਰਾਹਮਣ ਦਾ ਪਿਛੋਕੜ ਤੇ ਗਦਾਰੀ ਨੂੰ ਸੰਗਤ ਵਿੱਚ ਦਲੀਲ ਤੇ ਬਰੀਕੀ ਨਾਲ ਜੁੜੀ ਸਮੂਹ ਸਿੱਖ ਸੰਗਤਾਂ ਨਾਲ ਸਾਂਝਾ ਕੀਤਾ ਤੇ ਜਾਤ ਪਾਤ ਦਾ ਵਿਰੋਧ ਕਰਨ ਤੇ ਭਾਈਚਾਰਕ ਸਾਂਝਾਂ ਮਜ਼ਬੂਤ ਕਰਨ ਦੀ ਅਪੀਲ ਕੀਤੀ। ਇਸ ਉਪਰੰਤ ਬਾਬਾ ਕੇਵਲ ਸਿੰਘ ਨੇ ਆਈ ਹੋਈ ਸਾਰੀ ਸੰਗਤ ਦਾ ਧੰਨਵਾਦ ਕੀਤਾ ਤੇ ਬੁਲਾਰਿਆਂ ਨੂੰ ਸਿਰਪਾਉ ਦੇ ਕੇ ਸਨਮਾਨਤ ਕੀਤਾ।

ਇਸ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਸੁਰਿੰਦਰ ਸਿੰਘ, ਸਰਨੈਲ ਸਿੰਘ, ਮਾਸਟਰ ਮੁਖਤਾਰ ਸਿੰਘ, ਕੁਲਬੀਰ ਸਿੰਘ, ਮੇਜਰ ਸਿੰਘ, ਸੁਖਵਿੰਦਰ ਸਿੰਘ, ਜਗਤਾਰ ਸਿੰਘ, ਬਲਜਿੰਦਰ ਸਿੰਘ, ਅਨਮੋਲਜੀਤ ਸਿੰਘ ਤਰਸਿੱਕਾ ਹਾਜ਼ਰ ਸਨ।

# ਔਰਤ ਦੀ ਚੈਨੀ ਖੋਹਣ ਵਾਲੇ ਦੋ ਪੁਲਸ ਅੜਿੱਕੇ



ਕਲਾਨੌਰ, (ਮਨਦੀਪ ਕੋਹਲੀ) - ਜਿੱਥੇ ਕਲਾਨੌਰ ਦੇ ਆਸ ਪਾਸ ਇਲਾਕੇ ਵਿੱਚ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਪੂਰੇ ਸਰਗਰਮ ਹਨ ਉਥੇ ਹੀ ਪੁਲਸ ਵੀ ਪੂਰੀ ਤਰ੍ਹਾਂ ਚੌਕਸ ਨਜ਼ਰ ਆ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਪਿਛਲੇ ਕੁਝ ਦਿਨ ਦਿਨ ਪਹਿਲਾਂ ਕਲਾਨੌਰ ਦੇ ਮਹੱਲਾ ਢੱਕੀ ਤੋਂ ਇੱਕ ਔਰਤ ਪਾਸੋਂ ਦੋ ਵਿਅਕਤੀ ਉਸ ਦੇ ਗਲੇ ਦੀ ਚੈਨ ਖੋਹ ਕੇ ਲੈ ਗਏ ਸਨ ਜਿਸ ਦੇ ਤਹਿਤ ਪੁਲਸ ਥਾਣਾ ਕਲਾਨੌਰ ਦੇ ਐਸ ਐਚ ਓ ਮੇਜਰ ਸਿੰਘ ਵੱਲੋਂ ਆਪਣੇ ਪੁਲਸ ਮੁਲਾਜ਼ਮਾਂ ਨੂੰ ਵੱਖ-ਵੱਖ ਥਾਵਾਂ 'ਤੇ ਨਾਕੇ ਲਗਾ ਕੇ ਤੈਨਾਤ ਕੀਤਾ ਹੋਇਆ ਹੈ। ਇਸੇ ਤਹਿਤ ਏ ਐਸ ਆਈ ਰਣਧੀਰ ਸਿੰਘ, ਏ ਐਸ ਆਈ ਨਰੇਸ਼ ਕੁਮਾਰ, ਏ ਐਸ ਆਈ ਵੈਸ਼ਨੋ ਦਾਸ, ਹੌਲਦਾਰ ਸੁਖਜਿੰਦਰ ਸਿੰਘ ਆਦਿ ਵੱਲੋਂ ਕਲਾਨੌਰ- ਡੇਰਾ ਬਾਬਾ ਨਾਨਕ ਰੋਡ ਟੀ ਪੁਆਇੰਟ 'ਤੇ ਨਾਕਾ ਲਗਾਇਆ ਹੋਇਆ ਸੀ ਕਿ ਦੋ ਵਿਅਕਤੀ ਰੁਡਿਆਣਾ ਸਾਈਡ ਤੋਂ ਆਉਂਦੇ ਦਿਖੇ ਤਾਂ ਪੁਲਸ ਨੇ ਉਨ੍ਹਾਂ ਨੂੰ ਰੋਕ ਕੇ ਪੁੱਛਗਿੱਛ ਕਰਨੀ ਚਾਹੀ ਪਰ ਉਹ ਪੁਲਸ ਦੇ ਸਵਾਲਾਂ ਦੇ ਤਸੱਲੀਬਖਸ਼ ਜਵਾਬ ਨਾ ਦੇ ਸਕੇ ਤੇ ਸ਼ੱਕ ਪੈਣ 'ਤੇ ਪੁਲਸ ਮੁਲਾਜ਼ਮ ਉਨ੍ਹਾਂ ਨੂੰ ਥਾਣੇ ਵਿੱਚ ਲੈ ਆਏ ਤੇ ਸਖਤੀ ਨਾਲ ਪੁੱਛਗਿੱਛ ਕਰਨ 'ਤੇ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੇ ਕਲਾਨੌਰ ਢੱਕੀ ਮਹੱਲੇ ਤੋਂ ਔਰਤ ਕੋਲੋਂ ਚੈਨੀ ਖੋਹੀ ਸੀ ਜਿਸ ਨੂੰ ਪੁਲਸ ਨੇ ਇੱਕ ਮੁਜਰਮ ਦੇ ਘਰੋਂ ਬਰਾਮਦ ਕਰ ਲਿਆ।

ਇਸ ਸਬੰਧੀ ਪੁਲਸ ਨੇ ਇਹਨਾਂ ਵਿਅਕਤੀਆਂ ਗੁਰਵਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਖਿਲਾਫ ਆਈ ਪੀ ਸੀ ਦੀ ਧਾਰਾ 379 ਬੀ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵਿਕਸਿਤ ਭਾਰਤ ਸੰਕਲਪ ਯਾਤਰਾ ਮਿਸ਼ਨ ਤਹਿਤ ਆਯੁਸ਼ਮਾਨ ਕਾਰਡ ਬਣਾਏ



**ਕਲਾਨੌਰ (ਮਨਦੀਪ ਕੋਹਲੀ)** - ਸਿਵਲ ਸਰਜਨ ਡਾਕਟਰ ਹਰਭਜਨ ਰਾਮ ਮਾਂਡੀ ਅਤੇ ਡੀ ਐਸ ਸੀ ਡਾ.ਰੋਮੀ ਰਾਜਾ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਲਾਨੌਰ ਸਿਵਲ ਹਸਪਤਾਲ ਦੇ ਐਸ ਐਮ ਓ ਡਾਕਟਰ ਸੁਖਦੀਪ ਸਿੰਘ ਦੀ ਅਗਵਾਈ ਹੇਠ ਵਿਕਸਿਤ ਭਾਰਤ ਸੰਕਲਪ ਯਾਤਰਾ ਤਹਿਤ ਆਯੁਸ਼ਮਾਨ ਕਾਰਡ ਬਣਾਉਣ ਦਾ ਕੰਮ ਬੜੀ ਤੇਜ਼ੀ ਨਾਲ ਪਿੰਡ ਪਿੰਡ ਕੈਂਪ ਲਗਾ ਕੇ ਕੀਤਾ ਜਾ ਰਿਹਾ ਹੈ। ਇਸੇ ਤਹਿਤ ਅੱਜ ਪਿੰਡ ਖੁਸ਼ੀਪੁਰ, ਕੋਟ ਮੀਆ ਸਾਹਿਬ ਅਤੇ ਨਾਲ ਲਗਦੇ ਪਿੰਡਾਂ ਵਿੱਚ 5 ਲੱਖ ਦੇ ਮੁਫਤ ਬੀਮਾ ਯੋਜਨਾ ਤਹਿਤ ਆਯੁਸ਼ਮਾਨ ਕਾਰਡ ਬਣਾਏ ਜਾ ਰਹੇ ਹਨ। ਐਸ ਐਮ ਓ ਸੁਖਦੀਪ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਆਦਾ ਤੋਂ ਜ਼ਿਆਦਾ 5 ਲੱਖ ਦੀ ਸਿਹਤ ਬੀਮਾ ਵਾਲੇ ਆਯੁਸ਼ਮਾਨ ਕਾਰਡ ਬਣਵਾਉਣ ਤਾਂ ਜੋ ਆਮ ਲੋਕ ਸਰਕਾਰ ਵੱਲੋਂ ਦਿੱਤੀ ਜਾਣ ਦੀ ਸਹੂਲਤ ਦਾ ਲਾਭ ਉਠਾ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਕੌਰ ਸੀ ਐਚ ਓ, ਮਨਪ੍ਰੀਤ ਕੌਰ ਸੀ ਐਚ ਓ, ਕੁਲਵੰਤ ਸਿੰਘ ਹੈਲਥ ਇੰਸਪੈਕਟਰ, ਸਤਵਿੰਦਰ ਸਿੰਘ, ਰਜੇਸ਼ ਕੁਮਾਰ, ਹਰਵਿੰਦਰ ਸਿੰਘ, ਗੁਰਪ੍ਰੀਤ ਪਾਲ ਬੀ ਈ ਈ, ਦਲਜੀਤ ਕੌਰ ਏ ਐਨ ਐਮ, ਤਜਿੰਦਰ ਕੌਰ ਏ ਐਨ ਐਮ, ਦਰਸ਼ਨ ਕੌਰ ਐਲ ਐਚ ਵੀ ਤੋਂ ਇਲਾਵਾ ਆਸ਼ਾ ਵਰਕਰ ਵੀ ਹਾਜ਼ਰ ਸਨ।

# ਪਿੰਡ ਵਾਸੀਆਂ 'ਆਪ' ਆਗੂ 'ਤੇ ਲਗਾਏ ਛੱਪੜ 'ਚੋਂ ਨਜਾਇਜ਼ ਮਿੱਟੀ ਪੁੱਟ ਕੇ ਵੇਚਣ ਦੇ ਇਲਜ਼ਾਮ



ਖਾਲੜਾ (ਰਣਬੀਰ ਸਿੰਘ ਗੋਲਣ)- ਹਲਕਾ ਖੇਮਕਰਨ ਅਧੀਨ ਆਉਂਦੇ ਪਿੰਡ ਬੇਗੇਪੁਰ ਦੇ ਲੋਕਾਂ ਵੱਲੋਂ ਆਪਣੇ ਪਿੰਡ ਦੇ ਹੀ 'ਆਪ' ਆਗੂ ਉੱਪਰ ਛੱਪੜ ਵਿੱਚੋਂ ਮਿੱਟੀ ਪੁੱਟ ਕੇ ਦੂਜੇ ਹਲਕੇ 'ਚ ਮੁੱਲ ਵੇਚਣ ਦੇ ਦੋਸ਼ ਲਗਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੈਮਲ ਸਿੰਘ ਪੁੱਤਰ ਬੀਰਾ ਸਿੰਘ, ਸਰਨਜੀਤ ਸਿੰਘ ਪੁੱਤਰ ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਬਲਕਾਰ ਸਿੰਘ, ਰਣਜੀਤ ਸਿੰਘ ਪੁੱਤਰ ਕਰਮ ਸਿੰਘ ਅਤੇ ਸੁਖਦੇਵ ਸਿੰਘ, ਬੱਬੂ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਛੱਪੜ ਦੀ ਸਾਫ-ਸਫਾਈ ਦਾ ਕੰਮ 'ਆਪ' ਆਗੂ ਸੁਖਚੈਨ ਸਿੰਘ ਦੀ ਦੇਖ-ਰੇਖ ਹੇਠ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਫਾਈ ਦੇ ਨਾਂਅ 'ਤੇ 'ਆਪ' ਆਗੂ ਵੱਲੋਂ ਛੱਪੜ 'ਚ ਡੂੰਘੇ ਟੋਏ ਪੁੱਟ ਕੇ ਮਿੱਟੀ ਦੂਜੇ ਹਲਕੇ ਵਿੱਚ ਮੁੱਲ ਵੇਚੀ ਜਾ ਰਹੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਡੂੰਘੀ ਖਲਾਈ ਕਰਨ ਨਾਲ ਛੱਪੜ ਵਿੱਚ ਟੋਏ ਪੈ ਗਏ ਹਨ, ਜਿਸ ਵਿੱਚ ਲੋਕਾਂ ਦੇ ਬੱਚੇ ਡਿੱਗਣ ਦਾ ਖਤਰਾ ਪੈਦਾ ਹੋ ਗਿਆ ਹੈ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਛੱਪੜ ਦੀ ਖਲਾਈ ਨੂੰ ਤੁਰੰਤ ਰੋਕਿਆ ਜਾਵੇ। ਉਧਰ ਜਦੋਂ ਇਸ ਇਸ ਸੰਬੰਧੀ ਪਿੰਡ ਬੇਗੇਪੁਰ ਤੋਂ 'ਆਪ' ਆਗੂ ਸੁਖਚੈਨ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਆਪਣੇ 'ਤੇ ਲੱਗੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਪਿੰਡ ਵਾਸੀ ਵੱਲੋਂ ਛੱਪੜ ਦੀ ਖਲਾਈ ਨਹੀਂ ਕਰਵਾਈ ਜਾ ਰਹੀ। ਸੁਖਚੈਨ ਸਿੰਘ ਦਾ ਕਹਿਣਾ ਸੀ ਕਿ ਪਿੰਡ ਦੇ ਛੱਪੜ ਵਿੱਚੋਂ ਕੱਢੀਆਂ ਮਿੱਟੀ ਦੀਆਂ ਵੀਹ ਟਰਾਲੀਆਂ ਪਿੰਡ ਸਹਿਬਾਜਪੁਰ ਅਤੇ ਬੇਗੇਪੁਰ ਦੇ ਸਰਕਾਰੀ ਸਕੂਲ ਨੂੰ ਦਿੱਤੀਆਂ ਗਈਆਂ ਹਨ। ਇਸ ਮਾਮਲੇ ਸੰਬੰਧੀ ਜਦੋਂ ਬੀ ਡੀ ਪੀ ਓ ਭਿੱਖੀਵਿੰਡ ਨਾਲ ਫੋਨ 'ਤੇ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ।

# ਗੈਬੀ ਸ਼ਕਤੀਆਂ ਦਾ ਦਾਅਵਾ ਕਰਨ ਵਾਲਿਆਂ ਨੂੰ 5 ਲੱਖ ਦਾ ਇਨਾਮ ਜਿੱਤਣ ਦਾ ਖੁੱਲ੍ਹਾ ਸੱਦਾ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸਮਾਜ ਵਿੱਚ ਕੁਝ ਸਮਾਜ ਵਿਰੋਧੀ ਤੇ ਸ਼ਰਾਰਤੀ ਅਨਸਰ ਭੋਲੇ ਭਾਲੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਤੇ ਆਪਣੇ ਆਪ ਨੂੰ ਗੈਬੀ ਸ਼ਕਤੀਆਂ ਦਾ ਮਾਲਕ ਹੋਣ ਦਾ ਢੌਂਗ ਰਚ ਕੇ, ਲੋਕਾਂ ਦੀ ਹੱਕ ਹਲਾਲ ਦੀ ਕਮਾਈ ਨੂੰ ਹੜੱਪ ਜਾਂਦੇ ਹਨ। ਇਹ ਧੰਦਾ ਹਰ ਸਾਲ ਕਰੋੜਾਂ ਵਿੱਚ ਕੀਤਾ ਜਾਂਦਾ, ਕੁਝ ਤਾਂਤਰਿਕਾਂ, ਡੋਲੀਆਂ ਖਿਡਾਉਣ ਵਾਲਿਆਂ, ਸਰੀਰ ਵਿੱਚੋਂ ਰਾਖ ਕੱਢਣ, ਕੀਤਾ ਕਰਾਇਆ, ਵਸ਼ੀਕਰਨ, ਮਨਚਾਹਿਆ ਜੀਵਨ ਸਾਥੀ ਪਾਉਣ ਆਦਿ ਦੇ ਨਾਂ 'ਤੇ ਅਜਿਹੇ ਸਾਰੇ ਪਖੰਡੀਆਂ ਨੂੰ ਪੰਜਾਬ ਦੀ ਨਾਮਵਰ ਸਮਾਜ ਸੇਵੀ ਸੰਸਥਾ ਕ੍ਰਾਂਤੀਕਾਰੀ ਤਰਕਸ਼ੀਲ ਲੋਕ ਚੇਤਨਾ ਲਹਿਰ ਦੇ ਪ੍ਰਧਾਨ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਖੁੱਲ੍ਹਾ ਚੈਲੇਂਜ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ 5 ਲੱਖ ਦਾ ਇਨਾਮ ਲਹਿਰ ਵੱਲੋਂ ਨਿਰਧਾਰਤ 11 ਸ਼ਰਤਾਂ 'ਤੇ ਹੋਵੇਗਾ। ਇਹ ਇਨਾਮ ਪੁਲਸ ਪ੍ਰਸ਼ਾਸਨ ਤੇ ਲੋਕਾਂ ਦੀ ਕਚਹਿਰੀ ਵਿੱਚ, ਲਹਿਰ ਵੱਲੋਂ ਦਿੱਤੇ ਗਏ ਸਥਾਨ 'ਤੇ ਹੋਵੇਗਾ। ਜਿਹੜਾ ਵਿਅਕਤੀ ਪਖੰਡੀ ਚੈਲੇਂਜ ਹਾਰ ਜਾਵੇਗਾ,

# ਘਰ ਬੈਠੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦਾ ਉਪਰਾਲਾ ਸ਼ਲਾਘਾਯੋਗ : ਸੇਖਵਾਂ



ਗੁਰਦਾਸਪੁਰ (ਜਨਕ ਮਹਾਜਨ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ 'ਚ ਜਾ ਕੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦਾ ਫੈਸਲਾ ਬੇਹੱਦ ਸ਼ਲਾਘਾਯੋਗ ਹੈ ਅਤੇ ਇਸ ਦਾ ਆਮ ਜਨਤਾ ਨੂੰ ਭਰਪੂਰ ਫਾਇਦਾ ਹੋ ਰਿਹਾ ਹੈ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ 43 ਸਰਕਾਰੀ ਸੇਵਾਵਾਂ ਘਰ ਬੈਠੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜੋ ਕਿ ਆਪਣੇ ਆਪ ਵਿੱਚ ਮਿਸਾਲ ਹਨ। ਚੇਅਰਮੈਨ ਸੇਖਵਾਂ ਨੇ ਦੱਸਿਆ ਕਿ ਇਨਾਂ ਸੇਵਾਵਾਂ ਵਿੱਚ ਜਨਮ/ਐਨ.ਏ.ਸੀ. ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਂ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ/ਐਨ.ਏ.ਸੀ. ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਭਾਰ-ਮੁਕਤ ਸਰਟੀਫਿਕੇਟ, ਗਿਰਵੀਨਾਮੇ ਦੀ ਇਕੁਇਟੀ ਐਂਟਰੀ, ਫਰਦ ਤਿਆਰ ਕਰਨ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਮੁਆਵਜ਼ੇ ਸਬੰਧੀ ਬਾਂਡ, ਬਾਰਡਰ ਏਰੀਏ ਸਬੰਧੀ ਸਰਟੀਫਿਕੇਟ, ਬੈਕਵਾਰਡ ਏਰੀਆ ਸਰਟੀਫਿਕੇਟ, ਜ਼ਮੀਨ ਦੀ ਹੱਦਬੰਦੀ, ਐਨ.ਆਰ.ਆਈ. ਦੇ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਪੁਲਸ ਕਲੀਅਰੈਂਸ ਸਰਟੀਫਿਕੇਟ ਅਤੇ ਕੰਢੀ ਖੇਤਰ ਸਰਟੀਫਿਕੇਟ (ਮਾਲ) ਦੇ ਕਾਊਂਟਰ ਸਾਈਨ, ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ, ਉਸਾਰੀ ਕਾਮੇ ਦੀ ਰਜਿਸਟਰੇਸ਼ਨ ਅਤੇ ਉਸਾਰੀ ਮਜ਼ਦੂਰ (ਲੇਬਰ) ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ (ਪ੍ਰਸੋਨਲ), ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ.ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਛੜੀ ਸ਼ਰੇਣੀਆਂ ਸਬੰਧੀ ਸਰਟੀਫਿਕੇਟ (ਓ.ਬੀ.ਸੀ.), ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ.ਡਬਲਿਊ.ਐਸ.) ਅਤੇ ਸ਼ਗਨ ਸਕੀਮ (ਕੇਸ ਨੂੰ ਮਨਜ਼ੂਰੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਅਪਾਹਜ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ਯੀ.ਡੀ.ਆਈ.ਡੀ. ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਲਈ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਦੇ ਬਿੱਲ ਦਾ ਭੁਗਤਾਨ (ਪਾਵਰ), ਵਿਆਹ ਦੀ ਰਜਿਸਟਰੇਸ਼ਨ (ਲਾਜ਼ਮੀ), ਵਿਆਹ (ਆਨੰਦ) (ਘਰ) ਦੀ ਰਜਿਸਟਰੇਸ਼ਨ ਅਤੇ ਪੇਂਡੂ ਖੇਤਰ ਦਾ ਸਰਟੀਫਿਕੇਟ (ਪੇਂਡੂ) ਸ਼ਾਮਿਲ ਹਨ। ਉਨ੍ਹਾਂ ਕਿਹਾ ਇਨ੍ਹਾਂ ਸਕੀਮਾਂ ਦਾ ਲਾਭ ਹੁਣ ਘਰ ਬੈਠੇ ਹੀ ਲੈ ਸਕਦੇ ਹਨ।

# ਨਸ਼ੇ ਦਾ ਸੇਵਨ ਕਰਨ ਵਾਲੇ ਦੋ ਕਾਬੂ

ਗੁਰਦਾਸਪੁਰ (ਜਨਕ ਮਹਾਜਨ)- ਜ਼ਿਲ੍ਹੇ 'ਚ ਵਿੱਢੀ ਗਈ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਸ਼ੇ ਦਾ ਸੇਵਨ ਕਰਨ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਐਸ.ਐਚ.ਓ. ਸਿਟੀ ਗੁਰਦਾਸਪੁਰ ਨੇ ਦੱਸਿਆ ਕਿ ਐਸ.ਆਈ. ਸੋਮ ਲਾਲ ਨੇ ਸਮੇਤ ਪੁਲਸ ਪਾਰਟੀ ਨਸ਼ਾ ਰੋਕਥਾਮ ਲਈ ਗਸ਼ਤ ਕਰਦੇ ਹੋਏ ਜਦ ਮੇਹਰ ਚੰਦ ਰੋਡ ਸ਼ਿਵਾ ਰਿਜ਼ੋਰਟ ਨੇੜੇ ਗੰਦਾ ਨਾਲਾ ਪੁੱਜੇ ਜਿਥੇ ਦੋਸ਼ੀ ਮੋਹਿਤ ਕੁਮਾਰ ਪੁੱਤਰ ਸੱਤਪਾਲ ਵਾਸੀ ਗੀਤਾ ਭਵਨ ਮੁਹੱਲਾ ਗੁਰਦਾਸਪੁਰ ਗੰਦਾ ਨਾਲਾ ਦੇ ਕਿਨਾਰੇ ਬੈਠਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਪੁਲਸ ਪਾਰਟੀ ਵਲੋਂ ਕਾਬੂ ਕੀਤਾ ਗਿਆ ਜਿਸ ਦੇ ਹੱਥ ਵਿੱਚ ਇੱਕ ਸਰਿੰਜ ਫੜੀ ਹੋਈ ਸੀ। ਉਸ ਨੇ ਇਸ ਸਰਿੰਜ ਨਾਲ ਹੈਰੋਇਨ ਵਰਗੀ ਸ਼ੈਅ ਦਾ ਟੀਕਾ ਆਪਣੇ ਜਿਸਮ 'ਤੇ ਲਗਾਇਆ ਅਤੇ ਦੂਜੇ ਹੱਥ 'ਤੇ ਕੋਈ ਨਸ਼ੀਲਾ ਪਾਊਡਰ ਲੱਗਾ ਹੋਇਆ ਸੀ। ਪੁਲਸ ਨੇ ਦੋਸ਼ੀ ਖ਼ਿਲਾਫ਼ ਐਨ.ਡੀ.ਪੀ.ਐਸ.ਐਕਟ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸੇ ਤਰ੍ਹਾਂ ਐਸ.ਆਈ. ਹਰਮੇਸ਼ ਕੁਮਾਰ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਜਦ ਮੇਹਰ ਚੰਦ ਰੋਡ ਗੰਦੇ ਨਾਲੇ ਦੇ ਨਾਲ-ਨਾਲ ਲਿੰਕ ਰੋਡ ਨੇੜੇ ਝੁੱਗੀਆਂ ਪੁੱਜੇ ਜਿਥੇ ਪ੍ਰਿੰਸ ਪੁੱਤਰ ਫਰਾਂਸ ਮਸੀਹ ਵਾਸੀ ਪ੍ਰੇਮ ਨਗਰ ਨੇੜੇ ਕਲਗੀਧਰ ਗੁਰਦੁਆਰਾ ਗੁਰਦਾਸਪੁਰ, ਝੁੱਗੀਆਂ ਨੇੜੇ ਬੈਠਾ ਦਿਖਾਈ ਦਿੱਤਾ ਜਿਸ ਨੂੰ ਸ਼ੱਕ ਦੇ ਆਧਾਰ 'ਤੇ ਪੁਲਸ ਪਾਰਟੀ ਵਲੋਂ ਕਾਬੂ ਕੀਤਾ ਜਿਸ ਦੇ ਹੱਥ ਵਿੱਚ ਇੱਕ ਸਰਿੰਜ ਫੜੀ ਹੋਈ ਸੀ ਜਿਸ ਨੇ ਦੱਸਿਆ ਕਿ ਉਹ ਨਸ਼ਾ ਕਰਨ ਦਾ ਆਦੀ ਹੈ, ਉਸ ਨੇ ਸਰਿੰਜ ਨਾਲ ਹੈਰੋਇਨ ਵਰਗੀ ਸ਼ੈਅ ਦਾ ਟੀਕਾ ਆਪਣੇ ਜਿਸਮ 'ਤੇ ਲਗਾਇਆ ਸੀ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕਰ ਲਿਆ ਹੈ।

# 'ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਤਹਿਤ ਲਾਭਪਾਤਰੀਆਂ ਨੂੰ 5 ਲੱਖ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ



ਗੁਰਦਾਸਪੁਰ (ਜਨਕ ਮਹਾਜਨ)- 'ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਤਹਿਤ ਲਾਭਪਾਤਰੀ ਪਰਵਾਰਾਂ ਨੂੰ 5 ਲੱਖ ਰੁਪਏ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਯੋਜਨਾ ਤਹਿਤ ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ 39 ਸਰਕਾਰੀ ਤੇ ਨਿੱਜੀ ਹਸਪਤਾਲ ਸੂਚੀਬੱਧ ਕੀਤੇ ਗਏ ਹਨ ਜਿਥੋਂ ਮੁਫ਼ਤ ਇਲਾਜ ਦੀ ਸਹੂਲਤ ਲਈ ਜਾ ਸਕਦੀ ਹੈ। ਜ਼ਿਲ੍ਹੇ ਦੇ ਸੂਚੀਬੱਧ ਹਸਪਤਾਲਾਂ ਦਾ ਵੇਰਵਾ ਦਿੰਦਿਆਂ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਨੇ ਦੱਸਿਆ ਕਿ ਜ਼ਿਲ੍ਹੇ ਦੇ 39 ਸੂਚੀਬੱਧ ਹਸਪਤਾਲਾਂ ਵਿੱਚ 12 ਸਰਕਾਰੀ ਸਿਹਤ ਸੰਸਥਾਵਾਂ ਮੁਫ਼ਤ ਇਲਾਜ ਲਈ ਸੂਚੀਬੱਧ ਹਨ, ਜਿਨ੍ਹਾਂ ਵਿੱਚ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ, ਮਾਤਾ ਸੁਲੱਖਣੀ ਸਿਵਲ ਹਸਪਤਾਲ ਬਟਾਲਾ, ਸੀ.ਐੱਚ.ਸੀ. ਭਾਮ, ਸੀ.ਐੱਚ.ਸੀ. ਧਾਰੀਵਾਲ, ਸੀ.ਐੱਚ.ਸੀ. ਦੀਨਾਨਗਰ, ਸੀ.ਐੱਚ.ਸੀ. ਫ਼ਤਹਿਗੜ੍ਹ ਚੂੜੀਆਂ, ਸੀ.ਐੱਚ.ਸੀ. ਘੁਮਾਣ, ਸੀ.ਐੱਚ.ਸੀ. ਕਾਹਨੂੰਵਾਨ, ਸੀ.ਐੱਚ.ਸੀ. ਕਲਾਨੌਰ, ਸੀ.ਐੱਚ.ਸੀ. ਨੌਸ਼ਹਿਰਾ ਮੱਝਾ ਸਿੰਘ, ਸੀ.ਐੱਚ.ਸੀ. ਕਾਦੀਆਂ, ਕਮਿਊਨਿਟੀ ਹੈਲਥ ਸੈਂਟਰ ਡੇਰਾ ਬਾਬਾ ਨਾਨਕ ਸ਼ਾਮਲ ਹਨ। ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ 27 ਪ੍ਰਾਈਵੇਟ ਹਸਪਤਾਲ ਵੀ ਸੂਚੀਬੱਧ ਹਨ। ਇਨਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਅਕਾਸ਼ ਹਸਪਤਾਲ ਅਤੇ ਹਾਰਟ ਕੇਅਰ ਸੈਂਟਰ ਬਟਾਲਾ, ਬਾਬਾ ਦੀਪ ਸਿੰਘ ਹਸਪਤਾਲ ਅਲੀਵਾਲ ਰੋਡ ਬਟਾਲਾ, ਬਡਵਾਲ ਹਸਪਤਾਲ ਗੁਰਦਾਸਪੁਰ, ਬਾਹਰੀ ਹਸਪਤਾਲ ਦੀਨਾਨਗਰ, ਬਾਜਵਾ ਹਸਪਤਾਲ ਬਟਾਲਾ, ਬੀਬੀ ਕੌਲਾਂ ਹਸਪਤਾਲ ਫ਼ਤਹਿਗੜ੍ਹ ਚੂੜੀਆਂ, ਬੀ.ਜੇ.ਐੱਸ. ਬੱਲ ਮੈਮੋਰੀਅਲ ਹਸਪਤਾਲ ਬਟਾਲਾ, ਚੌਹਾਨ ਹਸਪਤਾਲ ਦੀਨਾਨਗਰ, ਛੀਨਾ ਹਸਪਤਾਲ ਬਟਾਲਾ, ਗੁਰਨੂਰ ਹਸਪਤਾਲ ਬਟਾਲਾ, ਗੁਰੂ ਨਾਨਕ ਸੁਪਰ ਸਪੈਸ਼ਲਿਟੀ ਹਸਪਤਾਲ ਘੁਮਾਣ, ਐੱਚ.ਏ.ਐੱਸ. ਛੀਨਾ ਹਸਪਤਾਲ ਬਟਾਲਾ, ਜੇ.ਸੀ. ਨੰਦਾ ਹਸਪਤਾਲ ਗੁਰਦਾਸਪੁਰ, ਕਾਹਲੋਂ ਹਸਪਤਾਲ, ਕਿਰਨ ਮੈਡੀਸਨ ਹਸਪਤਾਲ ਦੀਨਾਨਗਰ, ਕੋਹਲੀ ਹਸਪਤਾਲ ਧਾਰੀਵਾਲ, ਲਾਈਫ ਕੇਅਰ ਹਸਪਤਾਲ ਅਤੇ ਆਈ ਕੇਅਰ ਸੈਂਟਰ ਕੋਟ ਯੋਗਰਾਜ, ਮਹਾਜਨ ਹਸਪਤਾਲ ਐਂਡਰ ਆਈ ਕੇਅਰ ਸੈਂਟਰ ਗੁਰਦਾਸਪੁਰ, ਨਿਊ ਮਹਾਜਨ ਹਸਪਤਾਲ ਫ਼ਤਹਿਗੜ੍ਹ ਚੂੜੀਆਂ, ਨਿਊ ਸ੍ਰੀ ਬਾਵਾ ਲਾਲ ਹਸਪਤਾਲ ਖੈਹਿਰਾ ਰੋਡ, ਰੰਧਾਵਾ ਮਲਟੀਸਪੈਸ਼ਲਿਟੀ ਹਸਪਤਾਲ ਬਟਾਲਾ, ਆਰ.ਪੀ. ਅਰੋੜਾ ਮੈਡੀਸਿਟੀ ਗੁਰਦਾਸਪੁਰ, ਸੰਧੂ ਹਸਪਤਾਲ ਬਟਾਲਾ, ਸਤਸਰ ਹਸਪਤਾਲ ਬਟਾਲਾ, ਰਾਮ ਸਿੰਘ ਮੈਮੋਰੀਅਲ ਬੱਬਰ ਮਲਟੀਸਪੈਸ਼ਲਿਟੀ ਹਸਪਤਾਲ ਜੀਵਨਵਾਲ ਬੱਬਰੀ, ਸੁਰਜੀਤ ਹਸਪਤਾਲ ਕਲਾਨੌਰ ਅਤੇ ਵਿਆਨ ਮਲਟੀਸਪੈਸ਼ਲਿਟੀ ਹਸਪਤਾਲ ਬਟਾਲਾ ਸ਼ਾਮਲ ਹਨ। ਸਿਵਲ ਸਰਜਨ ਡਾ. ਮਾਂਡੀ ਨੇ ਅੱਗੇ ਦੱਸਿਆ ਕਿ 'ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦਾ ਕਾਰਡ ਜੇ-ਫਾਰਮ ਹੋਲਡਰ ਕਿਸਾਨ, ਰਜਿਸਟਰਡ ਉਸਾਰੀ ਕਿਰਤੀ, ਰਾਸ਼ਨ ਕਾਰਡ ਯੋਜਨਾ ਦੇ ਸਮਾਰਟ ਕਾਰਡ ਹੋਲਡਰ ਵਿਅਕਤੀ, ਰਜਿਸਟਰਡ ਛੋਟੇ ਵਪਾਰੀ ਅਤੇ ਯੈਲੋ/ਐਕਰੀਡੇਸ਼ਨ ਕਾਰਡ ਧਾਰਕ ਪੱਤਰਕਾਰ ਬਣਵਾ ਸਕਦੇ ਹਨ।

# ਮੋਟਰਸਾਈਕਲ ਸਵਾਰਾਂ ਔਰਤ ਦੀਆਂ ਵਾਲੀਆਂ ਖੋਹੀਆਂ

ਕਲਾਨੌਰ (ਮਨਦੀਪ ਕੋਹਲੀ) - ਕਸਬਾ ਕਲਾਨੌਰ ਦੇ ਆਸ ਪਾਸ ਕੁਝ ਦਿਨਾਂ ਤੋਂ ਚੋਰੀਆਂ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਬੀਤੇ ਕੱਲ੍ਹ ਗੁਰਦਾਸਪੁਰ ਰੋਡ 'ਤੇ ਸੇਵਾ ਕੇਂਦਰ ਦੇ ਨਜ਼ਦੀਕ ਇੱਕ ਲੁਟੇਰੇ ਨੇ ਸਕੂਟਰ ਸਵਾਰ ਔਰਤ ਦੇ ਕੰਨਾਂ ਦੀਆਂ ਵਾਲੀਆਂ ਖੋਹ ਲਈਆਂ। ਘਟਨਾ ਸਬੰਧੀ ਜਾਣਕਾਰੀ ਦਿੰਦਿਆ ਰਘਬੀਰ ਕੌਰ ਪਤਨੀ ਬਲਰਾਜ ਸਿੰਘ ਪਿੰਡ ਰੋਸੇ ਨੇ ਦੱਸਿਆ ਕਿ ਮੈਂ ਆਪਣੀ ਲੜਕੀ ਨਾਲ ਸੁਵਿਧਾ ਕੇਂਦਰ ਵਿਖੇ ਆਧਾਰ ਕਾਰਡ ਅੱਪਡੇਟ ਕਰਵਾਉਣ ਲਈ ਜਾ ਰਹੀ ਸੀ ਤਾਂ ਜਦੋਂ ਅਸੀਂ ਸੁਵਿਧਾ ਕੇਂਦਰ ਨੇੜੇ ਪਹੁੰਚੇ ਤਾਂ ਪਿੱਛੇ ਤੋਂ ਆਏ ਮੋਟਰਸਾਈਕਲ ਸਵਾਰਾਂ ਨੇ ਮੇਰੇ ਦੋਵੇਂ ਕੰਨਾਂ 'ਚੋਂ ਵਾਲੀਆਂ ਝਪਟ ਲਈਆਂ ਅਤੇ ਫ਼ਰਾਰ ਹੋ ਗਏ। ਇਸ ਘਟਨਾ ਸਬੰਧੀ ਪੁਲਸ ਥਾਣਾ ਕਲਾਨੌਰ ਵਿਖੇ ਸੂਚਨਾ ਦੇ ਦਿੱਤੀ ਗਈ ਹੈ। ਸਬ ਇੰਸਪੈਕਟਰ ਗੁਰਮੁਖ ਸਿੰਘ ਨੇ ਦੱਸਿਆ ਕਿ ਘਟਨਾ ਸੰਬੰਧੀ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਜਾ ਰਹੀ ਹੈ।

# ਸੁਪਰ 7 ਕ੍ਰਿਕਟ ਖੇਡਾਂ ਦੇ ਦੂਜੇ ਦਿਨ ਅਲੀਵਾਲ ਸਪੋਰਟਸ ਸਟੇਡੀਅਮ 'ਚ ਖੇਡ ਮੁਕਾਬਲੇ



ਬਟਾਲਾ (ਮਲਵਿੰਦਰ ਸਿੰਘ)- ਸੁਪਰ ਸੇਵਨ ਕ੍ਰਿਕਟ ਫੈਡਰੇਸ਼ਨ ਆਫ ਇੰਡੀਆ ਦੇ ਮਹਾਂਸਚਿਵ ਕਾਂਤ ਸ਼ਰਮਾ ਨੇ ਦੱਸਿਆ ਕਿ 16ਵੀਆਂ ਜੂਨੀਅਰ ਰਾਸ਼ਟਰੀ ਸੁਪਰ 7 ਕ੍ਰਿਕਟ ਖੇਡਾਂ ਦੇ ਦੂਜੇ ਦਿਨ ਅਲੀਵਾਲ ਸਪੋਰਟਸ ਸਟੇਡੀਅਮ ਵਿੱਚ ਖੇਡੇ ਗਏ ਲੀਗ ਮੈਚਾਂ ਵਿੱਚ ਜੰਮੂ ਕਸ਼ਮੀਰ ਦੀ ਟੀਮ ਨੇ ਆਂਧਰਾ ਪ੍ਰਦੇਸ਼ ਦੀ ਟੀਮ ਨੂੰ 42 ਰਨਾਂ ਨਾਲ ਹਰਾਇਆ।

ਇਸ ਤਰ੍ਹਾਂ ਹਰਿਆਣੇ ਦੀ ਟੀਮ ਨੇ ਪੌਂਡੀਚਿਰੀ ਦੀ ਟੀਮ ਨੂੰ 6 ਵਿਕਟਾਂ ਨਾਲ ਹਰਾਇਆ। ਮੱਧ ਪ੍ਰਦੇਸ਼ ਦੀ ਟੀਮ ਨੇ ਪੰਜਾਬ ਦੀ ਟੀਮ ਨੂੰ 3 ਵਿਕਟਾਂ ਨਾਲ ਹਰਾਇਆ ਅਤੇ ਉੱਤਰ ਪ੍ਰਦੇਸ਼ ਟੀਮ ਨੇ ਪੰਜਾਬ ਹੋਸਟ ਟੀਮ ਨੂੰ 5 ਵਿਕਟਾਂ ਨਾਲ ਹਰਾਇਆ। ਇਸ ਤੋਂ ਬਆਦ ਹੋਲੀਵੁੱਡ ਪਬਲਿਕ ਸਕੂਲ ਦੇ ਖੇਡ ਮੈਦਾਨ ਵਿੱਚ ਖੇਡੇ ਗਏ ਮੈਚਾਂ ਵਿੱਚੋਂ ਰਾਜਸਥਾਨ ਦੀ ਟੀਮ ਨੇ ਲੱਦਾਖ ਦੀ ਟੀਮ ਨੂੰ 109 ਰਨਾਂ ਨਾਲ ਕਰਾਰੀ ਹਾਰ ਦਿੱਤੀ। ਦੂਜੇ ਮੈਚਾਂ ਵਿੱਚ ਲੱਦਾਖ ਦੀ ਟੀਮ ਨੇ ਉੱਤਰ ਪ੍ਰਦੇਸ਼ ਦੀ ਟੀਮ ਨੂੰ 26 ਰਨਾਂ ਨਾਲ ਹਰਾਇਆ। ਇਸ ਦੇ ਨਾਲ ਹੀ ਉੱਤਰਾਖੰਡ ਦੀ ਟੀਮ ਰਾਜਸਥਾਨ ਦੀ ਟੀਮ ਨੂੰ 3 ਵਿਕਟਾਂ ਨਾਲ ਹਰਾਇਆ। ਉੱਤਰਾਖੰਡ ਦੀ ਟੀਮ ਨੇ ਚੰਡੀਗੜ੍ਹ ਦੀ ਟੀਮ ਨੂੰ 7 ਵਿਕਟਾਂ ਨਾਲ ਹਰਾਇਆ।

ਇਸ ਮੌਕੇ ਜਰਨੈਲ ਸਿੰਘ ਲਾਡੀ ਪ੍ਰਧਾਨ, ਚੇਅਰਮੈਨ ਗੁਰਵਿੰਦਰ ਸਿੰਘ ਪੰਨੂ, ਪ੍ਰਿੰਸੀਪਲ ਹਰਪਿੰਦਰਪਾਲ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਕੋਟਲਾ ਬਾਮਾ, ਸੂਬੇਦਾਰ ਹਰਪਾਲ ਸਿੰਘ ਪ੍ਰਧਾਨ ਸਾਬਕਾ ਸੈਨਿਕ ਗੁਰਦਾਸਪੁਰ, ਚੇਅਰਮੈਨ ਸਤਿੰਦਰ ਸਿੰਘ, ਜਸਵਿੰਦਰ ਸਿੰਘ, ਦਲਜੀਤ ਸਿੰਘ ਪ੍ਰਧਾਨ, ਬਲਦੇਵ ਸਿੰਘ ਐਕਸੀਅਨ ਮੰਡੀ ਬੋਰਡ, ਕੈਪਟਨ ਚਰਨਜੀਤ ਸਿੰਘ, ਜਸਬੀਰ ਸਿੰਘ ਬਿੱਲਾ, ਗੁਰਬੀਰ ਸਿੰਘ, ਸੂਬੇਦਾਰ ਸੁਰੇਸ਼ ਕੁਮਾਰ ਆਲੀਵਾਲ, ਲਖਵਿੰਦਰ ਸਿੰਘ ਸਰਪੰਚ ਆਲੀਵਾਲ, ਜੋਗਾ ਸਿੰਘ ਆਲੀਵਾਲ, ਅਸ਼ੋਕ ਕੁਮਾਰ ਆਲੀਵਾਲ, ਪ੍ਰੀਤਪਾਲ ਸਿੰਘ ਰੇਂਜ ਅਫਸਰ, ਨਵਜੋਤ ਸਿੰਘ ਕਾਲਾ ਅਫਗਾਨਾ, ਕਵਰਬੀਰ ਸਿੰਘ ਲੋਧੀਨੰਗਲ ਆਦਿ ਮੌਜੂਦ ਸਨ।



ਲਿਖ ਦ੍ਰਿਤਾ, ਤਾਂ ਕਿ ਸਨਦ ਰਹੇ ਕਿ ਸ਼ਾਂਤਮਈ ਕੀਤੇ ਰੋਸ, ਜਾਬਰ ਹਾਕਮਾਂ ਨੂੰ ਫੈਸਲੇ ਬਦਲਣ ਲਈ ਮਜ਼ਬੂਰ ਕਰ ਦਿੰਦੇ ਹਨ।
**ਸਨਾਇਆ ਪੁੱਤਰੀ ਪੰਕਜ ਕੁਮਾਰ, ਕਲਾਸ ਪਹਿਲੀ, ਸੈਕਰਟ ਹਾਰਟ ਸਕੂਲ ਮੋਗਾ।**

# ਦਿਨ-ਰਾਤ ਚੱਲ ਰਹੀ ਹੈ ਨਾਜਾਇਜ਼ ਮਾਈਨਿੰਗ, ਮੁੱਖ ਮੰਤਰੀ ਦਖ਼ਲ ਦੇਣ : ਵਡਾਲਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਲੰਮੇ ਸਮੇਂ ਤੋਂ ਬਿਨਾਂ ਕਿਸੇ ਰੋਕ ਟੋਕ ਦੇ ਸੱਤਾਧਾਰੀ ਪਾਰਟੀ ਦੇ ਲੀਡਰ ਗੈਰ ਕਾਨੂੰਨੀ ਰੇਤਾ ਦੀ ਮਾਈਨਿੰਗ ਕਰ ਰਹੇ ਹਨ ਤੇ ਇਹ ਸਿਲਿਸਿਲਾ ਕਈ ਹਫਤਿਆਂ ਤੋਂ ਨਿਰੰਤਰ ਜਾਰੀ ਹੈ। ਉਪਰੋਕਤ ਦੋਸ਼ ਲਗਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਇਲਾਕਾ ਨਿਵਾਸੀਆਂ ਨੇ ਮਾਈਨਿੰਗ ਅਫ਼ਸਰਾਂ ਅਤੇ ਚੰਡੀਗੜ੍ਹ ਵਿਚ ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ ਪਰੰਤੂ ਉੱਪਰ ਤੱਕ ਸਭਾ ਪਤਾ ਹੋਣ ਦੇ ਬਾਵਜੂਦ ਇਹ ਗੈਰ ਕਾਨੂੰਨੀ ਧੰਦਾ ਬੰਦ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪਿੰਡ ਸੰਗੋਵਾਲ ਵਿਚ ਸਰਕਾਰ ਦੀ ਕੋਈ ਮਨਜ਼ੂਰ ਸ਼ੁਦਾ ਖੱਡ ਨਹੀਂ ਹੈ ਪਰ ਇਸ ਪਿੰਡ ਦੇ ਕਾਫੀ ਖੇਤਰ ਵਿਚੋਂ ਰੇਤਾ ਚੁੱਕੀ ਗਈ ਹੈ। ਇਹ ਮਾਈਨਿੰਗ ਦਿਨ ਰਾਤ ਚੱਲਦੀ ਹੈ ਅਤੇ ਇਲਾਕੇ ਦੇ ਲੋਕ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਆਗੂ ਅਤੇ ਵਿਧਾਇਕ ਇਸ ਕੰਮ ਵਿਚ ਸ਼ਰੇਆਮ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਪਿੰਡ ਢਗਾਰਾ ਦੀ ਮੰਨਜ਼ੂਰਸ਼ੁਦਾ ਖੱਡ ਦੀਆਂ ਪਰਚੀਆਂ ਗੈਰ ਕਾਨੂੰਨੀ ਢੰਗ ਨਾਲ ਪਿੰਡ ਸੰਗੋਵਾਲ ਵਿਚ ਵਰਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਨਾਲ ਸੰਬੰਧ ਰੱਖਣ ਵਾਲੇ ਲਾਲਚੀ ਵਿਅਕਤੀਆਂ ਵੱਲੋਂ ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਵਿਚੋਂ ਧੱਕੇ ਨਾਲ ਰੇਤਾ ਚੁੱਕੀ ਗਈ ਅਤੇ ਉਨ੍ਹਾਂ ਨੂੰ ਕਰੋੜਾਂ ਦਾ ਮੁਨਾਫ਼ਾ ਹੋਇਆ ਲੇਕਿਨ ਛੋਟੇ ਅਤੇ ਗ਼ਰੀਬ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਵਿਚੋਂ ਚੁੱਕੀ ਗਈ ਰੇਤਾ ਦੇ ਬਦਲੇ ਕੁਝ ਵੀ ਨਹੀ ਦਿੱਤਾ ਗਿਆ। ਰੇਤਾ ਦੀ ਨਾਜਾਇਜ਼ ਮਾਈਨਿੰਗ ਬਹੁਤ ਵੱਡੇ ਪੱਧਰ 'ਤੇ ਹੋ ਰਹੀ ਹੈ ਅਤੇ ਹਰ ਰੋਜ਼ 100 ਤੋਂ 150 ਟਿੱਪਰ ਅਤੇ ਟਰਾਲੀਆਂ ਵੇਚੀਆਂ ਜਾ ਰਹੀਆਂ ਹਨ। ਇਸ ਨਾਜਾਇਜ਼ ਮਾਈਨਿੰਗ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਗ ਰਿਹਾ ਹੈ ਅਤੇ ਮਾਈਨਿੰਗ ਮਾਫੀਆ ਵੱਲੋਂ ਕਰੋੜਾਂ ਰੁਪਏ ਕਮਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰੇਤਾ ਚੁੱਕਣ ਕਾਰਨ ਦਰਿਆ ਸਤਲੁਜ ਦਾ ਰੁੱਖ ਵੀ ਬਦਲ ਸਕਦਾ ਹੈ ਤੇ ਜਿਸ ਕਰਕੇ ਪਿੰਡ ਸਧਾਰੇ ਅਤੇ ਆਸ-ਪਾਸ ਪਿੰਡਾਂ ਦਾ ਬਹੁਤ ਨੁਕਸਾਨ ਹੋ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਰੇਤਾ ਦਾ ਜੋ ਰੇਟ ਕੱਢਿਆ ਗਿਆ ਸੀ ਉਸ ਦੀ ਕਿਤੇ ਵੀ ਪਾਲਣਾ ਹੁੰਦੀ ਨਜ਼ਰ ਨਹੀ ਆ ਰਹੀ। ਅਸੀਂ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਕਿ ਤੁਹਾਡੀ ਪਾਰਟੀ ਦੇ ਵਿਧਾਇਕ ਅਤੇ ਲੀਡਰ ਨਾਜਾਇਜ਼ ਅਤੇ ਕਾਨੂੰਨੀ ਮਾਈਨਿੰਗ ਵਿਚ ਸ਼ਾਮਿਲ ਹਨ ਅਤੇ ਇਨ੍ਹਾਂ ਦੇ ਨਾਲ ਸਰਕਾਰੀ ਅਮਲਾ- ਫੈਲਾ ਵੀ ਰਲਿਆ ਹੋਇਆ ਹੈ।ਵਡਾਲਾ ਨੇ ਕਿਹਾ ਕਿ ਅਸੀਂ ਮੁੱਖ ਮੰਤਰੀ ਸਾਹਿਬ ਪੰਜਾਬ ਦੇ ਧਿਆਨ ਵਿਚ ਇਸ ਪਿੰਡ ਸੰਗੋਵਾਲ ਦੀ ਨਾਜਾਇਜ਼ ਮਾਈਨਿੰਗ ਦਾ ਧੰਦਾ ਲਿਆਉਂਦੇ ਹੋਏ ਇਹ ਆਸ ਕਰਦੇ ਹਾਂ ਕਿ ਨਾਜਾਇਜ਼ ਰੇਤਾ ਦੀ ਮਾਈਨਿੰਗ ਜਲਦ ਬੰਦ ਕੀਤੀ ਜਾਵੇਗੀ ਅਤੇ ਜਿਨ੍ਹਾਂ ਵਿਅਕਤੀਆਂ ਨੇ ਨਾਜਾਇਜ਼ ਮਾਈਨਿੰਗ ਕੀਤੀ ਹੈ ਉਨ੍ਹਾਂ ਵਿਰੁੱਧ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਚੂਨਾ ਲਗਾਉਣ ਅਤੇ ਨੁਕਸਾਨ ਕਰਨ ਦੀ ਬਨਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਮਾਪਿਆਂ ਦੇ ਸ਼ਹਿਜ਼ਾਦੇ



ਕਹਿੰਦੇ ਹਨ ਕਿ ਅੱਗੇ ਨਾਲੋਂ ਪਿੱਛਾ ਭਲਾ ਮਨੁੱਖ ਜਦੋਂ ਵੱਡਾ ਹੋ ਜਾਂਦਾ ਹੈ ਤਾਂ ਉਸ ਨੂੰ ਬਹੁਤ ਸਾਰੇ ਫਰਜ਼ ਨਿਭਾਉਣੇ ਪੈਂਦੇ ਹਨ। ਕਈ ਵਾਰ ਉਹ ਗੁੰਝਲਾਂ ਵਿੱਚ ਫਸਿਆ ਹੋਇਆ ਨਿਰਾਸ਼ ਹੋ ਜਾਂਦਾ ਹੈ ਉਹ ਸੋਚਦਾ ਹੈ ਕਿ ਇਸ ਨਾਲੋਂ ਤਾਂ ਬਚਪਨ ਦਾ ਜੀਵਨ ਕਿੰਨਾ ਚੰਗਾ ਸੀ। ਅਮੀਰ ਹੋਵੇ ਭਾਵੇਂ ਗਰੀਬ ਹਰ ਮਾਂ-ਬਾਪ ਨੂੰ ਬੱਚੇ ਲਈ ਤਾਂਘ ਹੁੰਦੀ ਹੈ। ਜਨਮ ਤੋਂ ਹੀ ਬੱਚਾ ਮਾਂ-ਬਾਪ ਤੇ ਨਿਰਭਰ ਹੁੰਦਾ ਹੈ। ਉਸ ਨੂੰ ਖਾਣ-ਪੀਣ, ਰਹਿਣ-ਸਹਿਣ ਲਈ ਮਾਂ-ਬਾਪ ਹਰ ਸਹੂਲਤ ਦਿੰਦੇ ਹਨ। ਭਾਵੇਂ ਗਰੀਬਾਂ ਦੇ ਬੱਚਿਆਂ ਦਾ ਖਾਣ, ਪਹਿਨਣ ਅਮੀਰਾਂ ਦੇ ਬੱਚਿਆਂ ਨਾਲੋਂ ਸਰਲ ਤੇ ਸਸਤਾ ਹੁੰਦਾ ਹੈ। ਪਰ ਬੱਚੇ ਨੂੰ ਇਸ ਬਾਰੇ ਕੋਈ ਫਰਕ ਨਹੀਂ ਹੁੰਦਾ। ਉਸ ਨੂੰ ਤਾਂ ਖਾਣ, ਪਹਿਨਣ ਤੇ ਖੇਡਣ ਤੱਕ ਮਤਲਬ ਹੈ। ਪਿਆਰ ਉਸ ਲਈ ਅਮੁੱਲੀ ਚੀਜ਼ ਹੈ। ਇਸ ਸਮੇਂ ਬਹੁਤੀ ਦੇਖਭਾਲ ਮਾਂ ਹੀ ਕਰਦੀ ਹੈ। ਤਾਂ ਹੀ ਉਸ ਨੂੰ ਮਾਂ ਨਾਲ ਬਹੁਤਾ ਪਿਆਰ ਹੁੰਦਾ ਹੈ। ਮਾਂ ਲੋਰੀਆਂ ਦੇ ਕੇ ਬੱਚੇ ਨੂੰ ਸੁਲਾਉਂਦੀ ਹੈ। ਉਸ ਦਾ ਪਾਲਣ-ਪੋਸ਼ਣ ਕਰਦੀ ਹੈ।

ਜਿਉਂ-ਜਿਉਂ ਬੱਚੇ ਨੂੰ ਸੋਝੀ ਆਉਂਦੀ ਹੈ। ਉਸ ਨੂੰ ਕੁਝ ਨਾਂ ਕੁਝ ਗੱਲਾਂ ਚੀਜ਼ਾਂ ਬਾਰੇ ਜਾਣਨ ਦੀ ਉਤਸੁਕਤਾ ਉਤਪੰਨ ਹੁੰਦੀ ਹੈ। ਜਿਵੇਂ ਰਾਤ ਨੂੰ ਸੌਣ ਤੋਂ ਪਹਿਲਾਂ ਵੱਡਿਆਂ ਤੋਂ ਰਾਜੇ-ਰਾਣੀਆਂ, ਭੂਤਾਂ-ਪ੍ਰੇਤਾਂ ਆਦਿ ਦੀਆਂ ਬਾਤਾਂ ਸੁਣਨਾ। ਇਹ ਉਸ ਦਾ ਮਨੋਰੰਜਨ ਬਣ ਜਾਂਦਾ ਹੈ। ਰੋਮਾਂਸ-ਸੁਖਾਂਤ ਤੇ ਦੁਖਾਂਤ ਨੂੰ ਉਹ ਸਚਾਈ ਹੀ ਅਨੁਭਵ ਕਰਦਾ ਹੈ।

ਉਹ ਮਾਮੇ ਤੇ ਨਾਨੀ ਨੂੰ ਹੋਰ ਰਿਸ਼ਤੇਦਾਰ ਨਾਲੋਂ ਵੱਧ ਪਿਆਰ ਕਰਦਾ ਹੈ ਤੇ ਨਾਨਕੇ ਜਾਣਾ ਚਾਹੁੰਦਾ ਹੈ। ਜਦੋਂ ਕੋਈ ਰਿਸ਼ਤੇਦਾਰ ਆਉਂਦਾ ਹੈ ਜਾਂ ਆਪ ਕਿਸੀ ਦੇ ਜਾਂਦਾ ਹੈ ਤਾਂ ਬਹੁਤ ਖ਼ੁਸ਼ੀ ਅਨੁਭਵ ਕਰਦਾ ਹੈ। ਆਮ ਲੋਕਾਂ ਨਾਲੋਂ ਭੈਣ, ਭਰਾ ਤੇ ਹਮਜ਼ੋਲੀਆਂ ਨੂੰ ਹੀ ਆਪਣੀ ਦੁਨੀਆਂ ਸਮਝਦਾ ਹੈ। ਉਹ ਘਰੇਲੂ ਤੇ ਸੰਸਾਰਕ ਫਿਕਰਾਂ ਤੋਂ ਨਿਰਲੇਪ ਹੁੰਦਾ ਹੈ। ਬਹੁਤ ਸਮਾਂ ਉਹ ਖੇਡਣ ਵਿੱਚ ਗੁਜ਼ਾਰਦਾ ਹੈ। ਉਹ ਹਮਜ਼ੋਲੀਆਂ ਨਾਲ ਇੱਕ ਦੂਜੇ ਦੇ ਨਾਲ ਘਰ ਅਤੇ ਗਲੀਆਂ ਵਿੱਚ ਖੇਡਦਾ ਹੈ ਤੇ ਹੋਰ ਵੱਡਾ ਹੋ ਕੇ ਖੇਤਾਂ, ਬਾਗਾਂ ਵਿੱਚ ਤੇ ਨਦੀਆਂ-ਟੋਬਿਆਂ ਕਿਨਾਰੇ ਖੇਡਦਾ ਹੈ। ਉਹ ਦਰਖਤਾਂ, ਪੰਛੀਆਂ ਬਾਰੇ ਜਾਣਕਾਰੀ ਲੈਂਦਾ ਹੈ। ਪੰਛੀਆਂ ਦੇ ਆਲ੍ਹਣਿਆਂ ਤੇ ਪੰਛੀਆਂ ਦੇ ਨਾਂ ਤੇ ਬੋਲੀ ਬਾਰੇ ਜਾਣਕਾਰੀ ਲੈਂਦਾ ਹੈ। ਉਨ੍ਹਾਂ ਦੀ ਬਣਤਰ ਤੇ ਆਦਤਾਂ ਭਿੰਨ ਭਿੰਨ ਪ੍ਰਭਾਵ ਪਾਉਦੀਆਂ ਹਨ। ਫਲਾਂ-ਫੁੱਲਾਂ ਤੇ ਇਨ੍ਹਾਂ ਦੇ ਬੂਟਿਆਂ ਤੇ ਲਾਭਾਂ ਬਾਰੇ ਸਿਖਦਾ ਹੈ।

ਹੋਰ ਵੱਡਾ ਹੋ ਕੇ ਮਨਪ੍ਰਚਾਵੇ ਦੇ ਹੋਰ ਸਾਧਨ ਵੀ ਅਪਨਾਉਂਦਾ ਹੈ। ਜਿਵੇਂ ਛੋਟਾ, ਗਡੀਰਨਾਂ, ਛੋਟਾ ਸਾਈਕਲ ਚਲਾਉਣਾ, ਪਤੰਗ ਉਡਾਉਣਾ, ਮੇਲੇ ਤੇ ਵਿਆਹ ਦੇਖਣ ਜਾਣਾ। ਟੂਰਨਾਮੈਂਟ, ਛਿੰਝਾਂ ਤੇ ਤਮਾਸ਼ੇ ਦੇਖਣਾ, ਤੀਰ ਕਮਾਨ ਬਨਾਉਣੀ, ਪਸਤੌਲ ਤੇ ਹੋਰ ਹਥਿਆਰਾਂ ਬਾਰੇ ਜਾਣਕਾਰੀ ਵਿੱਚ ਦਿਲਚਸਪੀ ਰੱਖ ਲੈਂਦਾ ਹੈ। ਗੀਤਕਾਰ ਰਾਗੀ-ਢਾਡੀ ਤੇ ਕੀਰਤਨ ਆਦਿ ਸੰਗੀਤ ਭਰੇ ਮਨਪ੍ਰਚਾਵੇ ਪਸੰਦ ਕਰਦਾ ਹੈ। ਥੋੜਾ ਬਹਤੁ ਚਿਰ ਆਪਣੇ ਮਾਂ ਬਾਪ ਦੀ ਕੰਮ ਧੰਦੇ ਵਿੱਚ ਸਹਾਇਤਾ ਵੀ ਕਰਦਾ ਹੈ। ਬਜ਼ੁਰਗਾਂ ਵਾਲਾ ਕਿੱਤਾ ਅਪਨਾਉਣਾ ਸੌਖਾ ਸਮਝਦਾ ਹੈ।



**ਡਾ. ਨਵਪ੍ਰੀਤ ਕੌਰ**
ਸ. ਸ. ਮਿਸਟ੍ਰੈਸ
ਮੋਬਾ. 82839-59199

ਅੱਜ ਕੱਲ੍ਹ ਦੇ ਨਵੀਨ ਯੁਗ ਵਿੱਚ ਬੱਚਾ ਹੀ ਹਰ ਤਰ੍ਹਾਂ ਦੇ ਵਿਕਾਸ ਦਾ ਕੇਂਦਰ ਹੈ। ਹਰ ਮਾਂ-ਬਾਪ ਚਾਹੁੰਦਾ ਤੇ ਯਤਨ ਕਰਦਾ ਹੈ ਕਿ ਬੱਚੇ ਦੇ ਭਵਿੱਖ ਬਾਰੇ ਮਜਬੂਤੀ ਭਰਨ ਲਈ ਉਸ ਦੇ ਬਚਪਨ ਦੀ ਪਾਲਣਾ ਤੇ ਉਸਾਰੀ ਸੁੱਚਜੀ ਹੋਵੇ। ਇਸ ਬਾਰੇ ਵੱਡੀ ਜ਼ਿੰਮੇਵਾਰੀ ਮਾਂ-ਬਾਪ ਤੇ ਅਧਿਆਪਕ ਨੂੰ ਸੌਂਪ ਦਿੱਤੀ ਗਈ ਹੈ। ਤਿੰਨ ਸਾਲਾਂ ਦੀ ਉਮਰ ਤੋਂ ਹੀ ਉਸ ਦੀ ਨਰਸਰੀ ਤੇ ਫੇਰ ਪ੍ਰਾਇਮਰੀ ਸਿੱਖਿਆ ਆਰੰਭ ਹੁੰਦੀ ਹੈ। ਛੋਟੀ ਉਮਰ ਤੋਂ ਸਿੱਖਿਆ ਸ਼ੁਰੂ ਕਰਨ ਕਰਕੇ ਬੱਚੇ ਨਾਲ ਦੇ ਬੱਚਿਆਂ , ਕਿਤਾਬਾਂ, ਟੀ.ਵੀ., ਅਧਿਆਪਕਾਂ ਤੋਂ ਬੜਾ ਕੁੱਝ ਸਿੱਖਦਾ ਹੈ। ਉਸ ਨੂੰ ਸਹਾਇਕ ਸਮੱਗਰੀ ਵਸਤਾਂ ਦਿਖਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਉਹ ਦਿਲਚਸਪੀ ਨਾਲ ਅਤੇ ਸੌਖੀ ਤਰ੍ਹਾਂ ਸਿੱਖਿਆ ਪ੍ਰਾਪਤ ਕਰ ਲੈਂਦਾ ਹੈ। ਛੇਤੀ ਹੀ ਉਸ ਦੇ ਦਿਮਾਗ ਦਾ ਵਿਕਾਸ ਹੋ ਜਾਂਦਾ ਹੈ। ਬੱਚੇ ਨੂੰ ਪ੍ਰਦਰਸ਼ਨੀਆਂ, ਮੁਕਾਬਲੇ ਸਭਿਆਚਰਕ ਪ੍ਰੋਗਰਾਮ ਤੇ ਵਿੱਦਿਅਕ ਟੂਰ ਲਾਉਣ ਦੇ ਮੌਕੇ ਮਿਲ ਜਾਂਦੇ ਹਨ। ਸਕੂਲ ਵਿੱਚ ਫੀਸਾਂ ਮੁਆਫ, ਮੁਫਤ ਕਿਤਾਬਾਂ, ਵਜ਼ੀਫੇ ਤੇ ਦੁਪਹਿਰ ਦਾ ਭੋਜਨ ਆਦਿ ਸਹੂਲਤਾਂ ਉਪਲੱਬਧ ਹਨ। ਸਰੀਰਿਕ ਸਿੱਖਿਆ ਲਈ ਵੀ ਅਧਿਆਪਕ ਹੁੰਦਾ ਹੈ। ਜੋ ਸਰੀਰਿਕ ਕਿਰਿਆਵਾਂ ਕਰਾਉਂਦਾ ਹੈ। ਬਿਮਾਰਾਂ ਲਈ ਮੁਫਤ ਦਵਾਈ ਦਾ ਪ੍ਰਬੰਧ ਹੁੰਦਾ ਹੈ।

ਪਿਛਲੇ ਸਮਿਆਂ ਨਾਲੋਂ ਆਧੁਨਿਕ ਸਮੇਂ ਦਾ ਬੱਚਾ ਆਪਣੀ ਉਮਰ ਦੇ ਅਨੁਸਾਰ ਵੱਧ ਯੋਗਤਾ ਰੱਖਦਾ ਹੈ। ਹੁਣ ਚੰਗੇ ਮਾਂ-ਬਾਪ, ਸਮਾਜ ਤੇ ਸਰਕਾਰੀ ਸੁਵਿਧਾਵਾਂ ਮਿਲਣ ਕਰਕੇ ਬਚਪਨ ਇੱਕ ਸੁਨਹਿਰੀ ਸਮਾਂ ਬਣ ਗਿਆ ਹੈ। ਜੋ ਸਦਾ ਯਾਦ ਰਹਿੰਦਾ ਹੈ ਪਰ ਬਚਪਨ ਮੁੜ ਨਹੀਂ ਆਉਂਦਾ।

## ਮੋਬਾਈਲ ਵੈਨ ਦਾ ਕਾਦੀਆਂ ਹਲਕੇ 'ਚ ਪਹੁੰਚਣ 'ਤੇ ਸਵੀਪ ਨੋਡਲ ਇੰਚਾਰਜ ਵੱਲੋਂ ਸੁਆਗਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਲੋਕ ਸਭਾ ਚੋਣਾਂ-2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ ਵੱਲੋਂ ਪੂਰੇ ਪੰਜਾਬ ਭਰ ਦੇ ਵੋਟਰਾਂ ਨੂੰ ਈ ਵੀ ਐੱਮ ਅਤੇ ਵੀ ਵੀ ਪੇਟ ਸਬੰਧੀ ਜਾਗਰੂਕ ਕਰਨ ਲਈ ਮੋਬਾਇਲ ਵੈਨ ਚਲਾਈ ਗਈ ਹੈ। ਇਹ ਵੈਨ ਗੁਰਦਾਸਪੁਰ ਜ਼ਿਲ੍ਹੇ ਦੇ ਸਮੂਹ ਹਲਕਿਆਂ ਵਿੱਚ 31 ਦਸੰਬਰ ਤੱਕ ਚਲਾਈ ਜਾਣੀ ਹੈ। ਇਸ ਮੋਬਾਇਲ ਵੈਨ ਦਾ ਮੁੱਖ ਮੰਤਵ ਹਲਕੇ ਦੇ ਹਰ ਇਕ ਵੋਟਰ ਨੂੰ ਵੋਟਾਂ ਬਣਵਾਉਣ, ਵੋਟਾਂ ਵਿੱਚ ਸੁਧਾਈ ਕਰਨ ਅਤੇ ਵੋਟ ਪਾਉਣ ਸਬੰਧੀ ਜਾਗਰੂਕ ਕਰਨਾ ਹੈ। ਵੈਨ ਵਿੱਚ ਵੀਡੀਓ ਕਲਿੱਪ ਚਲਾ ਕੇ ਅਤੇ ਈ ਵੀ ਐੱਮ ਮਸ਼ੀਨ ਰਾਹੀਂ ਵੋਟ ਪਵਾ ਕੇ ਤੇ ਉਨ੍ਹਾਂ ਨੂੰ ਈ ਵੀ ਐੱਮ ਤੇ ਵੀ ਵੀ ਪੈਟ ਮਸ਼ੀਨ ਪ੍ਰਤੀ ਜਾਗਰੂਕ ਕਰਨਾ ਹੈ। ਇਹ ਮਸ਼ੀਨ ਭਾਰਤ ਦੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਇੱਕ ਵਰਦਾਨ ਹੈ। ਵਿਧਾਨ ਸਭਾ ਹਲਕਾ ਕਾਦੀਆਂ ਪਹੁੰਚਣ 'ਤੇ ਸਵੀਪ ਨੋਡਲ ਇੰਚਾਰਜ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਸੰਤੋਖ ਰਾਏ ਅਤੇ ਐਚ.ਐਮ.ਵੀ ਕਾਲਜ ਧਾਰੀਵਾਲ ਵਿਖੇ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਗੁਰਟੇਕ ਸਿੰਘ, ਅਮਨਦੀਪ ਸਿੰਘ ਸਸਸਸ ਦੋਸਤਪੁਰ ਹਾਜ਼ਰ ਸਨ।

# ਕੈਟਲ ਪਾਊਂਡ ਫਲਾਹੀ ਦੀ ਨੁਹਾਰ ਬਦਲਣ ਤੇ ਗਊਧਨ ਦੀ ਸੰਭਾਲ ਯੋਜਨਾਵਾਂ 'ਤੇ ਚੱਲ ਰਿਹਾ ਕੰਮ : ਜਿੰਪਾ

**ਹੁਸ਼ਿਆਰਪੁਰ, (ੳ ਪੀ ਰਾਣਾ)**

ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਸਮਾਜ ਸੇਵੀ ਸੇਠ ਰੋਹਤਾਸ਼ ਜੈਨ ਨਾਲ ਪਿੰਡ ਫਲਾਹੀ ਵਿਖੇ ਬਣੇ ਸਰਕਾਰੀ ਕੈਟਲ ਪਾਊਂਡ ਦਾ ਦੌਰਾ ਕੀਤਾ ਅਤੇ ਵਿਵਸਥਾ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਕੈਟਲ ਪਾਊਂਡ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਜਿਥੇ ਪੰਜਾਬ ਸਰਕਾਰ ਵਚਨਬੱਧ ਹੈ, ਉਥੇ ਦਾਨੀ ਸੱਜਣਾਂ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਇਥੇ ਦੀ ਹਰ ਜ਼ਰੂਰਤ ਨੂੰ ਪੂਰਾ ਕਰਨ ਲਈ ਦਾਨੀ ਸੱਜਣਾਂ ਨੇ ਹਰ ਸੰਭਵ ਯੋਗਦਾਨ ਦਿੱਤਾ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਅੱਗੇ ਵੀ ਇਸੇ ਤਰ੍ਹਾਂ ਨਾਲ ਇਹ ਕ੍ਰਮ ਜਾਰੀ ਰਹੇਗਾ। ਕੈਬਨਿਟ ਮੰਤਰੀ ਨੇ ਇਸ ਦੌਰਾਨ ਕੈਟਲ ਪਾਊਂਡ ਵਿਚ ਪੌਦਾ ਵੀ ਲਗਾਇਆ ਅਤੇ ਇਥੇ ਦੀਆਂ ਜ਼ਰੂਰਤਾਂ ਤੋਂ ਜਾਣੂ ਹੋਏ। ਉਨ੍ਹਾਂ ਕਿਹਾ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੈਟਲ ਪਾਊਂਡ ਦੀ ਨੁਹਾਰ ਬਦਲਣ ਲਈ ਅਤੇ ਇਥੇ ਆਉਣ ਵਾਲੇ ਗਊਧਨ ਦੀ ਸੰਭਾਲ ਲਈ ਕਈ ਯੋਜਨਾਵਾਂ 'ਤੇ ਕੰਮ ਚੱਲ ਰਿਹਾ ਅਤੇ ਭਵਿੱਖ ਵਿਚ ਇਸ ਦਿਸ਼ਾ ਵਿਚ ਸਾਰਥਕ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਾਡੇ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦਾ ਵਿਸ਼ਾ ਹੈ ਕਿ ਇਸ ਕੈਟਲ ਪਾਊਂਡ ਵਿਚ ਆਉਣ ਵਾਲਾ ਸਾਲਾਨਾ ਖਰਚ ਦਾਨੀ ਸੱਜਣਾਂ, ਸੰਸਥਾਵਾਂ, ਸੋਸਾਇਟੀਆਂ, ਐਨ.ਜੀ.ਓਜ਼ ਦੇ ਪੱਧਰ 'ਤੇ ਪੂਰਾ ਹੋ ਜਾਂਦਾ ਹੈ। ਇਸ ਦੌਰਾਨ ਉਨ੍ਹਾਂ ਪਿੰਡ ਦੇ ਪੰਚਾਇਤ ਮੈਂਬਰਾਂ ਅਤੇ ਹੋਰਨਾਂ ਤੋਂ ਕੈਟਲ ਪਾਊਂਡ ਨੂੰ ਹੋਰ ਵਧੀਆਂ ਤਰੀਕੇ ਨਾਲ ਸੰਚਾਲਨ ਸਬੰਧੀ ਸੁਝਾਅ ਵੀ ਮੰਗੇ। ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਪਸ਼ੂਆਂ ਦੀ ਟੈਗਿੰਗ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਫਲਾਹੀ ਸਥਿਤ ਇਸ ਸਰਕਾਰੀ ਕੈਟਲ ਪਾਊਂਡ ਵਿਚ ਬਿਮਾਰ ਅਤੇ ਜ਼ਖਮੀ ਪਸ਼ੂਆਂ ਨੂੰ ਪਹਿਲ ਦੇ ਆਧਾਰ 'ਤੇ ਲੈਂਦੇ ਹਨ। ਉਨ੍ਹਾਂ ਕਿਹਾ ਕਿ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਲੋਕਾਂ ਦੇ ਸਹਿਯੋਗ ਨਾਲ ਕੈਟਲ ਪਾਊਂਡ ਦਾ ਬਹੁਤ ਵਧੀਆ ਤਰੀਕੇ ਨਾਲ ਸੰਚਾਲਨ ਹੋ ਰਿਹਾ ਹੈ। ਇਸ ਦੌਰਾਨ ਉਨ੍ਹਾਂ ਨੇ ਸਮਾਜਿਕ ਸੰਸਥਾਵਾਂ ਅਤੇ ਦਾਨੀ ਸੱਜਣਾਂ ਵਲੋਂ ਕੈਟਲ ਪਾਊਂਡ ਨੂੰ ਦਿੱਤੇ ਜਾ ਰਹੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਪਸ਼ੂ ਪਾਲਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਆਪਣੇ ਪਸ਼ੂਆਂ ਨੂੰ ਸੜਕਾਂ 'ਤੇ ਲਾਵਾਰਿਸ ਨਾ ਛੱਡਣ, ਕਿਉਂਕਿ ਇਹ ਅਕਸਰ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ। ਇਸ ਦੌਰਾਨ ਨੋਡਲ ਅਫ਼ਸਰ ਸਰਕਾਰੀ ਕੈਟਲ ਪਾਊਂਡ ਫਲਾਹੀ ਡਾ. ਮਨਮੋਹਨ ਸਿੰਘ ਦਰਦੀ ਤੋਂ ਇਲਾਵਾ ਲਕਸ਼ਮੀ ਨਰਾਇਣ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।





**ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਏ ਗਏ ਚਾਹ ਅਤੇ ਮੱਠੀਆਂ ਦੇ ਲੰਗਰ ਮੌਕੇ ਸਰਪੰਚ ਪਰਵਿੰਦਰ ਸਿੰਘ, ਸੁਲੱਖਣ ਸਿੰਘ, ਜਸਪਾਲ ਸਿੰਘ, ਨਿਰਮਲ ਸਿੰਘ, ਅਮਰਜੀਤ ਸਿੰਘ, ਮੋਹਣ ਸਿੰਘ, ਸਰਵਣ ਸਿੰਘ, ਜਸਪ੍ਰੀਤ ਸਿੰਘ ਗਿੱਲ, ਪਵਨਦੀਪ ਸਿੰਘ।**
**(ਫੋਟੋ ਤੇ ਵੇਰਵਾ : ਬਹਿਰਾਮ ਅਵਤਾਰ ਕਲੇਰ)**



**ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਤੇ ਸਮੂਹ ਸਿੰਘਾਂ ਦੀ ਸ਼ਹਾਦਤ ਨੂੰ ਸਮਰਪਿਤ ਖੋਜਕੀਪੁਰ ਨੰਗਲ ਸਲਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਸਮੂਹ ਸੰਗਤ ਵਲੋਂ ਲਗਾਏ ਗਏ ਦੁੱਧ ਦੇ ਲੰਗਰ ਮੌਕੇ ਸੇਵਾ ਕਰਦੇ ਹੋਏ ਹੈੱਡ ਗ੍ਰੰਥੀ ਸਰਵਣ ਸਿੰਘ, ਸਰਬਜੀਤ ਸਿੰਘ, ਜਗਦੀਸ਼ ਸਿੰਘ ਖੋਜਕੀਪੁਰ, ਜਸਮਕਲ ਸਿੰਘ, ਗੁਰ ਕਰਨ ਸਿੰਘ, ਗੁਰਜੀਤ ਸਿੰਘ, ਬਲਵੰਤ ਸਿੰਘ, ਰਾਵਿੰਦਰ ਸਿੰਘ ਲਾਲੀ, ਅਵਤਾਰ ਸਿੰਘ, ਪਰਮਿੰਦਰ ਸਿੰਘ ਆਦਿ। (ਫੋਟੋ ਤੇ ਵੇਰਵਾ : ਪਰਮਜੀਤ ਸਿੰਘ ਆਦਮਪੁਰ)**

## ਰੈਡ ਕਰਾਸ ਨੇ ਬੇਸਹਾਰਾ ਲੋਕਾਂ ਨੂੰ ਵੰਡੇ ਕੰਬਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਘਨਸ਼ਾਮ ਥੋਰੀ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਹੱਡ ਚੀਰਵੀਂ ਠੰਢ ਨੂੰ ਵੇਖਦੇ ਹੋਏ ਗੁਰੂ ਨਾਨਕ ਦੇਵ ਹਸਪਤਾਲ ਦੇ ਬਾਹਰ ਬੇਸਹਾਰਾ ਗਰੀਬ, ਲੇਬਰ ਅਤੇ ਔਰਤਾਂ ਨੂੰ 80 ਕੰਬਲਾਂ ਦੀ ਵੰਡ ਕੀਤੀ ਗਈ। ਇਸ ਤੋਂ ਇਲਾਵਾ ਬੇਬੇ ਨਾਨਕੀ (ਬੱਚਾ ਵਾਰਡ) ਗੁਰੂ ਨਾਨਕ ਦੇਵ ਹਸਪਤਾਲ ਵਿਖੇ ਔਰਤਾਂ ਨੂੰ 82 ਹਾਈਜੀਨਿਕ ਕਿੱਟਾਂ ਦੀ ਵੰਡ ਕੀਤੀ ਗਈ। ਇਸ ਮੌਕੇ ਅਸੀਸਇੰਦਰ ਸਿੰਘ, ਕਾਰਜਕਾਰੀ ਸਕੱਤਰ, ਰੈਡ ਕਰਾਸ ਸੋਸਾਇਟੀ ਅਤੇ ਸਮੂਹ ਰੈਡ ਕਰਾਸ ਸਟਾਫ ਮੌਜੂਦ ਸਨ। ਰੈਡ ਕਰਾਸ ਵਲੋਂ ਅੰਗਹੀਣ ਵਿਅਕਤੀਆਂ ਨੂੰ ਮੁਫ਼ਤ ਟਰਾਈਸਾਈਕਲ, ਵਹੀਲ ਚੇਅਰ, ਕੰਨਾਂ ਦੀਆਂ ਮਸ਼ੀਨਾਂ, ਭੋੜੀਆਂ, ਨਕਲੀ ਅੰਗ, ਵਿਧਵਾ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਸਕੱਤਰ, ਰੈਡ ਕਰਾਸ ਸੁਸਾਇਟੀ ਅੰਮ੍ਰਿਤਸਰ ਵਲੋਂ ਆਮ ਪਬਲਿਕ ਨੂੰ ਅਪੀਲ ਕੀਤੀ ਗਈ ਹੈ ਕਿ ਲੋਕ ਭਲਾਈ ਦੇ ਕੰਮਾਂ ਨੂੰ ਜਾਰੀ ਰੱਖਣ ਲਈ ਰੈਡ ਕਰਾਸ ਦੇ ਵੱਧ ਤੋਂ ਵੱਧ ਮੈਂਬਰ ਬਣ ਕੇ ਇਸ ਭਲਾਈ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਣ।

# ਭਾਮ ਵਿਖੇ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਆਰੰਭ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਭਾਮ ਵਿਖੇ ਨੌਜਵਾਨ ਸਪੋਰਟਸ ਕਲੱਬ ਭਾਮ, ਐਨ ਆਰ ਆਈ ਵੀਰ, ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ ਅਤੇ ਇਲਾਕੇ ਦੇ ਸਹਿਯੋਗ ਨਾਲ ਸਰਦਾਰ ਸੁਰਿੰਦਰ ਸਿੰਘ ਸੋਢੀ ਪਿੰਡ ਪੱਧਰ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 28 ਦਸੰਬਰ ਤੋਂ 03 ਜਨਵਰੀ ਤੱਕ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ ਜਸਵਿੰਦਰ ਸਿੰਘ ਅਮਰੀਕਾ, ਜਥੇਦਾਰ ਹਰੀ ਸਿੰਘ ਜਸਵਾਲ, ਸਰਪੰਚ ਪਰਮਿੰਦਰ ਸਿੰਘ ਜਸਵਾਲ ਅਤੇ ਸਮੂਹ ਕਲੱਬ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਪਿੰਡ ਪੱਧਰ ਉਪਨ ਦੀਆਂ 36 ਟੀਮਾਂ ਹਿੱਸਾ ਲੈ ਰਹੀਆਂ ਹਨ। ਉਦਘਾਟਨੀ ਮੈਚ ਭੁੰਗਰਨੀ ਅਤੇ ਹਕੂਤਪੁਰ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਪਿੰਡ ਭੁੰਗਰਨੀ ਦੀ ਟੀਮ ਜੇਤੂ ਰਹੀ। 03 ਜਨਵਰੀ ਨੂੰ ਫਾਈਨਲ ਮੈਚ ਕਰਵਾਏ ਜਾਣਗੇ। ਮੁੱਖ ਮਹਿਮਾਨ ਜਸਵਿੰਦਰ ਸਿੰਘ ਅਮਰੀਕਾ, ਜਥੇਦਾਰ ਹਰੀ ਸਿੰਘ ਜਸਵਾਲ, ਸਰਪੰਚ ਪਰਮਿੰਦਰ ਸਿੰਘ ਜਸਵਾਲ ਅਤੇ ਸਮੂਹ ਪੱਤਵੰਤੇ ਸੱਜਣ ਜੇਤੂ ਅਤੇ ਉਪ ਜੇਤਆਂ ਨੂੰ ਇਨਾਮਾਂ ਦੀ ਵੰਡ ਕਰਨਗੇ। ਹਰਵਿੰਦਰ ਸਿੰਘ ਨੋਨਾ ਅਮਰੀਕਾ ਨੇ ਆਪਣੇ ਪਿਤਾ ਮਾਸਟਰ ਰਾਮ ਰਤਨ ਦੀ ਯਾਦ ਵਿੱਚ ਪਹਿਲਾ ਇਨਾਮ 41 ਹਜਾਰ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪ੍ਰਧਾਨ ਗੁਰਦੀਪ ਸਿੰਘ ਥਾਪਾ, ਸੁਲੀਨ ਕੁਮਾਰ ਮੀਤ ਪ੍ਰਧਾਨ, ਸਰਪੰਚ ਪਰਮਿੰਦਰ ਸਿੰਘ ਜਸਵਾਲ ਖਜਾਨਚੀ, ਮਾਸਟਰ ਜਸਵਿੰਦਰ ਸਿੰਘ ਜਸਵਾਲ ਸਕੱਤਰੀ, ਰਜਿੰਦਰ ਸਿੰਘ ਫੌਜੀ, ਅੱਛਰਜੀਤ ਸਿੰਘ ਠੱਕਰਵਾਲ, ਮਹਿੰਦਰ ਸਿੰਘ ਪੰਚ, ਦਲਜੀਤ ਸਿੰਘ ਨੀਟਾ ਪ੍ਰੈਸ ਸਕੱਤਰ, ਪ੍ਰਿੰਸੀਪਲ ਸਰਵਣ ਸਿੰਘ, ਬਲਵੀਰ ਸਿੰਘ ਧੋਲਪੁਰ, ਸੁਖਵਿੰਦਰ ਸਿੰਘ ਨੀਟਾ, ਪ੍ਰਦੀਪ ਰਾਜਾ, ਦਲਵੀਰ ਸਿੰਘ, ਸਤਪਾਲ ਸਿੰਘ ਬਿੱਟੂ ਭਾਮ, ਗੁਰਜਿੰਦਰ ਸਿੰਘ ਗੋਗੀ, ਜਸਵਿੰਦਰ ਸਿੰਘ ਕੱਕੂ ਅਮਰੀਕਾ, ਭੀਸਮ ਅਮਰੀਕਾ, ਸਤਨਾਮ ਸਿੰਘ ਇਟਲੀ, ਹਨੀ, ਬਿੰਦੂ, ਮਨਜੋਤ, ਚੰਨਾ, ਪਾਲੀ, ਲੱਡੂ, ਗਗਨ, ਗੁਰਪ੍ਰੀਤ ਸਿੰਘ ਗੋਪੀ ਅਮਰੀਕਾ, ਅਬਾਦ ਅਲੀ ਅਮਰੀਕਾ, ਪੰਡਤ ਤਰਸੇਮ, ਮੰਗਲ ਭਾਮ, ਕੁਲਵੀਰ ਸਿੰਘ ਬੱਬੂ ਇੰਗਲੈਂਡ, ਰਿੱਕੂ ਇਟਲੀ, ਕੁਲਦੀਪ ਸਿੰਘ ਅਮਰੀਕਾ, ਕਾਲਾ ਇੰਗਲੈਂਡ, ਦੀਪਾ ਇੰਗਲੈਂਡ ਆਦਿ ਹਾਜ਼ਰ ਸਨ।



## ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਰੂਹਾਨੀ ਕੀਰਤਨ ਦਰਬਾਰ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)**

ਬੀ.ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਜ਼ਲਾ ਜਲੰਧਰ ਵਿਖੇ ਸੰਤ ਬਾਬਾ ਨਾਹਰ ਸਿੰਘ ਅਤੇ ਸੰਤ ਬਾਬਾ ਕਪੂਰ ਸਿੰਘ ਦੀ ਅਗਵਾਈ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ, ਚਾਰ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦ ਸਿੰਘਾਂ ਸਿੰਘਣੀਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਰੂਹਾਨੀ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ। ਵਿਸ਼ੇਸ਼ ਅਸੈਂਬਲੀ ਵਿਜਡਮ ਹਾਊਸ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਕਰਵਾਈ ਗਈ, ਜਿਸ ਵਿੱਚ ਸਕੂਲ ਮੈਨੇਜਮੈਂਟ, ਵਿਦਿਆਰਥੀ ,ਅਧਿਆਪਕ ਸਿਰ 'ਤੇ ਕੇਸਰੀ ਰੰਗ ਦੇ ਦੁਪੱਟੇ, ਰੁਮਾਲ, ਦਸਤਾਰ ਸਜਾ ਕੇ ਸ਼ਾਮਿਲ ਹੋਏ। ਸਕੂਲ ਦੇ ਅਧਿਆਪਕ ਅਮਨਦੀਪ ਸਿੰਘ ਅਤੇ ਮੈਡਮ ਤੀਰਥ ਕੌਰ ਵੱਲੋਂ ਚਾਰ ਸਾਹਿਬਜ਼ਾਦਿਆਂ ਜੀ ਦੀ ਬਹਾਦਰੀ ਅਤੇ ਬਲਿਦਾਨ ਦੀ ਦਾਸਤਾਨ ਬੱਚਿਆਂ ਨਾਲ ਸਾਂਝੀ ਕੀਤੀ ਗਈ। ਵਿਦਿਆਰਥੀਆਂ ਵੱਲੋਂ ਰੂਹਾਨੀ ਸ਼ਬਦ ਰਾਹੀਂ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਮੈਨੇਜਮੈਂਟ ਅਤੇ ਪ੍ਰਿੰਸੀਪਲ ਸ੍ਰੀਮਤੀ ਨੀਤੀਮਾ ਨੇ ਵਿਦਿਆਰਥੀਆਂ ਨੂੰ ਚਾਰ ਸਾਹਿਬਜ਼ਾਦਿਆਂ ਜੀ ਦੇ ਜੀਵਨ ਤੋਂ ਸਿੱਖਿਆ ਲੈਣ ਲਈ ਅਤੇ ਉਨਾਂ ਦੇ ਗੁਣਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਲਈ ਪ੍ਰੇਰਨਾ ਦਿੱਤੀ।

## ਸੰਧਵਾਂ ਵੱਲੋਂ ਗੁਰਬਚਨ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਗੁਰਬਚਨ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇੱਥੋਂ ਜਾਰੀ ਬਿਆਨ ਵਿੱਚ ਵਿਧਾਨ ਸਭਾ ਸਪੀਕਰ ਨੇ ਕਿਹਾ ਕਿ ਦੇਸ਼ ਪੰਜਾਬ ਦੇ ਸਾਬਕਾ ਸੰਪਾਦਕ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਹਰ ਸਾਹ ਸਮਰਪਿਤ ਕਰਨ ਵਾਲੀ ਮਹਾਨ ਸ਼ਖ਼ਸੀਅਤ ਸਰਦਾਰ ਗੁਰਬਚਨ ਸਿੰਘ ਜੀ ਬੇਸ਼ੱਕ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਹਮੇਸ਼ਾ ਲੋਕਾਂ ਲਈ ਰਾਹ-ਦਸੇਰਾ ਬਣੀਆਂ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਉਹ ਹਮੇਸ਼ਾ ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਰਹੇ।ਸਪੀਕਰ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ।

## ਸ਼ਹੀਦਾਂ ਦੀ ਯਾਦ 'ਚ ਲੰਗਰ ਲਗਾਇਆ



**ਫਿਲੌਰ (ਨਿਰਮਲ)** - ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ ਅਤੇ ਹੋਰਨਾਂ ਸ਼ਹੀਦਾਂ ਦੀ ਯਾਦ ਵਿੱਚ ਪਿੰਡ ਮੋਤੀਪੁਰ ਖਾਲਸਾ, ਗੰਨਾ ਪਿੰਡ, ਦਸਮੇਸ਼ ਨਗਰ ਦੀਆਂ ਪੰਚਾਇਤਾਂ ਅਤੇ ਸਮੂਹ ਸੰਗਤਾਂ ਵੱਲੋਂ ਲੰਗਰ ਲਗਾਇਆ ਗਿਆ। ਲਖਵਿੰਦਰ ਸਿੰਘ ਮੋਤੀਪੁਰ ਅਤੇ ਜਰਨੈਲ ਸਿੰਘ ਮੋਤੀਪੁਰ ਨੇ ਦੱਸਿਆ ਕਿ ਦਸਮੇਸ਼ ਪਿਤਾ ਨੇ ਸਰਬੱਤ ਦੇ ਭਲੇ ਲਈ ਆਪਣਾ ਪੂਰਾ ਪਰਵਾਰ ਵਾਰ ਦਿੱਤਾ। ਜਿਨ੍ਹਾਂ ਦੀ ਲਾਸਾਨੀ ਕੁਰਬਾਨੀ ਦੇ ਸਦਕੇ ਅਸੀਂ ਵਧੀਆ ਜੀਵਨ ਬਸਰ ਕਰ ਰਹੇ ਹਾਂ। ਸਾਨੂੰ ਸਭਨਾਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ।

## ਅਰੋੜਾ ਮਹਾਂ ਸਭਾ ਦੇ ਪ੍ਰਵੀਨ ਗਰੋਵਰ ਪ੍ਰਧਾਨ ਤੇ ਜਸਪਾਲ ਸਿੰਘ ਮਿਗਲਾਨੀ ਸਕੱਤਰ ਬਣੇ

**ਸ਼ਾਹਕੋਟ (ਗਿਆਨ ਸੈਦਪੁਰੀ)**

ਅਰੋੜਾ ਮਹਾਂ ਸਭਾ ਸ਼ਾਹਕੋਟ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਿਸ਼ੀ ਅਰੋੜਾ, ਸਕੱਤਰ ਐਡਵੋਕੇਟ ਰੋਹਿਤ ਗੰਭੀਰ ਅਤੇ ਅਨੁਸਾਸ਼ਨੀ ਕਮੇਟੀ ਪੰਜਾਬ ਦੇ ਚੇਅਰਮੈਨ ਕਰਨਲ ਰਾਮ ਲਾਲ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਰਬਸੰਮਤੀ ਨਾਲ ਪ੍ਰਵੀਨ ਗਰੋਵਰ ਨੂੰ ਪ੍ਰਧਾਨ ਅਤੇ ਜਸਪਾਲ ਸਿੰਘ ਮਿਗਲਾਨੀ ਨੂੰ ਜਨਰਲ ਸਕੱਤਰ ਚੁਣਿਆ ਗਿਆ। ਮੀਟਿੰਗ ਵਿਚ ਵੱਡੀ ਗਿਣਤੀ 'ਚ ਸਭਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਹਿੱਸਾ ਲਿਆ। ਜ਼ਿਲ੍ਹਾ ਪ੍ਰਧਾਨ ਰਿਸੀ ਅਰੋੜਾ ਨੇ ਕਿਹਾ ਕਿ ਅਰੋੜਾ ਮਹਾਂ ਸਭਾ ਸ਼ਾਹਕੋਟ ਦੇ ਬਾਕੀ ਕਾਰਜਕਾਰਨੀ ਕਮੇਟੀ ਦਾ ਗਠਨ ਕਰਨ ਦੇ ਸਾਰੇ ਅਧਿਕਾਰ ਪ੍ਰਧਾਨ ਪ੍ਰਵੀਨ ਗਰੋਵਰ ਨੂੰ ਦਿੱਤੇ ਗਏ ਹਨ ਤੇ ਉਹ 45 ਦਿਨਾਂ ਵਿਚ ਨਵੀਂ ਕਮੇਟੀ ਬਣਾ ਕੇ ਹਾਈਕਮਾਂਡ ਨੂੰ ਸੂਚਿਤ ਕਰਨਗੇ। ਇਸ ਮੌਕੇ ਨਵੇਂ ਚੁਣੇ ਪ੍ਰਧਾਨ ਪ੍ਰਵੀਨ ਗਰੋਵਰ ਤੇ ਜਨਰਲ ਸਕੱਤਰ ਜਸਪਾਲ ਸਿੰਘ ਮਿਗਲਾਨੀ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦਾ ਯਤਨ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਖ ਰਾਜ, ਵਿਪਨ ਗਰੋਵਰ, ਵਿਕਾਸ ਪਸਰੀਚਾ, ਪ੍ਰਿਤਪਾਲ, ਰਵੀ ਕੁਮਾਰ, ਰਾਜਾ ਗੁਸਾਈਂ ,ਅਵਿਨਾਸ਼ ਅਰੋੜਾ, ਸੁਰਿੰਦਰ ਅਰੋੜਾ, ਕੁਲਦੀਪ ਸਚਦੇਵਾ, ਰਾਜੇਸ਼ ਜੁਨੇਜਾ, ਮਨੋਜ ਅਰੋੜਾ, ਅਨਿਲ ਕੁਮਾਰ ਬੌਬੀ, ਸੁਰਿੰਦਰ ਸਿੰਘ ਕਾਲਾ, ਮਨਜੀਤ ਸਿੰਘ ਸੈਦਪੁਰ, ਮਨਪ੍ਰੀਤ ਸਿੰਘ ਦੀਪਕ, ਪਾਲ ਸਿੰਘ ਬਿਜਲੀ ਵਾਲੇ, ਤਜਿੰਦਰ ਸਿੰਘ ਖਾਲਸਾ, ਜਸਬੀਰ ਸਿੰਘ, ਹਰਜੀਤ ਸਿੰਘ, ਨਰਿੰਦਰ ਪਾਲ ਸਿੰਘ ਪੋਪਲੀ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ ਪੈਟੀ, ਬਿਕਰਮਜੀਤ ਸਿੰਘ ਸੁਖੀਜਾ, ਗੁਰਚਰਨ ਸਿੰਘ ਵਿੱਕੀ, ਹਰਜੀਤ ਸਿੰਘ ਜੁਗਨੂੰ, ਅੰਮ੍ਰਿਤਪਾਲ ਸਿੰਘ, ਮਾਸਟਰ ਪ੍ਰਭਜੀਤ ਸਿੰਘ, ਰਾਜੂ ਅਰੋੜਾ, ਰਾਕੇਸ਼ ਕੁਮਾਰ, ਸਤੀਸ਼ ਕੁਮਾਰ, ਪਾਰਸ ਕੁਮਰਾ, ਅਮਰਪਾਲ ਸਿੰਘ, ਸਨੀ ਅਰੋੜਾ ਆਦਿ ਹਾਜ਼ਰ ਸਨ।



# ਟਾਪਸ ਹਾਊਸ ਨੇ ਏ ਜੀ ਆਈ ਫੁਟਸਲ ਟੂਰਨਾਮੈਂਟ ਜਿੱਤਿਆ



**ਜਲੰਧਰ (ਰਾਜੇਸ਼ ਥਾਪਾ)**

ਸਰਦੀ ਦੇ ਮੌਸਮ ਵਿੱਚ ਵੀ ਦਮ ਖਮ ਦਿਖਾਂਦੀ ਹੋਈ ਟੋਪਾਜ ਹਾਊਸ ਫੁਟਸਲ ਟੀਮ ਨੇ ਸਕੂਲ ਦੇ ਖੇਡ ਮੈਦਾਨ ਵਿੱਚ ਹੋਏ ਐਜੀ ਗਲੋਬਲ ਸਕੂਲ ਫੁਟਸਲ ਟੂਰਨਾਮੈਂਟ ਵਿੱਚ ਬਹੁਤ ਸ਼ਾਨਦਾਰ ਖੇਡ ਦੇ ਨਾਲ ਬਰਾਬਰ ਦੀ ਮਜਬੂਤ ਰੂਬੀ ਹਾਊਸ ਦੀ ਟੀਮ ਨੂੰ 5-4 ਦੇ ਬਹੁਤ ਹੀ ਘੱਟ ਫਰਕ ਨਾਲ ਹਰਾ ਦਿੱਤਾ। ਟੋਪਾਜ ਹਾਊਸ ਦੇ ਪਤਲੇ ਲੰਬੇ ਖਿਡਾਰੀ ਅਰਮਾਨ ਨੇ ਮੈਚ ਦੇ ਦੂਜੇ ਮਿੰਟ ਵਿੱਚ ਪਹਿਲਾ, ਛੇਵੇਂ ਮਿੰਟ ਵਿੱਚ ਦੂਜਾ ਅਤੇ ਦੂਜੇ ਹਾਫ ਦੇ ਪੰਜਵੇਂ ਮਿੰਟ ਵਿੱਚ ਤੀਜਾ ਗੋਲ ਕੀਤਾ। ਬਾਕੀ ਦੋ ਗੋਲ ਦੂਜੇ ਹਾਫ ਦੇ 4ਵੇਂ ਅਤੇ 10ਵੇਂ ਮਿੰਟ ਵਿੱਚ ਗਰਚਾ ਨੇ ਕੀਤੇ। ਬਰਾਬਰ ਦੀ ਮਜਬੂਤ ਹਾਰਨ ਵਾਲੀ ਰੂਬੀ ਹਾਊਸ ਫੁਟਸਲ ਦੀ ਟੀਮ ਵੱਲੋਂ ਗੁਰਸਹਿਜ ਨੇ ਪਹਿਲੇ ਹਾਫ ਦੇ ਸੱਤਵੇਂ ਮਿੰਟ ਵਿੱਚ ਪਹਿਲਾ ਅਤੇ ਦੂਜੇ ਹਾਫ ਦੇ ਦਸਵੇਂ ਮਿੰਟ ਵਿੱਚ ਦੂਜਾ ਗੋਲ ਕੀਤਾ। ਰੂਬੀ ਹਾਊਸ ਦੇ ਰਮਨ ਨੇ ਪਹਿਲੇ ਹਾਫ ਦੇ 11ਵੇਂ ਮਿੰਟ ਅਤੇ ਦੂਜੇ ਹਾਫ ਦੇ ਤੀਸਰੇ ਮਿੰਟ 'ਚ ਨੰਨਿਧ ਸਿੰਘ ਨੇ ਗੋਲ ਕੀਤੇ। ਇਸ ਮੌਕੇ 'ਤੇ ਮੌਜੂਦ ਏਜੀ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਭਾਂਬਰੀ ਨੇ ਇਸ ਫੁਟਸਲ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੀ ਪ੍ਰਤੀਯੋਗੀ ਭਾਵਨਾ ਅਤੇ ਦਿਲਚਸਪੀ ਦੀ ਭਰਪੂਰ ਸ਼ਲਾਘਾ ਕੀਤੀ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਨੇ ਏਜੀਆਈ ਸਪੋਰਟਸ ਇੰਸਟੀਟਿਊਟ ਆਫ ਇੰਡੀਆ ਦੇ ਸਹਿਯੋਗ ਨਾਲ ਸਕੂਲ ਵਿੱਚ ਫੁੱਟਬਾਲ ਅਕੈਡਮੀ ਖੋਲ੍ਹਣ ਦਾ ਐਲਾਨ ਵੀ ਕੀਤਾ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਐਨ ਐਸ ਐਸ ਦਾ ਵਿਸ਼ੇਸ਼ ਕੈਂਪ




**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਿੰਡ ਜੌਹਲਾਂ ਵਿਖੇ ਇੱਕ ਵਿਸ਼ੇਸ਼ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਲਗਾਇਆ।ਕੈਂਪ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕੀਤੀ ਅਤੇ ਕੈਂਪਰਾਂ ਨੂੰ ਅਨੁਸ਼ਾਸਨ ਨਾਲ ਕੈਂਪ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਕੈਂਪ ਨੌਜਵਾਨਾਂ ਲਈ ਬਹੁਤ ਜ਼ਰੂਰੀ ਹਨ ਕਿਉਂਕਿ ਉਨ੍ਹਾਂ ਨੂੰ ਟੀਮ ਵਰਕ, ਅਨੁਸ਼ਾਸਨ, ਰਾਸ਼ਟਰੀ ਅਖੰਡਤਾ, ਸਵੈ-ਸੰਭਾਲ ਅਤੇ ਸਫਾਈ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ । ਇਸ ਸਾਲ ਕੈਂਪ ਦਾ ਵਿਸ਼ਾ ਸਵੱਛਤਾ ਅਤੇ ਸਵੈ ਵਿਕਾਸ ਹੈ। ਚੀਫ ਪ੍ਰੋਗਰਾਮ ਅਫ਼ਸਰ ਪ੍ਰੋ: ਸਤਪਾਲ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਜਨਤਕ ਥਾਵਾਂ ਤੇ ਸਾਫ਼-ਸਫ਼ਾਈ, ਜਾਗਰੂਕਤਾ ਰੈਲੀਆਂ, ਸੁੱਕੇ ਅਤੇ ਗਿੱਲੇ ਕੂੜੇ ਤੋਂ ਕੰਪੋਸਟ ਪਿਟ ਬਣਾਉਣ, ਬੋਲੀਨਾ ਦੁਆਬਾ ਵਿਖੇ ਕੂੜਾ ਟਰੀਟਮੈਂਟ ਪਲਾਂਟ ਵਿਖੇ ਇੰਟਰਲਾਕ ਟਾਈਲਾਂ ਲਗਾਉਣ ਅਤੇ ਬੂਟੇ ਲਗਾਉਣ ਵਰਗੀਆਂ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਮਾਹਿਰਾਂ ਵੱਲੋਂ ਸੁਰੱਖਿਆ, ਧਿਆਨ, ਕਰੀਅਰ ਵਿਕਾਸ, ਮਨੁੱਖੀ ਅਧਿਕਾਰਾਂ ਅਤੇ ਕਦਰਾਂ-ਕੀਮਤਾਂ ਬਾਰੇ ਲੈਕਚਰ ਦਿੱਤੇ ਜਾ ਰਹੇ ਹਨ। ਕੈਂਪ ਦੇ ਚੌਥੇ ਦਿਨ, ਪੰਜਾਬ ਆਰਮਡ ਪੁਲਸ ਦੇ ਬੰਬ ਖੋਜ ਅਤੇ ਡਿਸਪੋਜ਼ਲ ਸਕੁਐਡ ਨੇ ਨਾਗਰਿਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਖਤਰੇ ਦੀ ਸਥਿਤੀ ਵਿੱਚ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ, ਬਾਰੇ ਇੱਕ ਪ੍ਰਦਰਸ਼ਨੀ ਲਗਾਈ। ਏ ਐਸ ਆਈ ਰਵਿੰਦਰ ਸਿੰਘ ਨੇ ਆਪਣੀ ਟੀਮ ਨਾਲ ਅੱਤਵਾਦ ਫੈਲਣ ਦੇ ਕਾਰਨਾਂ ਬਾਰੇ ਦੱਸਦਿਆਂ ਨੌਜਵਾਨ ਨੂੰ ਅਜਿਹੇ ਦੇਸ਼ ਵਿਰੋਧੀ ਅਨਸਰਾਂ ਨੂੰ ਪਛਾਣ ਕੇ ਉਨ੍ਹਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਅਕਾਦਮਿਕ ਸੈਸ਼ਨ ਵਿੱਚ, ਐਨਜੀਓ ਹਾਰਟਫੁੱਲਨੇਸ ਤੋਂ ਅਮਰਜੀਤ ਸਿੰਘ, ਸ਼੍ਰੀਮਤੀ ਸਵਰਚਾ ਮਹਿਰਾ ਨੇ ਇੱਕ ਪ੍ਰੈਕਟੀਕਲ ਮੈਡੀਟੇਸ਼ਨ ਟ੍ਰਾਂਸਮਿਸ਼ਨ ਵਿਦ ਰਿਲੈਕਸੇਸ਼ਨ ਸੰਬੰਧੀ ਗਤੀਵਿਧੀ ਕਰਵਾਈ। ਸਮਾਗਮ ਦੌਰਾਨ ਐਨ.ਐਸ.ਐਸ. ਐਲ.ਕੇ.ਸੀ. ਯੂਨਿਟ ਦੀ ਟੀ-ਸ਼ਰਟ ਵੀ ਲਾਂਚ ਕੀਤੀ ਗਈ।

# ਨਸ਼ੀਲੇ ਪਦਾਰਥ ਸਮੇਤ ਕਾਬੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿ ਏ ਐਸ ਆਈ ਸਤਨਾਮ ਸਿੰਘ ਸਮੇਤ ਸਾਥੀ ਕਰਮਚਾਰੀਆਂ ਨਾਲ ਗਸ਼ਤ ਕਰਨ ਲਈ ਅੱਡਾ ਮੇਹਟੀਆਣਾ ਤੋਂ ਨਹਿਰੇ ਨਹਿਰ ਭੁੰਗਰਨੀ ਸਾਈਡ ਨੂੰ ਜਾ ਰਹੇ ਸੀ ਤਾਂ ਸਾਹਮਣੇ ਤੋਂ ਇੱਕ ਮੋਨਾ ਨੌਜਵਾਨ ਆਉਦਾ ਦਿਖਾਈ ਦਿੱਤਾ ਜਿਸ ਨੂੰ ਏ ਐਸ ਆਈ ਨੇ ਸ਼ੱਕ ਦੀ ਬਿਨਾਹ 'ਤੇ ਕਾਬੂ ਕਰਕੇ ਨਾਂਅ ਤੇ ਪਤਾ ਪੁੱਛਿਆ । ਜਿਸ ਨੇ ਆਪਣਾ ਨਾਂਅ ਹਰਵਿੰਦਰ ਲਾਲ ਪੁੱਤਰ ਸ਼ੰਕਰ ਦਾਸ ਵਾਸੀ ਹੇੜੀਆ ਦੱਸਿਆ, ਜਿਸ ਦੇ ਲੋਅਰ ਪਜਾਮੇ ਦੀ ਤਲਾਸ਼ੀ ਕੀਤੀ ਜਿਸ ਵਿੱਚੋ ਇੱਕ ਮੋਮੀ ਲਿਫਾਫਾ ਵਜਨਦਾਰ ਮਿਲਿਆ ਜਿਸ ਨੂੰ ਚੈਕ ਕਰਨ 'ਤੇ 80 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ। ਉਸ ਵਿਰੁੱਧ 22-61-85 ਐਨ ਡੀ ਪੀ ਐਸ ਐਕਟ ਮੁਕੱਦਮਾ ਨੰ 28 ਰਜਿਸਟਰ ਕੀਤਾ ਗਿਆ ਹੈ।